ISSN: 2277-9930

ਮੁੱਲ: 50/-

67

ਅਕਤੂਬਰ-ਦਸੰਬਰ 2020

# ਪ੍ਰਤਿਮਾਨ



## ਕੁੜੀ

ਮੈਂ ਵੀ
ਕੁੜੀਆਂ ਵਰਗੀ ਕੁੜੀ ਹਾਂ

ਸੁਪਨੇ ਮੈਂ ਵੀ ਦੇਖਦੀ ਹਾਂ
ਮੁਹੱਬਤ ਮੈਨੂੰ ਵੀ ਹੁੰਦੀ ਹੈ

ਬੇਗਰਜ਼ੇ ਲੋਕਾਂ ਵਿੱਚ
ਮੈਂ ਵੀ ਵਿਚਰਦੀ ਹਾਂ

ਧੋਖਾ ਮੈਨੂੰ ਵੀ ਮਿਲਦਾ ਹੈ
ਖੁੱਲ ਕੇ ਹੱਸਣਾ ਮੈਨੂੰ ਵੀ ਮਨਾ ਹੈ


ਸੱਚ ਬੋਲਣ ਤੇ
ਮੈਨੂੰ ਵੀ ਪਾਬੰਦੀ ਹੈ !!

ਪਰ
ਮੈਂ ਰੋਂਦੀ ਨਹੀਂ
ਗਿਲਾ ਨਹੀਂ ਕਰਦੀ

ਕਿਸੇ ਤੋਂ ਆਪਣਾ
ਹੱਕ ਨਹੀਂ ਮੰਗਦੀ
ਸਗੋਂ
ਆਪਣੇ ਆਪ ਨੂੰ
ਹੱਕ ਦਿੰਦੀ ਹਾਂ !!

ਬੇਸ਼ੱਕ
ਦੁਨੀਆ ਦੀ ਭੀੜ ਤੋਂ
ਕਿਧਰੇ ਲੁੱਕ ਜਾਂਦੀ ਹਾਂ
ਪਰ
ਆਪਣੇ ਅੰਦਰ ਡੁੱਬ ਕੇ
ਆਪੇ ਨੂੰ ਭਾਲ ਲੈਂਦੀ ਹਾਂ

ਤੂੰ
ਆਪਣੇ ਮਰਦ ਹੋਣ ਤੇ
ਬਹੁਤਾ ਗਰੂਰ ਨਾ ਕਰਿਆ ਕਰ
ਮੈਂ
ਵੀ ਹੁਣ ਆਪਣੇ ਹਿੱਸੇ ਦੀ
ਅਜ਼ਾਦੀ ਨੂੰ ਰੱਜ ਕੇ ਮਾਣਦੀ ਹਾਂ !!



## ਬਦਲਾਅ

ਦੂਰ ਖੜ੍ਹੀ ਦੇਖਦੀ ਹਾਂ
ਕਿਵੇਂ
ਤੇਜ਼ ਹਵਾ ਦਾ ਬੁੱਲਾ
ਆਪਣੇ ਹੰਕਾਰ ਨੂੰ ਦਰਸਾਉਂਦਾ
ਪੱਤੇ ਨਾਲ ਖਹਿੰਦਾ ਹੈ
ਤੇ
ਪੱਤਾ ਚੁੱਪ ਚੁਪੀਤੇ
ਟਾਹਣੀ ਤੋਂ ਡਿੱਗ ਜਾਂਦਾ ਹੈ !!

ਟਾਹਣੀ ਬੇਵੱਸ ਹੋ ਕੇ ਦੇਖਦੀ ਹੈ
ਪੱਤੇ ਨੂੰ ਥੱਲੇ ਡਿੱਗਦੇ
ਪੈਰਾਂ ਵਿੱਚ ਲਤੜਦੇ
ਮਿੱਟੀ ਵਿੱਚ ਮਿਲਦੇ
ਫੇਰ
ਦੂਜੇ ਪੱਤਿਆਂ ਨੂੰ
ਸਾਂਭਣ ਲੱਗ ਜਾਂਦੀ ਹੈ !!

ਸੋਚਦੀ ਹਾਂ ਕਿ
ਕੋਈ ਵੀ ਬਦਲਾਅ ਹੰਢਾਉਣਾ
ਇੰਨਾ ਹੀ ਸਰਲ ਹੁੰਦਾ ਹੈ ??

## ਛੋਹ

ਤੇਰੀ ਆਮਦ ਦਾ ਅਹਿਸਾਸ
ਪੋਲੇ ਪੋਲੇ ਪੈਰੀਂ
ਮੇਰੇ ਕੰਨਾਂ'ਚ ਕੁਝ ਕਹਿ ਕੇ
ਹਵਾ ਦਾ ਬੁੱਲਾ ਬਣ
ਕੁਦਰਤ'ਚ ਰੱਲ ਸਾਰੀ
ਖਲਕਤ ਨੂੰ ਮਹਿਕਾ ਦਿੰਦਾ ਹੈ ;
ਤੇ
ਮੈਂ ਸੁੰਨ ਹੋਈ
ਕਦੇ ਆਪਣੇ
ਕੰਨਾ'ਚ ਪੈਂਦੀ ਗੂੰਜ ਨੂੰ
ਮਹਿਸੂਸਦੀ ਰਹਿੰਦੀ ਹਾਂ ;
ਤੇ
ਕਦੇ ਤੇਰੀ ਮਹਿਕ ਨੂੰ
ਤਰ੍ਹਾ-ਤਰ੍ਹਾਂ ਦੇ
ਰੰਗਾਂ'ਚ ਬਦਲਦਾ
ਦੇਖਦੀ ਹਾਂ .....
ਸਤਰੰਗੀ ਪੀਂਘ ਵਾਂਗੂੰ !!
- ਜੋਤ ਸਿੱਧੂ

## ਤਰਤੀਬ

ਜੇ ਅੱਖਾਂ ਤੋਂ ਧੂੜ ਹਟੀ
ਤਾਂ ਹੀ
ਉਹਦੀਆਂ ਖੁੱਲ੍ਹੀਆਂ
ਨਿਆਮਤਾਂ ਮਾਣੀਆਂ ;
ਤੇ ਮਹਿਸੂਸਿਆ
ਕਿ ਕੁਝ ਵੀ
ਆਵਾਗੋਣ ਨਹੀਂ ਹੁੰਦਾ ;
ਹਵਾ ਦਾ ਵਗਣਾ
ਫੁੱਲਾਂ ਦਾ ਖਿੜਨਾ
ਪੱਤਿਆਂ ਦਾ ਝੜਨਾ
ਪਾਣੀ ਦਾ ਚੱਲਣਾ
ਵਾਰਿਸ਼ ਦਾ ਪੈਣਾ !!
ਸਭ ਤਰਤੀਬ ਹੈ
ਸਭ ਬਖਸ਼ਿਸ਼ ਹੈ
ਸਭ ਸੰਕੇਤ ਹੈ
ਤੇਰੀ ਭਾਸ਼ਾ ਹੈ
ਸਾਨੂੰ
ਕੁਝ ਸਿਖਾਉਣ ਲਈ
ਇਨਸਾਨ ਬਣਾਉਣ ਲਈ
ਪਰ ਅਸੀਂ
ਸਭ ਕੁਝ ਬਣਨ ਦੀ
ਹਫੜਾ ਦਫੜੀ ਵਿੱਚ
ਇਨਸਾਨ ਬਣਨਾ ਹੀ
ਭੁੱਲ ਗਏ ਹਾਂ !!

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2020 (ਅੰਕ:67)

ISSN: 2277-9930

RNI No. PUNPUN/2006/16230

**ਸੰਪਾਦਕ (ਆਨਰੇਰੀ)**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in

**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ, ਸੁਰਿੰਦਰ ਗੀਤ (ਕੈਨੇਡਾ)

**TITLE PAINTING BY**

KUNWAR RAVINDRA

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ


### ਸੰਪਾਦਕੀ

ਕਿਸਾਨ ਸੰਘਰਸ਼ ਬਨਾਮ ਰਾਜਹਠ / 2

### ਕਹਾਣੀਆਂ

ਜੱਲਾਦ / ਗੋਰਵਧਨ ਗੱਬੀ / 6, ਹਥਿਆਰ / ਬਲਵੰਤ ਚੌਹਾਨ / 16, ਆਪਣੀ ਤੀਮੀਂ / ਸੁਖਵਿੰਦਰ ਸਿੰਘ ਢਿੱਲੋਂ, ਬੁਰਾ ਆਦਮੀ / ਪ੍ਰਗਿਆ (ਦਿੱਲੀ) / 24

### ਆਪ-ਬੀਤੀ: ਜਸਬੀਰ ਢੰਡ / 21

### ਕਵਿਤਾ / ਗ਼ਜ਼ਲ / ਗੀਤ

ਗੁਰਨਾਮ ਢਿੱਲੋਂ, ਵਾਹਿਦ / 3, ਡਾ. ਕਰਨੈਲ ਸ਼ੇਰਗਿੱਲ / 4, ਦਰਸ਼ਨ ਬੁਲੰਦਵੀ / 5, ਕੁਲਬੀਰ ਬੇਡੋਸਰੋਂ / 12, ਪ੍ਰੇਮਸ਼ੰਕਰ ਸ਼ੁਕਲ, ਨੀਰਜ ਨੀਰ / 13, ਹਰਮਿੰਦਰ ਸਿੰਘ ਬੇਦੀ, ਆਸ਼ਾ ਪਾਂਡੇ, ਅਮਿਤ ਕੁਮਾਰ ਮੱਲ / 14, ਸੁਸ਼ਾਂਤ ਸੁਪ੍ਰਿਅ, ਡਾ. ਪਾਨ ਸਿੰਘ / 15, ਚਰਨਜੀਤ ਸਿੰਘ ਪੰਨੂ, ਰੀਨਾ ਬਾਤਿਸ਼ / 19, ਪਰਮਜੀਤ ਕੌਰ ਭੁਲਾਣਾ, ਮਨਜਿੰਦਰ ਕਮਲ / 20, ਡਾ. ਗੁਰਪ੍ਰੀਤ ਕੌਰ, ਸੀਮਾ ਜੈ ਵਿਸ਼ਾਲ / 22, ਮਨਦੀਪ ਕੌਰ ਭੰਮਰਾ / 23, ਡਾ. ਹਰਪਿੰਦਰ ਕੌਰ, ਡਾ. ਜਸਪਾਲ ਕੌਰ / 30, ਸੁਨੀਤਾ ਡਾਗਾ, ਤੁਲਿਕਾ ਚੇਤਿਆ ਜੇਨ / 31, ਸੁਰਿੰਦਰ ਗਿੱਲ ਜੈਪਾਲ, ਰਜਨੀ ਵਾਲੀਆ / 32, ਕੁਲਵੰਤ ਜੀਰਾ, ਮੀਰਾ ਮੇਘਮਾਲਾ, ਬੇਬੀ ਕੌਰ / 33, ਅਮਨ ਖੁਰਮੀ, ਪ੍ਰਭਜੋਤ ਪ੍ਰਭ / 37, ਅਨਿਲ ਕਰਮੇਲੇ, ਗਗਨਮੀਤ ਕੌਰ / 38, ਅੰਸ਼ੂ ਆਂਚਲ ਸਿੰਘ / 44, ਅਨੰਤ ਆਲੋਕ / 47

### ਆਲੋਚਨਾ ਨਿਬੰਧ / ਰੀਵੀਊ

ਸਮਕਾਲੀ ਨਾਵਲ ਵਿੱਚ ਵਾਤਾਵਰਨਿਕ ਚੇਤਨਾ / ਮੀਨਾ ਸ਼ਰਮਾ / 39, ਪਰਵਾਸੀ ਪੰਜਾਬੀ ਕਹਾਣੀ ਦੇ ਵਿਸ਼ੇ / ਹਰਿੰਦਰ ਕੌਰ / 42, ਬਾਗੜੀ ਜਾਤੀ ਦੀਆਂ ਜਨਮ ਨਾਲ ਸੰਬੰਧਿਤ ਰਸਮਾਂ-ਰੀਤਾਂ:ਸਮਾਜ ਸਭਿਆਚਾਰਕ ਅਧਿਐਨ / ਡਾ. ਕਿਰਨਪ੍ਰੀਤ ਕੌਰ / 45, ਇੱਕ ਸਫ਼ਾ ਮੇਰਾ ਵੀ (ਸੁਰਿੰਦਰ ਗਿੱਲ ਜੈਪਾਲ) / ਡਾ. ਪੁਸ਼ਵਿੰਦਰ ਕੌਰ / 48



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।

*ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
*ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
*ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।

ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਕਿਸਾਨ ਸੰਘਰਸ਼ ਬਨਾਮ ਰਾਜਹਠ



ਭਾਰਤ ਵਿਚ ਕਿਸਾਨ ਅਤੇ ਕੇਂਦਰ ਦੀ ਲੜਾਈ ਪੂਰੀ ਸਿਖਰ ਤੇ ਹੈ। ਕਿਸਾਨਾਂ ਦੀ ਬਿੱਲ ਰੱਦ ਕਰਨ ਦੀ ਮੰਗ ਜਾਇਜ਼ ਹੋਣ ਦੇ ਬਾਵਜੂਦ ਵੀ ਕੇਂਦਰ ਸਰਕਾਰ ਆਪਣੀ ਜ਼ਿਦ ਤੇ ਅੜੀ ਹੋਈ ਹੈ। ਸਰਕਾਰ ਆਪ ਇਹ ਮੰਨ ਚੁੱਕੀ ਹੈ ਕਿ ਇਨ੍ਹਾਂ ਬਿੱਲਾਂ ਵਿਚ ਕੁਝ ਖਾਮੀਆਂ ਹਨ ਜਿਨ੍ਹਾਂ ਵਿਚ ਸੋਧਾਂ ਕਰਨ ਲਈ ਵੀ ਉਹ ਤਿਆਰ ਹੈ, ਪਰ ਇਨ੍ਹਾਂ ਨੂੰ ਮੂਲੋਂ ਰੱਦ ਕਰਨਾ ਸਰਕਾਰ ਦੇ ਰਾਜਹਠ ਨੂੰ ਪ੍ਰਵਾਨ ਨਹੀਂ ਹੋ ਰਿਹਾ। ਸਿੱਟੇ ਵਜੋਂ ਪੰਜਾਬ ਦੇ ਨਾਲ ਹੋਰ ਅਨੇਕ ਰਾਜਾਂ ਤੋਂ ਕਿਸਾਨ ਦਿੱਲੀ ਦੇ ਰਾਹਾਂ ਤੇ ਪੋਹ ਦੀਆਂ ਇਨ੍ਹਾਂ ਠਰਦੀਆਂ ਰਾਤਾਂ ਵਿਚ ਆਪਣੇ ਧਰਨੇ ਲਾਈ ਬੈਠੇ ਹਨ। ਅਤਿ ਦੀ ਸਰਦੀ ਵਿਚ ਉਨ੍ਹਾਂ ਦਾ ਹੌਂਸਲਾ, ਸਬਰ ਅਤੇ ਸਿਦਕ ਦੇਖਣ ਵਾਲਾ ਹੈ। ਵਿਕਾਊ ਮੀਡੀਆ ਨਿੱਤ ਨਵੇਂ ਨਵੇਂ ਤਰੀਕਿਆਂ ਨਾਲ ਇਸ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਸਾਜਿਸ਼ਾਂ ਚੱਲ ਰਿਹਾ ਹੈ। ਕਦੇ ਖਾਲਿਸਤਾਨੀ, ਆਤੰਕਵਾਦੀ, ਟੁਕੜੇ ਟੁਕੜੇ ਗੈਂਗ, ਅਲਗਾਵਵਾਦੀ ਤਾਕਤਾਂ ਆਦਿ ਵਿਸ਼ੇਸ਼ਣਾਂ ਨਾਲ ਇਸ ਅੰਦੋਲਨ ਨੂੰ ਬਦਨਾਮ ਕਰਨ ਦੇ ਬਾਵਜੂਦ ਉਹ ਆਪਣੇ ਮਨਸੂਬਿਆਂ ਵਿਚ ਸਫਲ ਨਹੀਂ ਹੋ ਰਿਹਾ। ਸੋਸ਼ਲ ਮੀਡੀਏ ਨੇ ਇਸ ਅੰਦੋਲਨ ਨੂੰ ਜਿਸ ਇਮਾਨਦਾਰੀ ਨਾਲ ਦੇਸ਼ ਦੁਨੀਆਂ ਦੇ ਮੂਹਰੇ ਪੇਸ਼ ਕੀਤਾ ਹੈ ਉਸ ਲਈ ਉਸ ਦੀ ਸ਼ਲਾਘਾ ਕਰਨੀ ਬਣਦੀ ਹੈ। ਵਿਕਾਊ ਮੀਡੀਏ ਦੇ ਕੂੜ੍ਹ ਪ੍ਰਚਾਰ ਦਾ ਅਸਰ ਬਲਕਿ ਹੁਣ ਉਲਟਾ ਪੈਣ ਲੱਗਿਆ ਹੈ। ਨਤੀਜੇ ਵਜੋਂ ਇਹ ਅੰਦੋਲਨ ਹੁਣ ਸਿਰਫ ਕਿਸਾਨ ਅੰਦੋਲਨ ਨਾ ਰਹਿ ਕੇ ਜਨ-ਅੰਦੋਲਨ ਦਾ ਰੂਪ ਧਾਰਦਾ ਜਾ ਰਿਹਾ ਹੈ, ਜਿਸ ਨੂੰ ਸਿਰਫ਼ ਕਿਸਾਨਾਂ ਦਾ ਹੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦਾ ਸਹਿਯੋਗ ਮਿਲਣ ਲੱਗਿਆ ਹੈ। ਭਾਰਤ ਦੇ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਦੇ ਲੋਕਾਂ ਦੀਆਂ ਨਜ਼ਰਾਂ ਇਸ ਅੰਦੋਲਨ ਤੇ ਟਿਕੀਆਂ ਹੋਈਆਂ ਹਨ ਤੇ ਉਨ੍ਹਾਂ ਦੀ ਹਮਦਰਦੀ ਇਸ ਅੰਦੋਲਨ ਨਾਲ ਵਧਦੀ ਜਾ ਰਹੀ ਹੈ। ਦੇਸ਼ ਦੇ ਸਾਧਾਰਣ ਤੇ ਅਨਪੜ੍ਹ ਬੰਦੇ ਨੂੰ ਵੀ ਇਹ ਗੱਲ ਸਮਝ ਆਉਣ ਲੱਗ ਪਈ ਹੈ ਕਿ ਸਰਕਾਰ ਦੇਸ਼ ਨੂੰ ਕੁਝ ਕੁ ਕਾਰਪੋਰੇਟ ਘਰਾਣਿਆਂ ਕੋਲ ਗਿਰਵੀ ਰੱਖਣ ਦੀ ਤਿਆਰੀ ਵਿਚ ਹੈ ਤੇ ਇਸ ਗੱਲ ਲਈ ਉਸ ਅੰਦਰ ਗੁੱਸਾ ਤੇ ਆਕ੍ਰੋਸ਼ ਹੈ। ਦਿੱਲੀ ਦੀਆਂ ਸੜਕਾਂ ਤੇ ਬੈਠੇ ਯੋਧਿਆਂ ਨੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਹੁਣ ਇਹ ਅੰਦੋਲਨ ਸਿਰਫ਼ ਖੇਤੀਬਾੜੀ ਜਾਂ ਜਮੀਨ ਨਾਲ ਸਬੰਧਿਤ ਨਾ ਰਹਿ ਕੇ ਮਾਨਵੀ ਅਸਤਿਤਵ ਦੇ ਸੰਘਰਸ਼ ਦਾ ਅੰਦੋਲਨ ਬਣ ਚੁੱਕਿਆ ਹੈ। ਇਸ ਅੰਦੋਲਨ ਨੇ ਰਾਜਨੀਤਿਕ ਪਾਰਟੀਆਂ ਨੂੰ ਪਹਿਲੀ ਵਾਰ ਲਾਂਭੇ ਕਰ ਕੇ ਜਿਵੇਂ ਇਸ ਦੀ ਸਮੁਚੀ ਵਾਗ ਡੋਰ ਆਪਣੇ ਹੱਥ ਵਿਚ ਸੰਭਾਲੀ ਹੈ ਇਸ ਨਾਲ ਆਉਂਦੇ ਸਮੇਂ ਵਿਚ ਨਵੇਂ ਰਾਜਨੀਤਿਕ ਸਮੀਕਰਣ ਬਣਨ ਦੇ ਸੰਕੇਤ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਆਉਣ ਵਾਲਾ ਸਮਾਂ ਬਹੁਤ ਹੀ ਚੁਣੌਤੀਆਂ ਭਰਪੂਰ ਹੈ। ਅਜੇ ਵੀ ਵਕਤ ਹੈ ਕਿ ਸਰਕਾਰ ਨੂੰ ਆਪਣਾ ਰਾਜਹਠ ਤਿਆਗ ਕੇ ਕਿਸਾਨਾਂ ਦੇ ਇਸ ਅੰਦੋਲਨ ਪ੍ਰਤੀ ਹਮਦਰਦ ਵਤੀਰਾ ਅਪਣਾਉਣ ਅਤੇ ਖੇਤੀ ਬਿੱਲਾਂ ਨੂੰ ਰੱਦ ਕਰਨ ਦੇ ਰਾਹ ਤੇ ਤੁਰਨ ਦੀ ਜ਼ਰੂਰਤ ਹੈ।

**ਅਮਰਜੀਤ ਕੌਂਕੇ**

## ਕਿਸਾਨ ਅੰਦੋਲਨ / ਗੁਰਨਾਮ ਢਿੱਲੋਂ



ਨੰਗਿਆਂ ਜਿਸਮਾਂ ਦੇ ਪਰਦਰਸ਼ਨ ਕਰ ਕੇ
ਹੱਕ-ਹਕੂਕ ਕਦੀ ਨਹੀਂ ਮਿਲਦੇ
ਕਦੀ ਜਿੱਤ ਦੀ ਕਲਗੀ ਨਹੀਂ ਸਿਰ ਉੱਤੇ ਸਜਦੀ
ਰੁਖ਼ ਦਰਿਆਵਾਂ ਦੇ ਹਰਗਿਜ਼ ਨਹੀਂ ਮੁੜਦੇ
ਮਿੱਠੀ ਪੌਣ ਕਦੀ ਨਹੀਂ ਵਗਦੀ
ਖੁਸ਼ਹਾਲੀ ਦੇ ਫੁੱਲ ਨਹੀਂ ਖਿੜਦੇ
ਚੁੱਲ੍ਹਿਆਂ ਦੇ ਵਿਚ ਅੱਗ ਨਹੀਂ ਮਘਦੀ
ਗ਼ਮ ਦੀ ਭਰੀ ਨਦੀ ਨਹੀਂ ਸੁੱਕਦੀ
ਸਿਰਾਂ ਦੇ ਉੱਤੋਂ ਕਰਜ਼ਿਆਂ ਦੇ ਪਰਬਤ ਨਹੀਂ ਲਹਿੰਦੇ
ਖ਼ੁਦਕੁਸ਼ੀਆਂ ਦੀ ਰੁੱਤ ਨਹੀਂ ਮੁੱਕਦੀ
ਬਾਲਾਂ ਹੱਥ ਬਸਤੇ ਨਹੀਂ ਸੁਹੰਦੇ
ਘਰ-ਗ੍ਰਹਿਸਤੀ ਦੇ ਧੰਦੇ ਕਿਸੇ ਸਿਰੇ ਨਹੀਂ ਲਗਦੇ
ਖੁਸ਼ੀਆਂ ਦੇ ਦੀਵੇ ਨਹੀਂ ਜਗਦੇ
ਨੰਗੇ ਜਿਸਮ ਤਾਂ ਇਹ ਦਰਸਾਉਂਦੇ
ਸੱਤ ਪੱਤਣਾਂ ਦੇ ਤਾਰੂ ਸੀ ਜੋ ਲਹਿ ਗਏ ਥੱਲੇ ਥੱਲੇ
ਬਾਕੀ ਕੁਝ ਰਿਹਾ ਨਹੀਂ ਪੱਲੇ
ਧਰਨਿਆਂ ਉੱਤੇ ਬੈਠੇ ਵੀਰੋ!
ਤੁਹਾਡੇ ਸਿਦਕ ਸਮੁੰਦਰੋਂ ਡੂੰਘੇ
ਹੌਂਸਲੇ ਹਨ ਹਿਮਾਲਾ ਵਰਗੇ
ਪੁਰਖਿਆਂ ਦੇ ਇਤਿਹਾਸ ਦੀਆਂ ਸਿਰ ਉੱਤੇ ਛਾਵਾਂ
ਤੁਹਾਡੀ ਅਣਖ ਦਾ ਕੋਈ ਨਾ ਸਾਨੀ
ਤੁਹਾਡੀ ਮਿਹਨਤ ਨੂੰ ਕੁੱਲ ਦੁਨੀਆਂ ਸੀਸ ਝੁਕਾਵੇ
ਤੁਹਾਡੀ ਸ਼ਕਤੀ ਅਪਰੰਪਾਰ
ਸਦਾ ਤੁਹਾਡੀ ਜੈ ਜੈ ਕਾਰ
ਯੋਧੇ, ਵੀਰ ਕਿਸਾਨ ਭਰਾਓ!
'ਪ੍ਰਿਥਮ ਭਗੌਤੀ ਸਿਮਰਿ ਕੈ'
ਤਰਕ, ਦਲੀਲ, ਸੰਜਮ, ਰੋਹ,
ਬੁੱਧ ਜਹੇ ਹਥਿਆਰਾਂ ਦੇ ਪਹਿਨ ਕੇ ਵਸਤਰ
'ਸਿਰ ਧਰ ਤਲੀ ਗਲ਼ੀ ਮੇਰੀ ਆਓ'
ਦਿਲ ਦੀ ਖੋਟੀ, ਛਲ਼ਨੀ,
ਕਪਟੀ ਦਿੱਲੀ ਦੇ ਨਾਲ ਮੱਥਾ ਲਾਓ
ਹੱਕ ਲਓ 'ਤੇ ਮਾਣੋ, ਰਲ਼ ਕੇ ਫਤਹਿ ਗੱਜਾਓ।
ਨੰਗਿਆਂ ਜਿਸਮਾਂ ਦੇ ਪਰਦਰਸ਼ਨ ਕਰ ਕੇ
ਹੱਕ-ਹਕੂਕ ਕਦੀ ਨਹੀਂ ਮਿਲਦੇ
ਹੱਕ-ਹਕੂਕ ਕਦੀ ਨਹੀਂ ਮਿਲਦੇ
ਹੱਕ-ਹਕੂਕ ਕਦੀ ਨਹੀਂ ਮਿਲਦੇ।

## ਗ਼ਜ਼ਲ / ਵਾਹਿਦ

ਹੋਈ ਮਿੱਟੀ ਦੀ ਜੋ ਦੁਰਗਤ ਜ਼ਮੀਨਾਂ ਜਾਗ ਪਈਆਂ ਨੇ।
ਲਈ ਕਿਰਤਾਂ ਨੇ ਅੰਗੜਾਈ ਜ਼ਮੀਰਾਂ ਜਾਗ ਪਈਆਂ ਨੇ।

ਇਹ ਜੋ ਕਾਲੀਨ ਮਖ਼ਮਲ ਦੇ, ਨਿਹੱਕੇ ਰੇਸ਼ਮੀ ਲੀੜੇ,
ਇਹਨਾਂ ਦੀ ਖਹਿ 'ਚ ਆਖ਼ਰ ਸਖ਼ਤ ਲੀਰਾਂ ਜਾਗ ਪਈਆਂ ਨੇ।


ਜਿਵੇਂ ਕੋਈ ਦਿਸ਼ਾ ਮਿਲ ਜਾਂਦੀ ਭਟਕੇ ਹੋਏ ਪੈਰਾਂ ਨੂੰ,
ਕੁਝ ਏਦਾਂ ਖੇਤ ਬੰਨਿਆਂ 'ਚੋਂ ਵਹੀਰਾਂ ਜਾਗ ਪਈਆਂ ਨੇ।

ਕੋਈ ਬੁੱਲ੍ਹਾ ਹਵਾ ਦਾ ਐਸਾ ਆਇਆ ਹੈ ਕਿ ਨੀਂਦਰ 'ਚੋਂ,
ਨਵੇਂ ਵਕਤਾਂ ਦੇ ਦੁੱਲ੍ਹੇ ਤੇ ਇਹ ਹੀਰਾਂ ਜਾਗ ਪਈਆਂ ਨੇ।

ਬੜਾ ਰੁਲ਼ੀਆਂ ਨੇ ਥਾਂ-ਥਾਂ, ਦਰ-ਬਦਰ ਪੱਗਾਂ ਅਤੇ ਚੁੰਨੀਆਂ,
ਲਹੂ ਵਿਚ ਫੇਰ ਤੋਂ ਤੱਤੀਆਂ ਤਸੀਰਾਂ ਜਾਗ ਪਈਆਂ ਨੇ।

ਬਣੇ ਖ਼ਾਮੋਸ਼ ਸੱਧਰਾਂ ਦੀ ਜੋ ਵੀ ਆਵਾਜ਼ ਇਸ ਵੇਲੇ,
ਉਹਨਾਂ ਸ਼ਬਦਾਂ ਦੀਆਂ ਸੁੱਤੀਆਂ ਲਕੀਰਾਂ ਜਾਗ ਪਈਆਂ ਨੇ।





## ਸੂਤਰਧਾਰ

ਪਰੇਸ਼ਾਨ ਨਾ ਹੋ
ਨਾ ਮੈਨੂੰ ਪਤਾ ਏ
ਨਾ ਤੈਨੂੰ ਪਤਾ ਏ, ਨਾ ਕਿਸੇ ਹੋਰ ਨੂੰ
ਪਤਾ ਏ
ਕੌਣ ਏ ਪਰਕਿਰਤੀ ਦਾ ਸੂਤਰਧਾਰ.

ਪਰੇਸ਼ਾਨ ਨਾ ਹੋ
ਸਮਾਂ ਹੈ ਹੀ ਬੜਾ ਬਲਵਾਨ
ਤੇ ਇਸ ਸਗਲ ਸਮੱਗਰੀ ਵਿੱਚ
ਮੇਰੀ ਹੋਂਦ ਤੇਰੀ ਹੋਂਦ
ਕਿਸੇ ਵੀ ਸ਼ਕਤੀ ਦੀ ਹੋਂਦ
ਪਰਕਿਰਤੀ ਦੀ ਹੋਂਦ
ਸਮੇ ਦੇ ਸੂਤਰ ਵਿੱਚ ਪਰੋਈ ਏ
ਕਿਸੇ ਨੂੰ ਕੁਛ ਪਤਾ ਨਹੀ
ਕਿ ਕੌਣ ਏ ਪਰੋਣ
ਵਾਲੇ ਦਾ ਸੂਤਰਧਾਰ

ਆਪਣੇ ਆਪ 'ਚ ਅਸਥਿਰ ਬ੍ਰਹਿਮੰਡ
ਤੇ ਇਸਦੇ ਪੁਲਾੜ ਵਿੱਚ ਘੁੰਮਦੇ
ਪਰ ਸਮੇਂ ਨਾਲ ਪਰੋਏ ਕਿਰਦਾਰ
ਸੂਰਜ ਤੇ ਉਸਦੇ ਗ੍ਰਹਿ ਗਲੈਕਸੀਆਂ ,
ਐਸਟਰਾਉਡਜ
ਤੇ ਇਸ ਵਿੱਚ ਵਸਦੇ ਜੀਵ ਜੰਤ
ਇਹ ਕਿਸਦੀ ਕਾਇਆ ਏ
ਕੌਣ ਏ ਪਰੋਣ ਵਾਲੇ ਦਾ ਸੂਤਰਧਾਰ।

ਉਹ ਕਾਹਦਾ ਤੇ
ਕਿਸ ਦਾ ਬਣਾਇਆ ਸੂਆ ਏ
ਉਹ ਕਾਹਦਾ ਤੇ
ਕਿਸ ਦਾ ਬਣਾਇਆ ਸੂਤਰ ਏ
ਜਿਸ ਸੂਈ ਧਾਗੇ ਨੇ
ਪੁਲਾੜ ਵਿੱਚ ਫੈਲੇ ਬਲੈਕ ਮੈਟਰ ਨੂੰ
ਅਸਥਿਰ ਬ੍ਰਹਿਮੰਡ ਨੂੰ ਬੁਣਿਆ ਏ
ਇਹ ਕਿਸਦੀ ਕਾਇਆ ਏ
ਕਿ ਕੌਣ ਏ ਪਰੋਣ ਵਾਲੇ ਦਾ
ਸੂਤਰਧਾਰ।

ਬਲੈਕ ਮੈਟਰ ਵਿੱਚ
ਚਲਣਾ, ਉੱਡਣਾ
ਹਵਾ , ਪਾਣੀ
ਬਿਜਲੀ, ਖਿੱਚ,
ਪਦਾਰਥ ਵਰਦਾਨ
ਆਤਮਾ, ਪਰਮਾਤਮਾ
ਇਹ ਕਿਸਦੀ ਕਾਇਆ ਏ
ਕਿ ਕੌਣ ਏ ਪੈਦਾ ਕਰਨ ਵਾਲਾ.

ਪਰੇਸ਼ਾਨ ਨਾ ਹੋ
ਨਾ ਮੈਨੂੰ ਪਤਾ ਏ
ਨਾ ਤੈਨੂੰ ਪਤਾ ਏ,
ਨਾ ਕਿਸੇ ਨੂੰ ਪਤਾ ਏ
ਕਿ ਕੌਣ ਏ ਪਰਕਿਰਤੀ ਦਾ
ਸੂਤਰਧਾਰ।

ਕੀ ਲੈਣਾ ਏ ਜਾਣ ਕੇ
ਬਸ ਸੂਈ ਤੇ ਧਾਗੇ ਦਾ
ਚਮਤਕਾਰ ਦੇਖੀ ਜਾ
ਜਦ ਤੇਰੀ ਸੂਈ ਦੇ ਨੱਕੇ 'ਚ
ਸੂਤਰ ਪਾਉਣ ਦੀ ਵਾਰੀ ਆਈ
ਤਾਂ ਮੂਰਖ ਬਣ ਪੁੱਛ ਲਈਂ
ਕਿ ਕੌਣ ਏ ਪਰਕਿਰਤੀ ਦਾ
ਸੂਤਰਧਾਰ।

## ਗੀਤ / ਮੁਖੜਾ

ਮੁਖੜਾ ਤਾਂ ਦਿਖਾ ਜਾ ਸੱਜਣਾ।
ਸੁਪਨੇ ਵਿੱਚ ਹੀ ਆਜਾ ਸੱਜਣਾ।
ਇੱਛਾ ਮੇਰੀ ਕਰਦੇ ਪੂਰੀ,
ਸਦੀਆਂ ਤੋਂ ਹੈ ਜੇ ਅਧੂਰੀ।

ਯਾਦ ਤੇਰੀ ਹਰ ਰੋਜ ਸਤਾਵੇ,
ਰਾਤਾਂ ਨੂੰ ਭਰ ਨੀਂਦ ਨਾ ਆਵੇ।
ਮੇਰੇ ਲਾਗੇ ਬਹਿ ਜਾ ਸੱਜਣਾ,
ਮੁਖੜਾ ਤਾਂ ਦਿਖਾ ਜਾ ਸੱਜਣਾ।

ਲਾਏ ਤੇਰੇ ਕੂਚੇ ਵਿੱਚ ਫੇਰੇ,
ਹਰ ਫੇਰੇ ਮੈਂ ਹੰਝੂ ਕੇਰੇ।
ਚੜਨਾ ਸੀ ਚੁਬਾਰੇ ਤੇਰੇ,
ਪੌੜੀ ਖਿਸਕ ਗਈ ਬਨੇਰੇ।

ਬਨੇਰੇ ਉਪਰ ਆ ਜਾ ਸੱਜਣਾ,
ਮੁਖੜਾ ਤਾਂ ਦਿਖਾ ਜਾ ਸੱਜਣਾ।
ਰੀਤ ਰਿਵਾਜ ਕਦੀ ਨਾ ਮੁੱਕਣੇ,
ਨਾ ਤੂੰ ਪਾ ਰੀਝਾਂ ਨੂੰ ਸੁਕਣੇ।

ਰਾਂਝਾ ਜੋਗੀ ਬਣ ਕੇ ਆਇਆ,
ਤੇਰਾ ਨੂਰ ਹੈ ਮੰਗਣ ਆਇਆ।
ਕੁਝ ਤਾਂ ਝੋਲੀ ਪਾ ਜਾ ਸੱਜਣਾ,
ਮੁਖੜਾ ਤਾਂ ਦਿਖਾ ਜਾ ਸੱਜਣਾ।

ਮੈਂ ਪਰਵਾਸ ਹੰਢਾ ਆਇਆ ਹਾਂ,
ਪੰਛੀ ਵਾਂਗ ਲੌਟ ਆਇਆ ਹਾਂ।
ਰੁੱਤਾਂ ਆਵਣ, ਰੁੱਤਾਂ ਜਾਵਣ,
ਤੇਰੀ ਯਾਦ ਦੇ ਸੁਪਨੇ ਆਵਣ।

ਨਵੇ ਆਲਣੇ ਆ ਜਾ ਸੱਜਣਾ,
ਮੁਖੜਾ ਤਾਂ ਦਿਖਾ ਜਾ ਸੱਜਣਾ।
ਕਿਹਦੇ ਘਰ ਸ਼ਹਿਨਾਈ ਵਜਦੀ,
ਕਿਹਦੇ ਹੱਥ ਤੇ ਮਹਿੰਦੀ ਲਗਦੀ।


ਕਿਹਦੇ ਕੰਗਣ ਛਣਕਾਂ ਮਾਰਨ,
ਵਿਦਾਇਗੀ ਦੇ ਗੀਤ ਉਚਾਰਨ।
ਡੋਲੀ ਵਿਚੋਂ ਝਾਕ ਜਾ ਸੱਜਣਾ,
ਮੁਖੜਾ ਤਾਂ ਦਿਖਾ ਜਾ ਸੱਜਣਾ।

## ਦੁੱਖ ਦੀ ਆਤਮ ਕਥਾ

ਤੂੰ ਆਪਣਾ ਦੁੱਖ
ਹੰਝੂਆਂ ਰਾਹੀਂ ਦੱਸਿਆ
ਮੈ ਤੇਰਾ ਦੁੱਖ
ਹੰਝੂਆਂ ਰਾਹੀਂ ਸੁਣਿਆਂ
ਦੋਵੇਂ ਇਕ ਦੂਜੇ ਦੇ
ਹੰਝੂਆਂ ਵਿਚ ਹੰਝੂ ਹੋ ਗਏ
ਇਨ੍ਹਾਂ ਵਿਚ ਵੀ
ਸੇਕ ਏਨਾ ਸੀ
ਕਿ ਅੰਦਰਲੇ ਲੋਹ ਬੈਰੀਅਰ
ਮੋਮ ਵਾਂਗ ਪਿੱਘਲ
ਪਾਣੀ ਵਾਂਗ ਵਹਿ ਤੁਰੇ
ਮੈਂ ਕਿੰਨਾ ਖੁਸ਼ਨਸੀਬ
ਕਿ ਤੂੰ ਮੈਨੂੰ
ਦੁੱਖ ਸੁਣਨ ਦੇ ਯੋਗ ਸਮਝਿਆ
ਮੇਰੇ ਸੁਣਨ ਨਾਲ
ਜੇ ਤੇਰਾ ਦੁੱਖ ਘਟ ਜਾਂਦਾ
ਏਦੂੰ ਵੱਡਾ ਮੇਰਾ
ਕੋਈ ਹੋਰ ਪੁੰਨ ਨਹੀਂ
ਮੇਰਾ ਪਰਉਪਕਾਰ ਨਹੀਂ
ਦਿਲਾਂ ਵਿਚੋਂ ਹੀ
ਦਿਲਾਂ ਨੂੰ ਰਾਹ ਜਾਂਦੀ ਏ
ਚਾਹਤ ਵਿਚ ਹੀ
ਚਾਹਤ ਦੇ ਫੁੱਲ ਖਿੜਦੇ ਨੇ
ਯਕੀਨ ਦੇ ਧੁਰੇ ਦੁਆਲੇ ਹੀ
ਘੁੰਮਦੀ ਏ ਰਿਸ਼ਤਿਆਂ ਦੀ ਧਰਤੀ ’ਚੋਂ
ਅੰਦਰ ਪਰਮ ਦਇਆ ਹੈ
ਤਾਂ ਝੜ੍ਹੇ ਰੁੱਖ ਦੀ ਸਰਸਰਾਹਟ ਵੀ
ਬਣ ਜਾਂਦੀ ਏ ਹਵਾ ਦਾ ਝੋਕਾ .....

## ਮੈਂ ਤੈਨੂੰ ਪਿਆਰ ਕਰਦਾ ਹਾਂ

ਤੇਰਾ ਫੁੱਲ ਕੁਮਲ਼ਾਵੇ ਤਾਂ
ਮੈਂ ਪਾਰੇ ਵਾਂਗ ਸਿਮਟ ਜਾਂਦਾ ਹਾਂ
ਤੇਰਾ ਚਾਨਣ ਹੋਵੇ ਤਾਂ
ਮੈਂ ਅਸਮਾਨ ਵਾਂਗ ਫੈਲ ਜਾਂਦਾ ਹਾਂ
ਤੇਰੀ ਸਵੇਰ ਹੁੰਗਾਰਾ ਭਰੇ ਤਾਂ
ਮੈਂ ਧੁੱਪ ਵਾਂਗ ਨਿੱਖਰ ਜਾਂਦਾ ਹਾਂ



ਮੈਨੂੰ ਆਪਣੇ ਆਪ ਚੋਂ
ਖੁਸ਼ਬੋ ਆਣ ਲੱਗਦੀ
ਧਰਤੀ ਮੈਨੂੰ ਰਾਹ ਦੇਣ ਲੱਗਦੀ
ਮੈਂ ਰਾਮ ਨਹੀਂ
ਨਾ ਹੀ ਤੂੰ ‘ਅਹੱਲਿਆ’
ਕਿ ਮੈਂ ਪੈਰ ਛੂਹਾ ਕੇ
ਤੈਨੂੰ ਮੁੜ ਸੁਰਜੀਤ ਕਰਾਂ
ਮੈਂ ਤਾਂ ਆਪਣੇ ਕਿਰਤੀ ਹੱਥਾਂ ਚੋਂ
ਤੈਨੂੰ ਧੜਕਦੀ ਹੋਈ
ਮਹਿਸੂਸਦਾ ਹਾਂ
ਵੇਲ ਵਾਂਗ ਮੌਲਦੀ ਹੋਈ
ਨੂੰ ਨਿਹਾਰਦਾ ਹਾਂ
ਅੰਗਾਂ ’ਚ ਰਚਾ ਕੇ ਤਲ਼ਾਸ਼ਦਾ ਹਾਂ
ਅੱਖਾਂ ’ਚ ਬਿਠਾ ਕੇ ਸਤਿਕਾਰਦਾ ਹਾਂ
ਮੈਂ ਤੈਨੂੰ ਪਿਆਰ ਕਰਦਾ ਹਾਂ

ਐਵੇਂ ਤਾਂ ਨਹੀਂ
ਤੇਰੇ ਅਸਿਹ ਦੁੱਖ ਦੀ ਪੀੜ੍ਹ
ਪਹਿਲਾਂ ਮੇਰੇ ਹੀ
ਦਿਲ ’ਚੋਂ ਲੰਘਦੀ ਏ
ਤੇਰੇ ਹਾਦਸਿਆਂ ਦੀ ਸੂਲੀ ਤੋਂ
ਪਹਿਲਾਂ ਮੈਂ ਹੀ ਲਟਕਦਾ ਹਾਂ
ਤੇਰੀ ਖੁਸ਼ੀ ਅਤੇ
ਗ਼ਮੀ ਦਾ ਅੱਥਰੂ
ਪਹਿਲਾਂ ਮੇਰੀ ਹੀ
ਅੱਖ ’ਚੋਂ ਲਿਸ਼ਕਦਾ ਏ
ਤੇਰੀ ਕੱਚੀ ਨੀਂਦ ਦਾ ਸੁਪਨਾ
ਪਹਿਲਾਂ ਮੇਰੀ ਹੀ
ਅੱਖ ’ਚੋਂ ਲੰਘਦਾ ਏ
ਤੇਰਾ ਪੈਰ ਤਿਲਕਦਾ ਤਾਂ

ਪਹਿਲਾਂ ਮੈਂ ਹੀ ਹੱਥ ਫੜਦਾਂ ਹਾਂ
ਮੈਂ ਤੈਨੂੰ ਪਿਆਰ ਕਰਦਾਂ
ਪਿਆਰ ਹੈ ਤਾਂ
ਦੁੱਖ ਵੀ ਗੌਣ ਲੱਗਦਾ ਏ
ਖੁਸ਼ੀ ਦੇ ਪਲ ਵਾਂਗ
ਮੈਂ ਤੈਨੂੰ ਪਿਆਰ ਕਰਦਾਂ

ਇਹ ਮੇਰੇ ਕੋਮਲ
ਸੁਭਾਅ ਦਾ ਗਾਇਨ ਏ
ਇਹ ਮੇਰੀ
ਸੁਭਾਵਿਕਤਾ ਦਾ ਪ੍ਰਮਾਣ ਏ
ਇਹ ਮੇਰੇ ਈਮਾਨ ਦਾ
ਸਦੀਵੀਂ ਬਦਲ ਏ ਇਹ ਮੇਰੇ
ਵਲਵਲਿਆਂ ਦਾ ਪ੍ਰਿਜ਼ਮ ਏ
ਇਹ ਮੇਰੀ ਚਾਹਤ ਦਾ
ਅਭੁੱਲ ਸਿਰਨਾਵਾਂ ਏ
ਇਹ ਮੇਰੀ ਭਟਕਣਾਂ ਵਿੱਚ
ਇਕ ਮੁਕਾਮ ਏ
ਇਹ ਮੇਰੇ ਬੇਤਾਬ
ਪਲਾਂ ਵਿੱਚ ਇਕ ਟਿਕਾਅ ਏ
ਇਹ ਮੇਰੇ ਆਦਿ ਅਤੇ
ਅੰਤ ਦਾ ਇਕਰਾਰ ਏ
ਮੈਂ ਤੈਨੂੰ ਪਿਆਰ ਕਰਦਾਂ ਹਾਂ

ਮੇਰਾ ਪਿਆਰ ਤੈਨੂੰ
ਐਨ ਇੰਜ ਸਾਂਭ ਕੇ ਰੱਖਦਾ ਏ
ਜਿਉਂ ਤੱਟ
ਆਪਣੇ ਸਾਗਰ ਨੂੰ
ਜਿਉਂ ਅੰਬਰ
ਆਪਣੇ ਚੰਨ ਤਾਰਿਆਂ ਨੂੰ
ਜਿਉਂ ਤਿਲਕ,
ਆਪਣੇ ਵਿਸਵਾਸ਼ ਨੂੰ
ਜਿਉਂ ਛਣਕਦੀ ਪੰਜੇਬ ,
ਆਪਣੇ ਬੋਰ ਨੂੰ ਜਿਉਂ ਵਸਤਰ,
ਆਪਣੇ ਨੰਗੇਜ਼ ਨੂੰ
ਮੇਰਾ ਪਿਆਰ ਤੈਨੂੰ
ਐਨ ਇੰਜ ਸਾਂਭ ਕੇ ਰੱਖਦਾ ਏ
ਮੈਂ ਤੈਨੂੰ ਪਿਆਰ ਕਰਦਾ ਹਾਂ ।

# ਜੱਲਾਦ / ਗੋਵਰਧਨ ਗੱਬੀ

"ਮੁਕਾ ਆਇਐਂ ਆਪਣਾ ਕੰਮ...ਪੈ ਗਈ ਠੰਡ...?"

"ਕੌਣ ਬੋਲਦੈ...ਕੌਣ ਹੈਂ ਤੂੰ..?"

"ਮੈਂ ਕੋਈ ਵੀ ਹੋਵਾਂ ਤੂੰ ਜੁਆਬ ਦੇ ਨਾ ਜੋ ਸੁਆਲ ਪੁੱਛਿਆ ਹੈ ਤੇਰੇ ਕੋਲੋਂ...?"

"ਹਾਂ, ਮੁਕਾ ਆਇਆਂ...ਕੁਝ ਘੜੀਆਂ ਪਹਿਲਾਂ ਹੀ ਪਰਤਿਆਂ...।"

"ਕਿੱਦਾਂ ਮਹਿਸੂਸ ਹੋ ਰਿਹਾ ਹੈ...?"



"ਦਿਮਾਗ ਕਿਰਿਆ ਵਿਹੀਣ ਹੈ...ਕਮਰੇ ਵਿੱਚ ਇੱਕ ਅਜੀਬ ਕਿਸਮ ਦਾ ਸੰਨਾਟ੍ਹਾ ਪਸਰ ਗਿਆ ਹੈ...ਕੰਮ ਮੁਕੰਮਲ ਹੋਣ ਤੋਂ ਛੇਤੀ ਬਾਅਦ ਮੈਂ ਜੇਲ੍ਹ ਅਧਿਕਾਰੀਆਂ ਨੂੰ ਬੇਨਤੀ ਕਰ ਦਿੱਤੀ ਸੀ ਕਿ ਅਗਲੇ ਦੋ ਘੰਟਿਆਂ ਤਕ ਕੋਈ ਮੇਰੇ ਕੋਲ ਨਹੀਂ ਆਵੇਗਾ...ਮੈਂ ਮੀਡੀਆ ਸਮੇਤ ਕਿਸੇ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਨਹੀਂ ਕਰਾਂਗਾ...ਫਿਰ ਤੂੰ ਕਿੱਥੋਂ ਅੰਦਰ ਦਾਖਲ ਹੋਇਐਂ...ਛੁੱਪਿਆ ਕਿਉਂ ਹੈ..? ਸਾਹਮਣੇ ਆ ਕੇ ਗੱਲ ਕਰ ਨਾ..?"

"ਮੈਂ ਦੱਸ ਦਿਆਂਗਾ ਮੈਂ ਕੌਣ ਹਾਂ...ਤੂੰ ਦੱਸ ਨਾ ਕਿੰਝ ਲੱਗ ਰਿਹੈ ਹੁਣ...।" "ਬਸ ਅਜੇ ਤਾਂ ਉਹਨਾਂ ਚਾਰਾਂ ਦੇ ਕਾਲੇ ਟੋਪਿਆਂ ਵਿੱਚ ਢੱਕੇ ਹੋਏ ਚਿਹਰੇ, ਲੜਖੜਾਉਂਦੇ ਕਦਮ, ਰੱਸਿਆਂ ਉੱਪਰ ਝੂਲਦੇ, ਤੜਫਦੀਆਂ ਤੇ ਕੰਬਦੀਆਂ ਗਰਮ ਲੋਥਾਂ, ਬਾਹਰ ਨੂੰ ਨਿਕਲੇ ਆਨਿਆਂ ਵਾਲਾ ਉਹਨਾਂ ਦਾ ਡਰਾਵਣਾ ਰੂਪ...ਸਾਰਾ ਕੁਝ ਮੇਰੇ ਆਲੇ ਦੁਆਲੇ ਘੁੰਮਦਾ ਵਿਖਾਈ ਦੇ ਰਿਹਾ ਹੈ...ਪਲੀਜ਼ ਯਾਰ ਤੂੰ ਜਾ ਇੱਥੋਂ...।"

"ਐਵੇਂ ਇਧਰ ਉਧਰ ਦੀਆਂ ਨਾ ਮਾਰ...ਕਦੇ ਕਸਾਈਆਂ ਤੇ ਜੱਲਾਦਾਂ ਦੇ ਦਿਲ ਵੀ ਪਸੀਜਦੇ ਨੇ ਭਲਾ..?"

"ਤੂੰ ਵੀ ਉਹੀ ਸਮਝਦਾ ਹੋਵੇਂਗਾ ਜੋ ਬਾਕੀ ਦੇ ਸਾਰੇ ਲੋਕ ਸਮਝਦੇ ਨੇ ਕਿ ਮੈਨੂੰ ਕੁਝ ਨਹੀਂ ਹੁੰਦਾ ਕਿਉਂਕਿ ਮੈਂ ਤਾਂ ਜੱਲਾਦ ਹਾਂ!"

"ਨਾ ਹੋਰ ਕੀ ਹੈਂ..? ਜੱਲਾਦ ਹੀ ਤਾਂ ਹੈਂ...ਜੱਲਾਦ ਤੇ ਕਸਾਈ ਵਿੱਚ ਕੀ ਅੰਤਰ ਹੁੰਦਾ ਹੈ ਭਾਈ ਸਾਹਿਬ...।"

ਇੱਹ ਵੀ ਸੱਚ ਹੈ ਕਿ ਲੋਕਾਂ ਸਾਹਮਣੇ ਮੈਂ ਵੀ ਇਹੀ ਵਿਖਾਵਾ ਕਰਦਾ ਹਾਂ ਕਿ ਜਦੋਂ ਮੈਂ ਕਿਸੇ ਇਨਸਾਨ ਨੂੰ ਫਾਹੇ ਟੰਗ ਕੇ ਆਉਂਦਾ ਹਾਂ ਤਾਂ ਮੈਨੂੰ ਕੁਝ ਨਹੀਂ ਹੁੰਦਾ...ਮੈਂ ਲੋਹੇ ਦੇ ਦਿਲ ਵਾਲਾ ਹਾਂ ਜੋ ਕਦੇ ਵੀ ਧੜਕਦਾ ਨਹੀਂ ਹੈ...ਪਰ ਇਹ ਭੋਲੇ ਲੋਕ ਨਹੀਂ ਜਾਣਦੇ ਕਿ ਜੱਲਾਦਪੁਣਾ ਮੇਰਾ ਪੇਸ਼ਾ ਹੈ, ਨੌਕਰੀ ਹੈ...ਮਜ਼ਬੂਰੀ ਹੈ ਕੋਈ ਸ਼ੌਂਕ ਨਹੀਂ ਹੈ... ਰੋਜ਼ੀ ਰੋਟੀ ਦਾ ਜ਼ਰੀਆ ਹੈ ...ਯਾਰ ਅਖੀਰ ਹੈ ਤਾਂ ਮੈਂ ਵੀ ਇੱਕ ਇਨਸਾਨ ਹੀ...ਜੋ ਇੱਕ ਪਿਤਾ ਹੈ, ਪੁੱਤਰ, ਭਰਾ ਤੇ ਪਤੀ ਵੀ ਹੈ...ਮੇਰਾ ਦਿਲ ਵੀ ਧੜਕਦਾ ਹੈ...ਜਿਵੇਂ ਹੋਰਾਂ ਦਾ ਧੜਕਦਾ ਹੈ...।"

"ਝਾੜਤੀ ਨਾ ਫਿਲਾਸਫੀ...ਹਰ ਵਾਰ ਤੇਰਾ ਮੰਤਵ ਕੁਝ ਹੋਰ ਹੁੰਦਾ ਹੈ...ਨਹੀਂ ਤਾਂ ਥੋੜੇ ਜਿਹੇ ਪੈਸਿਆਂ ਖ਼ਾਤਿਰ ਤੂੰ ਮਨੁੱਖ ਨੂੰ ਜਾਨੋਂ ਕਿੱਦਾਂ ਮਾਰ ਸਕਦੈਂ...?"

"ਪਤਾ ਨਹੀਂ ਭਰਾਵਾ ਤੂੰ ਕੌਣ ਹੈ...ਘੱਟ ਤੋਂ ਘੱਟ ਪੱਤਰਕਾਰ ਤਾਂ ਨਹੀਂ ਲਗਦਾ...ਪਰ ਮਿੱਤਰਾ ਇਹ ਵੀ ਤਾਂ ਸੱਚ ਹੈ ਕਿ ਜੋ ਇਸ ਦੁਨੀਆਂ ਉੱਪਰ ਆਇਆ ਹੈ ਉਸਨੇ ਅਖੀਰ ਜਾਣਾ ਹੀ ਹੈ...ਜੋ ਜਨਮਿਆ ਹੈ ਉਸਨੇ ਫੌਤ ਹੋਣਾ ਹੀ ਹੈ... ਹਰ ਕਿਸੇ ਨੂੰ ਦੇਹ ਤਿਆਗ ਕੇ ਹੀ ਮੁਕਤੀ ਮਿਲਣੀ ਹੈ...ਇਹੀ ਕੁਦਰਤ ਦਾ ਨਿਯਮ ਹੈ...ਪਰ ਮਿੱਤਰਾ...ਕੁਦਰਤ ਨੇ ਇੱਕ ਨਿਯਮ ਚੰਗਾ ਬਣਾਇਆ ਹੋਇਆ ਹੈ ਕਿ ਜਨਮ ਤੋਂ ਬਾਅਦ ਉਹ ਜੀਵ ਨੂੰ ਇੱਹ ਨਹੀਂ ਦੱਸਦੀ ਕਿ ਉਸਨੇ ਕਿਸ ਦਿਨ, ਕਿੰਨੇ ਵਜੇ, ਕਿਵੇਂ ਤੇ ਕਿੱਥੇ ਮਰਨਾ ਹੈ...ਪਰ ਮਨੁੱਖ ਨੇ ਜਿਊਣਾ ਕਿੱਦਾਂ ਹੈ ਇਹ ਕੁਝ ਨਾ ਕੁਝ ਮਨੁੱਖ ਦੇ ਹੱਥ ਵਿੱਚ ਹੁੰਦਾ ਹੀ ਹੈ ਨਾ...ਭਰਾਵਾ ਜ਼ਰਾ ਕਿਆਸ ਲਗਾ ਕੇ ਦੇਖ ਕਿ ਜੇਕਰ ਕਿਸੇ ਇਨਸਾਨ ਨੂੰ ਇਹ ਪਤਾ ਚਲ ਜਾਏ ਕਿ ਉਹ ਕਿਸ ਦਿਨ ਮਰੇਗਾ? ਕਿੰਨੇ ਵਜੇ ਮਰੇਗਾ? ਕਿਵੇਂ ਮਰੇਗਾ ਤੇ ਕਿੱਥੇ ਮਰੇਗਾ ਤਾਂ ਉਸ ਉਪਰ ਕੀ ਗੁਜਰੇਗੀ? ਉਸਦੀ ਹਾਲਤ ਕੀ ਹੋਵੇਗੀ ? ਪਰ ਉਸ ਇਨਸਾਨ ਦੀ ਮਨੋਸਥਿਤੀ ਬਾਰੇ ਵੀ ਅੰਦਾਜ਼ਾ ਲਗਾ ਕੇ ਦੇਖੋ ਜਿਸਨੂੰ ਇਹ ਪਤਾ ਹੋਵੇ ਕਿ ਉਸਨੇ ਕਿਸ ਇਨਸਾਨ ਨੂੰ, ਕਿਹੜੇ ਦਿਨ, ਕਿੰਨੇ ਵਜੇ, ਕਿਸ ਤਰ੍ਹਾਂ ਤੇ ਕਿੱਥੇ ਫਾਂਸੀ ਉੱਪਰ ਚੜ੍ਹਾਉਣਾ ਹੈ...? ਮਾਰ ਮੁਕਾਉਣਾ ਹੈ... ਉਸਨੂੰ ਕਿਵੇਂ ਆਪਣੇ ਜਿਗਰੇ ਨੂੰ ਵੱਡ ਆਕਾਰੀ ਕਰਨਾ ਹੋਵੇਗਾ ਤਾਂ ਕਿ ਐਨ ਮੌਕੇ ਉਪਰ ਪਹੁੰਚ ਕੇ ਉਹ ਕਿਤੇ ਅਸਫ਼ਲ ਨਾ ਹੋ ਜਾਵੇ...ਘਬਰਾ ਨਾ ਜਾਵੇ...ਕਮਜ਼ੋਰ ਨਾ ਪੈ ਜਾਵੇ...।"

"ਓ ਵੱਡੀਆਂ ਵੱਡੀਆਂ ਸ਼ੁਰਲੀਆਂ ਨਾ ਛੱਡ... ਸੁਣਿਐ ਤੂੰ ਬੜਾ ਖੁਸ਼ ਹੈ ਨਵਾਂ ਰਿਕਾਰਡ ਬਣਾ ਕੇ...?"

"ਕਾਹਦਾ ਖੁਸ਼ ਯਾਰ...ਇਹਦੇ ਵਿੱਚ ਕਿਹੜੀ ਖੁਸ਼ੀ ਤੇ ਮਾਣ ਵਾਲੀ ਗੱਲ ਹੈ...ਅੱਜ ਵਾਲੇ ਚਾਰਾਂ ਮੁਜ਼ਰਿਮਾਂ ਨੂੰ ਮਿਲਾ ਕੇ ਮੈਂ ਹੁਣ ਤਕ ਨੌਂ ਇਨਸਾਨਾਂ ਨੂੰ ਫਾਂਸੀ ਉੱਪਰ ਚੜ੍ਹਾ ਚੁੱਕਾ ਹਾਂ...ਉਹ ਵੱਖਰੀ ਗੱਲ ਹੈ ਕਿ ਚਾਰ ਮੁਜ਼ਰਿਮਾਂ ਨੂੰ ਇਕੱਠੇ ਤੇ ਇੱਕੋ ਸਮੇਂ ਫਾਂਸੀ ਉਪਰ ਚੜ੍ਹਾਉਣ ਵਾਲਾ ਮੈਂ ਆਜ਼ਾਦ ਭਾਰਤ ਦਾ ਪਹਿਲਾ ਜੱਲਾਦ ਬਣਨ ਦਾ ਇਤਿਹਾਸ ਰਚ ਚੁੱਕਾ ਹਾਂ... ਸੋਚ ਰਿਹਾਂ ਕਿ ਕੀ ਮੈਨੂੰ ਆਪਣੀ ਇਸ ਪ੍ਰਾਪਤੀ ਉਪਰ ਮਾਣ ਮਹਿਸੂਸ ਕਰਨਾ ਚਾਹੀਦਾ ਹੈ? ਗਰਵ ਹੋਣਾ ਚਾਹੀਦਾ ਹੈ...?

ਇਹ ਬਹੁਤ ਅਜੀਬ, ਔਖਾ, ਬੇਢੰਗਾ ਤੇ ਬੇਮਤਲਬੀ ਸਵਾਲ ਹੈ ਜੋ ਮੈਂ ਆਪਣੇ ਆਪ ਨੂੰ ਕਰ ਰਿਹਾ ਹਾਂ...ਮੇਰੇ ਕੋਲ ਫਿਲ੍ਹਾਲ ਇਸਦਾ ਕੋਈ ਠੋਸ ਜੁਆਬ ਨਹੀਂ ਹੈ...।" "ਤੂੰ ਝੂਠ ਬੋਲਦਾ ਪਿਐਂ...ਮੈਨੂੰ ਪਤੈ ਅੱਜ ਤੂੰ ਅੰਦਰੋਂ ਬਹੁਤ ਖੁਸ਼ ਹੈਂ...ਚਲ ਇਹ ਦੱਸ ਕਦੋਂ ਤੋਂ ਤਿਆਰੀਆਂ ਕਰ ਰਿਹਾ ਸੀ...?"

"ਪਿਛਲੇ ਚਾਰ ਦਿਨਾਂ ਤੋਂ ਚਾਰ ਕੈਦੀਆਂ ਨੂੰ ਫਾਂਸੀ ਦੇਣ ਵਾਸਤੇ ਮੈਂ ਜੇਲ੍ਹ ਵਿੱਚ ਹੀ ਸਾਂ...ਮੇਰੇ ਦਿਮਾਗ ਵਿੱਚ ਅਜੀਬ ਕਿਸਮ ਦੇ ਸਵਾਲਾਂ ਤੇ ਜੁਆਬਾਂ ਨੇ ਲਗਾਤਾਰ ਉੱਥਲ ਪੁੱਥਲ ਮਚਾਈ ਹੋਈ ਸੀ...ਇੱਕੋ ਵੇਲੇ ਜੰਮ ਵੀ ਰਹੇ ਸਨ ਤੇ ਮਰ ਵੀ...ਕੁਝ ਸਮਝ ਨਹੀਂ ਆ ਰਿਹਾ ਸੀ ਕਿ ਸਹੀ ਕੀ ਹੈ? ਗ਼ਲਤ ਕੀ ਹੈ ? ਪੁੰਨ ਕੀ ਹੈ? ਪਾਪ ਕੀ ਹੈ? ਜ਼ਿੰਦਗੀ ਕੀ ਹੈ...? ਮੌਤ ਕੀ ਹੈ...?"

"ਓਹ..! ਤੇਰੇ ਮੂੰਹੋਂ ਪਾਪ ਪੁੰਨ ਦੀਆਂ ਗੱਲਾਂ ਸੁਣ ਕੇ ਬੜਾ ਅਜੀਬ ਲਗਦਾ ਹੈ...ਚਾਰ ਦਿਨਾਂ ਤੋਂ ਤੂੰ ਕੀ ਸੋਚ ਰਿਹਾ ਸੀ..?"

"ਚੱਲ ਠੀਕ ਹੈ ਭਰਾਵਾ ਜਿਵੇਂ ਤੂੰ ਖੁਸ਼ ਰਹਿ ਸਕਦੈਂ ਰਹਿ...ਪਰ ਚਾਰੇ ਦਿਨ ਮੈਂ ਉਹਨਾਂ ਮੁਜ਼ਰਿਮਾਂ ਬਾਰੇ ਸੋਚਦਾ ਰਿਹਾ...ਉਹਨਾਂ ਦੀ ਮਨੋਸਥਿਤੀ ਨੂੰ ਸਮਝਣ ਦੀ ਅਸਫ਼ਲ ਕੋਸ਼ਿਸ਼ ਕਰ ਰਿਹਾ ਸਾਂ...ਆਪ ਵੀ ਅਜੀਬ ਕਿਸਮ ਦੀ ਮਨੋਸਥਿਤੀ ਵਿੱਚੋਂ ਗੁਜਰ ਰਿਹਾ ਸਾਂ...ਉਹਨਾਂ ਦੀ ਥਾਂ ਆਪਣੇ ਆਪ ਨੂੰ ਬਿਠਾ ਕੇ ਸੋਚ ਰਿਹਾ ਸਾਂ ਕਿ ਉਹਨਾਂ ਦੇ ਦਿਲ ਉਪਰ ਕੀ ਗੁਜਰ ਰਹੀ ਹੋਵੇਗੀ? ਉਹਨਾਂ ਦੇ ਘਰ ਵਾਲਿਆਂ ਬਾਰੇ ਸੋਚ ਰਿਹਾ ਸਾਂ...ਉਹ ਕੀ ਸੋਚ ਰਹੇ ਹੋਣਗੇ...ਉਹ ਆਪਣੇ ਆਂਢੀਆਂ ਗੁਆਂਢੀਆਂ ਤੇ ਰਿਸ਼ਤੇਦਾਰਾਂ ਨਾਲ ਨਜ਼ਰਾਂ ਕਿੰਝ ਮਿਲਾਉਂਦੇ ਹੋਣਗੇ...? ਉਹਨਾਂ ਦੇ ਤਾਹਨੇ ਮਿਹਣੇ ਕਿੰਝ ਸਹਿੰਦੇ ਹੋਣਗੇ?"

"ਅੱਛਾ... ਮੈਨੂੰ ਤਾਂ ਬੜਾ ਕਮੀਨਾ ਲਗਦੈਂ ਤੂੰ...ਉਹਨਾਂ ਬਾਰੇ ਸੋਚ ਰਿਹੈਂ...? ਉਸ ਕੁੜੀ ਦੇ ਮਾਪਿਆਂ ਬਾਰੇ ਨਹੀਂ ਸੋਚਿਆ ਕਦੇ.....?

"ਨਹੀਂ ਭਰਾਵਾ ਕਿਉਂ ਨਹੀਂ ਸੋਚਦਾ...ਜਦੋਂ ਉਹ ਚਾਰੇ ਮੇਰੇ ਦਿਮਾਗ 'ਚੋਂ ਜਾਂਦੇ ਨੇ ਤਾਂ ਫਿਰ ਮੇਰੇ ਸਾਹਮਣੇ ਉਹਨਾਂ ਮਾਪਿਆਂ ਦੇ ਚਿਹਰੇ ਆ ਜਾਂਦੇ...ਜਿਹਨਾਂ ਦੀ ਜਵਾਨ ਧੀ ਨਾਲ ਉਹਨਾਂ ਚਾਰਾਂ ਨੇ ਦਰਿੰਦਗੀ ਕਰਨ ਦੀ ਕੋਈ ਸੀਮਾ ਨਹੀਂ ਛੱਡੀ ਸੀ...ਸੱਤ ਸਾਲਾਂ ਤੋਂ ਉਹ ਇਹਨਾਂ ਚਾਰਾਂ ਨੂੰ ਫਾਹੇ ਟੰਗਣ ਵਾਸਤੇ ਕਾਨੂੰਨੀ ਲੜਾਈ ਲੜ ਰਹੇ ਸਨ... ਤਰਲੋਮੱਛੀ ਹੋ ਰਹੇ ਸਨ...ਮਕਸਦ ਕੇਵਲ ਇੱਕ ਹੀ ਸੀ ਕਿ ਇਹਨਾਂ ਚਾਰਾਂ ਦਰਿੰਦਿਆਂ ਨੂੰ ਫੰਦੇ ਉਪਰ ਝੂਲਦੇ ਵੇਖਣਾ ਹੈ...ਕਈ ਵਾਰ ਉਸ ਕੁੜੀ ਦੇ ਮਾਪਿਆਂ ਨੂੰ ਟੀ ਵੀ ਉੱਪਰ ਬੋਲਦੇ ਹੋਏ, ਜਿੱਤ ਦਾ ਨਿਸ਼ਾਨ ਬਣਾਉਂਦੇ, ਉਹਨਾਂ ਦੇ ਲਗਾਤਾਰ ਵਗਦੇ ਹੰਝੂ ਦੇਖਦਾ ਹਾਂ..ਅਖੇ-ਅਖੀਰ ਸਾਨੂੰ ਇਨਸਾਫ਼ ਮਿਲੇਗਾ...ਦੁਨੀਆਂ ਦੀ ਹਰ ਔਰਤ ਨੂੰ ਇਨਸਾਫ ਮਿਲੇਗਾ...ਜਦੋਂ ਇਹ ਦਰਿੰਦੇ ਫੰਦੇ ਉਪਰ ਝੂਲਣਗੇ ਤੱਦ ਹੀ ਸਾਡੀ ਧੀ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ...ਉਹ ਖੁਸ਼ ਹੋਵੇਗੀ ਕਿ ਜਿਹਨਾਂ ਦਰਿੰਦਿਆਂ ਨੇ ਉਸ ਨਾਲ ਘਿਨੌਣਾ ਕੰਮ ਕੀਤਾ ਸੀ ਅੱਜ ਉਹਨਾ ਨੂੰ ਉਹਨਾਂ ਦੇ ਦੁਸ਼ਟ ਕਰਮਾਂ ਦੀ ਸਜ਼ਾ ਮਿਲੀ ਹੈ...

ਇਹ ਦੇਖ ਮੈਂ ਅਕਸਰ ਸੋਚਦਾ ਸਾਂ ਕਿ ਕੀ ਵਾਕਿਆ ਹੀ ਉਹਨਾਂ ਚਾਰਾਂ ਦੇ ਫਾਹੇ ਟੰਗੇ ਜਾਣ ਨਾਲ ਉਹਨਾਂ ਨੂੰ ਖੁਸ਼ੀ ਮਿਲੇਗੀ..? ਉਹਨਾਂ ਨੂੰ ਜਿੱਤ ਦਾ ਅਹਿਸਾਸ ਹੋਵੇਗਾ..? ਖੁਸ਼ੀ ਤੇ ਜਿੱਤ ਦੀ ਪਰਿਭਾਸ਼ਾ ਉਹਨਾਂ ਵਾਸਤੇ ਕੀ ਹੋਵੇਗੀ? ਮੇਰੀ ਸੋਚ ਅਨੁਸਾਰ ਘੱਟ ਤੋਂ ਘੱਟ ਉਹ ਤਾਂ ਨਹੀਂ ਹੋਵੇਗੀ ਜੋ ਆਮ ਲੋਕਾਂ ਵਾਸਤੇ ਹੁੰਦੀ ਹੈ...ਇਹ ਕੈਸੀ ਜਿੱਤ ਹੋਵੇਗੀ? ਇਹ ਕੈਸੀ ਖੁਸ਼ੀ ਹੋਵੇਗੀ, ਜਿਸਦੇ ਤੁਸੀਂ ਜਸ਼ਨ ਨਹੀਂ ਮਨਾ ਸਕਦੇ? ਜਿਸਨੂੰ ਤੁਸੀਂ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੇ...।"

"ਯਾਰ ਕਦੇ ਕਦੇ ਲਗਦੈ ਤੂੰ ਜੱਲਾਦ ਘੱਟ ਹੈਂ ਤੇ ਫ਼ਿਲਾਸਫਰ ਜ਼ਿਆਦਾ ਹੈ...।" "ਉਹ ਭਰਾਵਾ ਕਾਹਦਾ ਫ਼ਿਲਾਸਫਰ...ਉਹ ਸਾਰੇ ਦਿਮਾਗ ਵਿੱਚੋਂ ਥੋੜੀ ਦੇਰ ਵਾਸਤੇ ਗਾਇਬ ਹੁੰਦੇ ਨੇ ਤਾਂ ਆਪਣੇ ਘਰ ਵਾਲੇ ਆ ਜਾਂਦੇ ਨੇ..ਅਖੇ-ਹਾਂ, ਡੈਡੀ ਦੱਸੋ...ਕੁਝ ਕਰੋਗੇ ਕਿ ਜਾਂ ਫਿਰ ਇਸ ਵਾਰ ਵੀ ਠਣ ਠਣ ਗੋਪਾਲ ਵਾਂਗ ਵਾਪਸ ਆ ਜਾਉਗੇ...? ਬੋਲਦੀ ਹੋਈ ਆਪਣੀ ਵੱਡੀ ਧੀ ਦਾ ਉਹੀ ਮੁਰਝਾਇਆ ਹੋਇਆ ਚਿਹਰਾ ਚੌਵੀ ਘੰਟੇ ਮੇਰੇ ਸਾਹਮਣੇ ਆ ਕੇ ਖੜੋ ਜਾਂਦਾ ਸੀ...ਹਰ ਵਾਰ ਅੱਖਾਂ ਵਿੱਚ ਇਹੀ ਸਵਾਲ ਲੈ ਕੇ ਮੈਨੂੰ ਘੂਰਦਾ ਰਹਿੰਦਾ ਸੀ...ਖਿੜਾ ਤੂੰ ਫਿਕਰ ਨਾ ਕਰ...ਇਸ ਵਾਰ ਮੈਂ ਤੇਰੇ ਚਿਹਰੇ ਨੂੰ ਖਿਲਾ ਕੇ ਹੀ ਛੱਡਣਾ ਹੈ...ਮੈਂ ਆਪ ਮੁਹਾਰੇ ਬੁੜਬੁੜਾਉਂਦਾ ਸਾਂ...।"

"ਹਾਂ ਹੁਣ ਆਇਐਂ ਤੂੰ ਅਸਲੀ ਬਿੰਦੂ ਉੱਪਰ...ਜਦੋਂ ਤੂੰ ਘਰ ਸੀ...ਤੈਨੂੰ ਪਤਾ ਸੀ ਕਿ ਇਹਨਾਂ ਚਾਰਾਂ ਨੂੰ ਫਾਂਸੀ ਤੂੰ ਹੀ ਦੇਣੀ ਹੈ ਤਾਂ ਤੂੰ ਕੀ ਸੋਚਦਾ ਸੀ...?" "ਭਰਾਵਾ ਕੀ ਦੱਸਾਂ...ਜਦੋਂ ਮੈਂ ਟੀਵੀ ਉਪਰ ਉਹਨਾਂ ਚਾਰਾਂ ਕੈਦੀਆਂ ਦੇ ਨਾਮ ਸੁਣਦਾ ਤਾਂ ਮੈਨੂੰ ਕੁਝ ਅਜੀਬ ਜਿਹਾ ਵੀ ਲਗਦਾ ਸੀ...ਉਹਨਾਂ ਵਿੱਚ ਇੱਕ ਮੇਰਾ ਹਮਨਾਮ ਵੀ ਸੀ...ਉਹ ਵੱਖਰੀ ਗੱਲ ਹੈ ਕਿ ਉਹ ਕੈਦੀ ਸੀ ਤੈ ਮੈਂ ਜੱਲਾਦ...ਉਹ ਮਰਨ ਵਾਲਾ ਤੇ ਮੈਂ ਮਾਰਨ ਵਾਲਾ...ਅਖੀਰ ਅੱਜ ਇੱਕ ਜੱਲਾਦ ਨੇ ਆਪਣੇ ਨਾਮਰਾਸ਼ੀ ਕੈਦੀ ਨੂੰ ਮਾਰ ਹੀ ਮੁਕਾਇਆ। ਹੈ ਨਾ ਕੁਦਰਤ ਦਾ ਕਮਾਲ...।"

"ਤੂੰ ਜੇਲ੍ਹ ਵਿੱਚ ਉਹਨਾਂ ਚਾਰਾਂ ਨੂੰ ਮਿਲਿਆ ਸੀ...?"

"ਨਾ, ਮੈਨੂੰ ਉਹਨਾਂ ਨਾਲ ਕਦੇ ਨਹੀਂ ਮਿਲਾਇਆ ਗਿਆ...ਨਾ ਹੀ ਮੈਂ ਮਿਲਣਾ ਚਾਹੁੰਦਾ ਸਾਂ...ਪਹਿਲਾਂ ਵੀ ਕਦੇ ਨਹੀਂ ਮਿਲਿਆ ਕਿਸੇ ਫਾਂਸੀ ਚੜਣ ਵਾਲੇ ਨੂੰ...ਮੈਨੂੰ ਜ਼ਰੂਰਤ ਵੀ ਨਹੀਂ ਮਹਿਸੂਸ ਹੁੰਦੀ...ਉਹਨਾਂ ਚਾਰਾਂ ਨੂੰ ਭਾਵੇਂ ਮੈਂ ਮਿਲਿਆ

ਨਹੀਂ ਸਾਂ ਪਰ ਕਈ ਚਿਰਾਂ ਤੋਂ ਟੀ ਵੀ ਤੇ ਅਖਬਾਰਾਂ ਵਿੱਚ ਉਹਨਾਂ ਦੀਆਂ ਤਸਵੀਰਾਂ ਦੇਖ ਰਿਹਾਂ ਸਾਂ...ਜਦੋਂ ਦੀ ਸਰਕਾਰ ਨੇ ਮੇਰੀ ਡਿਊਟੀ ਲਗਾਈ ਸੀ ਉਹਨਾਂ ਨੂੰ ਫਾਂਸੀ ਲਗਾਉਣ ਵਾਸਤੇ ਤੱਦ ਤੋਂ ਮੈਂ ਹੋਰ ਵੀ ਜ਼ਿਆਦਾ ਗ਼ੌਰ ਨਾਲ ਉਹਨਾਂ ਦੇ ਚਿਹਰੇ ਪੜ੍ਹਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ...ਜੇਕਰ ਪਿਛਲੇ ਤਿੰਨ ਚਾਰ ਦਿਨਾਂ ਤੋਂ ਉਹ ਨਹੀਂ ਸੁੱਤੇ ਸਨ ਤਾਂ ਰਿਹਾ ਮੈਂ ਵੀ ਅਰਧ ਉਨੀਂਦਰੇ ਹੀ...ਜਿਸ ਵੇਲੇ ਮੈਂ ਇਹ ਕਾਰਜ ਕਰਨ ਜਾ ਰਿਹਾਂ ਸਾਂ ਉਸ ਵੇਲੇ ਮੇਰਾ ਯਕੀਨ ਹੋਰ ਵੀ ਜ਼ਿਆਦਾ ਪੱਕਾ ਹੋ ਰਿਹਾ ਸੀ ਕਿ ਇਸ ਵਾਰ ਮੈਂ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਵਾਂਗਾ...ਉਹਨਾਂ ਦਰਿੰਦਿਆਂ, ਉਹਨਾਂ ਰਾਖਸ਼ਾਂ ਨੂੰ ਉਸ ਥਾਂ ਪਹੁੰਚਾ ਦਿਆਂਗਾ ਜਿੱਥੇ ਉਹਨਾਂ ਨੂੰ ਪਹਿਲਾਂ ਹੀ ਪਹੁੰਚਾ ਦਿੱਤਾ ਜਾਣਾ ਚਾਹੀਦਾ ਸੀ...ਖ਼ੈਰ! ਦੇਰ ਨਾਲ ਹੀ ਸਹੀ ਪਰ ਅੱਜ ਇਸ ਜੱਲਾਦ ਦੁਆਰਾ ਉਹ ਸਾਰੇ ਉੱਥੇ ਪਹੁੰਚਾ ਦਿੱਤੇ ਗਏ, ਜਿੱਥੇ ਉਹਨਾਂ ਨੂੰ ਪਹੁੰਚਾਣਾ ਸੀ...।"

"ਬੱਲੇ ਓਏ ਚਲਾਕ ਸੱਜਣਾ...ਤੂੰ ਇਹ ਕਿਉਂ ਨਹੀਂ ਮੰਨਦਾ ਕਿ ਜੇ ਇਸ ਵਾਰ ਵੀ ਉਹ ਫਾਂਸੀ ਨਾ ਚੜ੍ਹਦੇ ਤਾਂ ਤੇਰੇ ਘਰ ਵਾਲਿਆਂ ਤੈਨੂੰ ਫ਼ਾਂਸੀ ਟੰਗ ਦੇਣਾ ਸੀ..।"

"ਉਹ ਨਹੀਂ ਯਾਰ ਐਸੀ ਕੋਈ ਗੱਲ ਨਹੀਂ ਸੀ...ਘਰ ਵਾਲਿਆਂ ਵਿਚਾਰਿਆਂ ਨੇ ਕੀ ਕਰਨਾ ਸੀ...ਵੱਧ ਤੋਂ ਵੱਧ ਦੋ ਚਾਰ ਗੱਲਾਂ ਹੋਰ ਸੁਣਾ ਦਿੰਦੇ...ਅਸਲ ਵਿੱਚ ਉਹਨਾਂ ਚਾਰਾਂ ਨੇ ਕਾਰਾ ਹੀ ਇੰਨਾ ਘਿਨੌਣਾ ਕੀਤਾ ਸੀ ਕਿ ਉਸ ਬਾਰੇ ਸੋਚ ਕੇ ਹੀ ਚੰਗੇ ਭਲੇ ਮਨੁੱਖ ਦਾ ਦਿਲ ਵੀ ਕੁਰਲਾ ਉੱਠੇ...ਮੈਂ ਮਨ ਅੰਦਰ ਪੱਕਾ ਧਾਰ ਲਿਆ ਸੀ ਕਿ ਮੈਂ ਇਹਨਾਂ ਨੂੰ ਅੰਜ਼ਾਮ ਤਕ ਪਹੁੰਚਾ ਕੇ ਹੀ ਦਮ ਲਵਾਂਗਾ...ਇਸ ਤੋਂ ਬਾਅਦ ਕਦੇ ਕੋਈ ਹੋਰ ਦਰਿੰਦਾ ਜੋ ਇਸ ਤਰ੍ਹਾਂ ਦਾ ਕਾਰਾ ਕਰਨ ਬਾਰੇ ਸੋਚੇਗਾ ਵੀ ਤਾਂ ਉਸਨੂੰ ਯਾਦ ਰਹੇਗਾ ਕਿ ਉਹਨਾਂ ਦਾ ਇਹੀ ਹਾਲ ਹੋਣਾ ਹੈ ਜੋ ਇਹਨਾਂ ਦਾ ਹੋਇਆ ਹੈ...ਜੋ ਵੀ ਕੋਈ ਇਸ ਤਰ੍ਹਾਂ ਸੋਚੇਗਾ ਉਸ ਦੇ ਦਿਲ ਤੇ ਦਿਮਾਗ ਵਿੱਚ ਇਹ ਜ਼ਰੂਰ ਆਏਗਾ ਕਿ ਉਸਨੂੰ ਔਰਤ ਦੀ ਇੱਜ਼ਤ ਕਰਨੀ ਹੈ...ਸਨਮਾਨ ਕਰਨਾ ਹੈ ਨਾ ਕਿ ਉਸਦੀ ਇੱਜ਼ਤ ਨਾਲ ਖੇਡਣਾ ਹੈ...ਸਮਝ ਨਹੀਂ ਆਉਂਦੀ ਕਿ ਕੋਈ ਵੀ ਅਖੌਤੀ ਪੁਰਸ਼ ਕਿਵੇਂ ਭੇੜੀਏ ਦੀ ਤਰ੍ਹਾਂ ਕਿਸੇ ਔਰਤ ਦੀ ਇੱਜ਼ਤ ਨੂੰ ਲੀਰੋ ਲੀਰ ਕਰ ਸਕਦਾ ਹੈ...ਉਸਦੇ ਸ਼ਰੀਰ ਨੂੰ ਨੋਚ ਸਕਦਾ ਹੈ...ਉਸ ਨਾਲ ਜਾਨਵਰਾਂ ਤੋਂ ਵੀ ਬੁਰਾ ਵਰਤਾਉ ਕਰ ਸਕਦਾ ਹੈ...ਉਸਦੇ ਨਿਜੀ ਅੰਗਾਂ ਨਾਲ ਹੈਵਾਨੀਅਤ ਭਰਿਆ ਖਿਲਵਾੜ ਕਰ ਸਕਦਾ ਹੈ...ਜੇਕਰ ਕੋਈ ਕਰਦਾ ਹੈ ਤਾਂ ਉਹ ਘੱਟ ਤੋਂ ਘੱਟ ਪੁਰਸ਼ ਤਾਂ ਨਹੀਂ ਹੋ ਸਕਦਾ...।"

"ਅੱਛਾ ਪਰ ਜਿਹੜਾ ਤੇਰੀ ਧੀ ਨਾਲ ਹੋ ਰਿਹਾ ਹੈ ਵਾਰ ਵਾਰ...ਉਸ ਵਾਸਤੇ ਜਿੰਮੇਵਾਰ ਕੌਣ ਹੈ...ਮੈਨੂੰ ਤਾਂ ਲੱਗਦੈ ਕਿ ਤੂੰ ਅਸਲ ਵਿੱਚ ਇਹਨਾਂ ਨੂੰ ਫਾਂਸੀ ਚੜ੍ਹਾ ਕੇ ਕਿਤੇ ਨਾ ਕਿਤੇ ਆਪਣੇ ਮਨ ਨੂੰ ਤਸੱਲੀ ਦੇ ਰਿਹਾ ਹੈਂ...ਚਲ ਛੱਡ ਤੂੰ ਫਿਰ ਚਿੜ ਜਾਣੈ...ਇਹ ਦੱਸ ਜਦੋਂ ਮੀਡੀਆ ਵਾਲੇ ਤੈਨੂੰ ਜੱਲਾਦ ਬੁਲਾਉਂਦੇ ਹਨ ਤਾਂ ਤੈਨੂੰ ਕਿੰਝ ਲਗਦੈ...?" "ਜੋ ਮਰਜ਼ੀ ਕਹਿ ਲੈ ਭਰਾਵਾ...ਜੋ ਤੂੰ ਠੀਕ ਸਮਝੇਂ ਪਰ ਸੱਚ ਦੱਸਾਂ ਜਦੋਂ ਮੀਡੀਆ ਵਾਲੇ ਮੇਰੀ ਜਾਣ ਪਛਾਣ ਮੇਰੇ ਨਾਂ ਨਾਲ ਜੱਲਾਦ ਸ਼ਬਦ ਲਗਾ ਕੇ ਕਰਵਾਉਂਦੇ ਹਨ ਤਾਂ ਸਮਝ ਨਹੀਂ ਆਉਂਦੀ ਕਿ ਇਸ ਦਾ ਵਿਰੋਧ ਕਰਾਂ ਕਿ ਇਸ ਜੱਲਾਦ ਸ਼ਬਦ ਨਾਮ ਨਾਲ ਲੱਗਣ 'ਤੇ ਮਾਣ ਮਹਿਸੂਸ ਕਰਾਂ...ਹੁਣ ਜੇਕਰ ਮੈਂ ਜੱਲਾਦਪੁਣਾ ਕਰਦਾ ਹਾਂ ਤਾਂ ਫਿਰ ਕਰਦਾ ਹਾਂ...ਇੱਕ ਗੱਲ ਹੋਰ ਮੈਨੂੰ ਕਈ ਵਾਰ ਕੁਝ ਮੀਡੀਆ ਵਾਲਿਆਂ 'ਤੇ ਵੀ ਬੜਾ ਗੁੱਸਾ ਚੜ੍ਹਦਾ ਹੈ...ਜਦੋਂ ਉਹ ਮੇਰੇ ਨਾਲ ਗਲਬਾਤ ਕਰਨ ਆਉਂਦੇ ਹਨ ਤਾਂ ਉਹਨਾਂ ਦੇ ਸਵਾਲ ਬੜੇ ਅਜੀਬ ਕਿਸਮ ਦੇ ਹੁੰਦੇ ਹਨ...ਅਖੇ- ਤੁਸੀਂ ਰੱਸਾ ਗੱਲ ਵਿੱਚ ਕਿੱਥੇ ਪਾਉਂਦੇ ਹੋ..? ਜਦੋਂ ਉਹਨਾਂ ਦੇ ਪੈਰਾਂ ਹੇਠੋਂ ਤੱਖਤੇ ਖਿਸਕਾ ਦਿੰਦੇ ਹੋ ਤਾਂ ਫਿਰ ਕੀ ਹੁੰਦੈ..? ਜਦੋਂ ਉਹ ਫੰਦੇ ਵੱਲ ਆ ਰਹੇ ਹੁੰਦੇ ਨੇ ਤਾਂ ਉਹ ਕੀ ਕਰ ਰਹੇ ਹੁੰਦੇ ਨੇ..?ਤੁਸੀਂ ਫਾਂਸੀ ਦੇਣ ਵੇਲੇ ਨਸ਼ਾ ਕੀਤਾ ਹੁੰਦੈ..? ਕਪੜੇ ਕਿਹੜੇ ਰੰਗ ਦੇ ਪਾਉਂਦੇ ਹੋ...? ਤੁਸੀਂ ਜਦੋਂ ਉਹਨਾਂ ਨੂੰ ਫਾਂਸੀ ਉਪਰ ਟੰਗ ਦਿੰਦੇ ਹੋ ਤਾਂ ਤੁਹਾਡੇ ਦਿਮਾਗ ਵਿੱਚ ਕੀ ਚਲਦਾ ਹੈ..? ਫਾਂਸੀ ਦੇਣ ਵਾਲੀ ਕੋਠੜੀ ਕਿਸ ਤਰ੍ਹਾਂ ਦੀ ਸੀ..? ਕਈ ਵਾਰੀ ਦਿਲ ਕਰਦਾ ਹੈ ਇਹਨਾਂ ਨੂੰ ਵੀ ਫੰਦੇ ਉੱਪਰ ਟੰਗ ਦਿਆਂ...ਫਿਰ ਕਹਾਂ-ਆਪੇ ਦੇਖ ਲਉ...ਮਹਿਸੂਸ ਕਰ ਲਉ...ਬੇਸ਼ਰਮ ਕਿਸੇ ਪਾਸੇ ਦੇ...।"

"ਹਾਹਾਹਾਹਾ...ਪਰ ਮੈਂ ਪੱਤਰਕਾਰ ਨਹੀਂ ਹਾਂ...ਅੱਛਾ ਆਪਣੇ ਬਾਰੇ ਕੁਝ ਦੱਸ...ਕੌਣ ਹੈ ਤੂੰ...?"

"ਤੂੰ ਤਾਂ ਭਰਾਵਾ ਮੈਨੂੰ ਇੰਜ ਪੁੱਛ ਰਿਹੈਂ ਜਿਵੇਂ ਮੈਂ ਕੋਈ ਮਹਾਨ ਹਸਤੀ ਹੋਵਾਂ...ਭਰਾਵਾ ਮੈਂ ਇੱਕ ਜੱਲਾਦ ਹਾਂ...ਪਰ ਕਸਾਈ ਨਹੀਂ ਹਾਂ..ਆਪਣੇ ਬਾਰੇ ਕੀ ਦੱਸਾਂ...ਪੁਸ਼ਤ ਦਰ ਪੁਸ਼ਤ ਸਾਡਾ ਪਰਿਵਾਰ ਇਹ ਜੱਲਾਦਪੁਣਾ ਕਰਦਾ ਆ ਰਿਹਾ ਹੈ...ਬਹੁਤੇ ਲੋਕ ਸਾਨੂੰ ਅੱਜ ਵੀ 'ਜੱਲਾਦ ਦੇ ਪਰਿਵਾਰ' ਨਾਮ ਨਾਲ ਜਾਣਦੇ ਹਨ...ਸਾਡੇ ਸ਼ਹਿਰ ਆ ਕੇ ਕਿਸੇ ਨੂੰ ਵੀ ਸਾਡਾ ਨਾਮ ਲੈ ਲਉ ਉਹ ਬਿਨਾਂ ਦੇਰ ਕੀਤਿਆਂ ਸਾਡਾ ਥੋਹ ਠਿਕਾਣਾ ਦੱਸ ਦੇਵੇਗਾ...ਸਾਡੇ ਪੋਤੜੇ ਤਕ ਫਰੋਲ ਦੇਵੇਗਾ...ਅਸਲ ਵਿੱਚ ਜੱਲਾਦਪੁਣੇ ਦਾ ਪੇਸ਼ਾ ਮੈਨੂੰ ਵਿਰਾਸਤ ਵਿੱਚ ਮਿਲਿਆ ਹੈ...ਫਾਂਸੀ ਦੇਣ ਵਾਸਤੇ ਰੱਸਾ ਬਣਾਉਣਾ ਤੇ ਕਿਸੇ ਮੁਜ਼ਰਿਮ ਨੂੰ ਫਾਂਸੀ ਚੜ੍ਹਾਉਣ ਦਾ ਕੰਮ ਮੈਂ ਆਪਣੇ ਦਾਦਾ ਤੇ ਪਿਤਾ ਜੀ ਤੋਂ ਹੀ ਸਿਖਿਆ ਹੈ...ਕਹਿੰਦੇ ਨੇ ਕਿ ਜਿਸ ਤਰ੍ਹਾਂ ਦਾ ਮਜ਼ਬੂਤ ਤੇ ਮੁਲਾਇਮ ਰੱਸਾ ਮੇਰੇ ਦਾਦਾ ਜੀ ਬਣਾਉਂਦੇ ਸਨ ਉਸ ਤਰ੍ਹਾਂ ਦਾ ਅਜੇ ਵੀ ਕੋਈ ਨਹੀਂ ਬਣਾ ਪਾਉਂਦਾ...ਅਕਸਰ ਮੇਰੇ ਪਿਤਾ ਜੀ ਮੈਨੂੰ ਕਹਿੰਦੇ ਹੁੰਦੇ ਸਨ- ਪੁੱਤਰਾ, ਫਾਂਸੀ ਦੇਣਾ ਵੀ ਇੱਕ ਕਲਾ ਹੈ...ਜੋ ਹਰ ਕਿਸੇ ਦੇ ਵਸ ਦਾ ਕੰਮ ਨਹੀਂ ਹੈ...ਸੋ ਤੂੰ

ਵੀ ਇਸ ਕਲਾ ਨੂੰ ਸਿੱਖ ਲੈ ਤੇਰੀ ਵੀ ਦਾਲ ਰੋਟੀ ਚਲਦੀ ਰਹੇਗੀ...ਅਸਲ ਵਿੱਚ ਮੇਰੇ ਦਾਦਾ ਜੀ ਕਹਿੰਦੇ ਹੁੰਦੇ ਸਨ ਕਿ ਅਕਸਰ ਉਹਨਾਂ ਦੇ ਪਿਤਾ ਜੀ ਵੀ ਉਸਨੂੰ ਇਹ ਬੋਲ ਵਾਰ ਵਾਰ ਸੁਣਾਉਂਦੇ ਰਹਿੰਦੇ ਸਨ...ਫਿਰ ਜਦੋਂ ਪੜਦਾਦਾ ਜੀ ਹਮੇਸ਼ਾ ਵਾਸਤੇ ਤੁਰ ਗਏ ਤਾਂ ਇਹੀ ਸ਼ਬਦ ਮੇਰੇ ਦਾਦਾ ਤੋਂ ਹੁੰਦੇ ਹੋਏ ਮੇਰੇ ਪਿਤਾ ਜੀ ਕੋਲ ਪਹੁੰਚੇ...ਅਖੀਰ ਮੇਰੇ ਪਿਤਾ ਜੀ ਤੋਂ ਮੇਰੇ ਤਕ ਅਪੜੇ...ਜਦੋਂ ਮੇਰੇ ਦਾਦਾ ਜੀ ਨੇ ਆਪਣਾ ਜੱਦੀ ਕੰਮ ਮੇਰੇ ਪਿਤਾ ਨੂੰ ਸੌਂਪਿਆ ਤਾਂ ਉਸ ਵੇਲੇ ਸਾਡੇ ਘਰ ਵਿੱਚ ਬਹੁਤ ਵੱਡਾ ਝਗੜਾ ਪੈ ਗਿਆ ਸੀ...ਮੇਰਾ ਤਾਇਆ ਕਹਿੰਦਾ ਸੀ ਕਿ ਉਹ ਘਰ ਵਿੱਚ ਵੱਡਾ ਹੈ ਸੋ ਪੁਸ਼ਤੈਨੀ ਜੱਲਾਦੀ ਉਸਨੂੰ ਮਿਲਣੀ ਚਾਹੀਦੀ ਹੈ...ਅੱਗੋਂ ਮੇਰੇ ਦਾਦਾ ਜੀ ਬੋਲੇ-ਜੱਲਾਦੀ ਕਰਨਾ ਜਿੰਮੇਵਾਰੀ ਵਾਲਾ ਕੰਮ ਹੈ...ਜੋ ਤੇਰੇ ਵਸ ਵਿੱਚ ਨਹੀਂ ਹੈ.. ਤੇਰੇ ਵਰਗੇ ਸ਼ਰਾਬੀ ਕਬਾਬੀ ਬੰਦੇ ਨੂੰ ਮੈਂ ਇਹ ਕੰਮ ਨਹੀਂ ਦੇ ਸਕਦਾ...ਫਿਰ ਮੇਰੇ ਦਾਦਾ ਜੀ ਨੇ ਇਹ ਕੰਮ ਮੇਰੇ ਪਿਤਾ ਜੀ ਨੂੰ ਸੋਂਪ ਦਿੱਤਾ ਸੀ...ਪਰ ਹੁਣ ਜਦੋਂ ਵੀ ਆਪਣੇ ਪੜਦਾਦਾ ਵਾਲੇ ਬੋਲ ਮੈਂ ਆਪਣੇ ਪੁੱਤਰ ਨੂੰ ਪੁਜਦਾ ਕਰਦਾ ਹਾਂ ਉਹ ਅੱਗੋਂ ਇਹ ਜੁਆਬ ਦਿੰਦਾ ਹੈ- ਨਹੀਂ ਡੈਡ ਇਹ ਜੱਲਾਦਪੁਣੇ ਦਾ ਪੁਸ਼ਤੈਨੀ ਕੰਮ ਮੈਂ ਨਹੀਂ ਕਰਨਾ...ਮੈਂ ਕੋਈ ਹੋਰ ਕਸਬ ਸਿੱਖਾਂਗਾ...ਸੋ ਮੈਂ ਵੀ ਉਸ ਉੱਪਰ ਜ਼ਿਆਦਾ ਜ਼ੋਰ ਨਹੀਂ ਭਰਦਾ...ਕਹਿਣ ਦਾ ਮਤਲਬ ਕਿ ਮੈਂ ਸ਼ਾਇਦ ਆਪਣੇ ਖ਼ਾਨਦਾਨ ਦਾ ਆਖਰੀ ਜੱਲਾਦ ਸਾਬਿਤ ਹੋਵਾਂਗਾ...।''

''ਅੱਛਾ ਇਹ ਦੱਸ ਤੂੰ ਆਪਣਾ ਘਰ ਜੱਲਾਦਪੁਣੇ ਨਾਲ ਹੀ ਚਲਾਉਂਦੈਂ..?''

''ਭਰਾਵਾ ਕਮਾਲ ਦੀਆਂ ਗੱਲਾਂ ਕਰਦੈਂ...ਅੱਜ ਦੇ ਦੌਰ ਵਿੱਚ ਜੱਲਾਦਪੁਣੇ ਦੀ ਕਮਾਈ ਨਾਲ ਘਰ ਚਲਦਾ ਹੈ ਭਲਾ..? ਚਾਰ ਕੁ ਸਾਲ ਪਹਿਲਾਂ ਤਕ ਤਾਂ ਮੈਨੂੰ ਤਿੰਨ ਹਜ਼ਾਰ ਰੁਪਏ ਮਹੀਨੇ ਦਾ ਵਜੀਫਾ ਮਿਲਦਾ ਸੀ...ਅੱਜ ਕੱਲ੍ਹ ਹਰ ਮਹੀਨੇ ਪੰਜ ਹਜ਼ਾਰ ਰੁਪਏ ਮਿਲਦੇ ਹਨ...ਪਿੱਛੇ ਜਿਹੇ ਇਹੀ ਵਜੀਫਾ ਰੈਗੂਲਰ ਲੈਣ ਵਾਸਤੇ ਮੈਨੂੰ ਅਦਾਲਤ ਵੀ ਜਾਣਾ ਪਿਆ ਸੀ...ਤਦ ਕਿਤੇ ਜਾ ਕੇ ਸਭ ਠੀਕ ਹੋਇਆ...ਮੇਰੀਆਂ ਤਿੰਨ ਧੀਆਂ ਤੇ ਦੋ ਪੁੱਤਰ ਨੇ...ਮੈਂ ਕਪੜੇ ਵੇਚਣ ਦੀ ਫੇਰੀ ਲਗਾਉਂਦਾ ਹਾਂ ਤਾਂ ਵੀ ਮੁਸ਼ਕਿਲ ਨਾਲ ਹੀ ਗੁਜਾਰਾ ਹੁੰਦਾ ਹੈ...।''

''ਇਹ ਤੇਰਾ ਪੁਸ਼ਤੈਨੀ ਕੰਮ ਹੈ..?''

''ਏਦਾਂ ਹੀ ਕਹਿ ਸਕਦੇ ਹੋ...ਮੇਰੇ ਪੜਦਾਦਾ ਅੰਗਰੇਜ਼ਾਂ ਦੇ ਵੇਲੇ ਤੋਂ ਜੱਲਾਦੀ ਦਾ ਕੰਮ ਕਰਦੇ ਆ ਰਹੇ ਸਨ...ਲਾਹੌਰ ਜੇਲ੍ਹ ਵਿੱਚ ਉਸ ਵੇਲੇ ਦੇ ਕਈ ਕਰਾਂਤੀਕਾਰੀਆਂ ਨੂੰ ਫਾਂਸੀ ਦੇਣ ਵਾਲੇ ਮੇਰੇ ਪੜਦਾਦਾ ਹੀ ਸਨ...ਇੱਕ ਨਬਾਲਿਗ ਕੁੜੀ ਨਾਲ ਬਲਾਤਕਾਰ ਤੇ ਉਸਦੇ ਨਬਾਲਿਗ ਭਰਾ ਨੂੰ ਕਤਲ ਕਰਨ ਵਾਲੇ ਕੁਖਿਆਤ ਕੇਸ ਵਿੱਚ ਵੀ ਮੇਰੇ ਦਾਦਾ ਜੀ ਨੇ ਹੀ ਉਹਨਾਂ ਦੋਨਾਂ ਮੁਰਜ਼ਿਮਾਂ ਨੂੰ ਫਾਂਸੀ ਉੱਪਰ ਟੰਗਿਆ ਸੀ...ਸਾਡੇ ਦੇਸ਼ ਦੇ ਇੱਕ ਸਾਬਕਾ ਪ੍ਰਧਾਨ ਮੰਤਰੀ ਦੇ ਕਤਲ ਵਿੱਚ ਫਾਂਸੀ ਦੀ ਸਜ਼ਾ ਪਾਏ ਦੋ ਕੈਦੀਆਂ ਨੂੰ ਵੀ ਫਾਂਸੀ ਉਪਰ ਮੇਰੇ ਦਾਦਾ ਤੇ ਪਿਤਾ ਜੀ ਨੇ ਹੀ ਚੜ੍ਹਾਇਆ ਸੀ...

ਮੈਨੂੰ ਯਾਦ ਹੈ ਜਦੋਂ ਇੱਕ ਵਾਰ ਮੇਰੇ ਦਾਦਾ ਜੀ ਆਗਰਾ ਦੀ ਜੇਲ੍ਹ ਵਿੱਚ ਇੱਕ ਇਸੇ ਤਰ੍ਹਾਂ ਦੇ ਸਜ਼ਾਭੋਗੀ ਨੂੰ ਫਾਂਸੀ ਦੇਣ ਗਏ ਸੀ ਤਾਂ ਮੈਂ ਉਹਨਾਂ ਦੇ ਨਾਲ ਸੀ...ਮੈਂ ਪਹਿਲੀ ਵਾਰ ਜੇਲ੍ਹ ਦੇਖੀ ਸੀ...ਮੈਨੂੰ ਪਹਿਲੀ ਵਾਰ ਪਤਾ ਲੱਗਾ ਸੀ ਕਿ ਮੇਰੇ ਦਾਦਾ ਜੀ ਦਾ ਕੀ ਰੁਤਬਾ ਹੈ ਜੇਲ੍ਹ ਅੰਦਰ...ਸਾਰੇ ਸੰਤਰੀ ਉਸਨੂੰ ਸੈਲਿਊਟ ਮਾਰ ਰਹੇ ਸਨ...ਉਸ ਵਾਸਤੇ ਆਪ ਅੱਗੇ ਹੋ ਹੋ ਕੇ ਕੋਠਰੀਆਂ ਦੇ ਦਰਵਾਜ਼ੇ ਖੋਲ੍ਹ ਰਹੇ ਸਨ...ਤਦ ਮੈਨੂੰ ਮਹਿਸੂਸ ਹੋਇਆ ਸੀ ਕਿ ਭਾਵੇਂ ਜੱਲਾਦ ਨੂੰ ਲੋਕ ਹੋਰ ਨਜ਼ਰ ਨਾਲ ਵੇਖਦੇ ਹਨ ਪਰ ਸਮਾਜ ਵਿੱਚ ਉਸਦਾ ਵੀ ਇੱਕ ਖਾਸ ਰੁਤਬਾ ਹੈ...ਉਸ ਵੇਲੇ ਮੇਰੀ ਉਮਰ ਚੌਵੀ ਪੰਝੀ ਸਾਲ ਦੀ ਸੀ...ਮੈਂ ਸਜ਼ਾਭੋਗੀ ਦੇ ਪੈਰ ਬੰਨ੍ਹੇ ਸਨ ਤੇ ਦਾਦਾ ਜੀ ਨੇ ਲੀਵਰ ਖਿੱਚ ਕੇ ਉਸਨੂੰ ਫਾਂਸੀ ਉੱਪਰ ਲਟਕਾਇਆ ਸੀ...ਉਸ ਤੋਂ ਬਾਅਦ ਮੈਂ ਦਾਦਾ ਜੀ ਤੇ ਪਿਤਾ ਜੀ ਦੀ ਸਾਗਿਰਦੀ ਕੀਤੀ...ਅੱਛੀ ਜੱਲਾਦੀ ਦੇ ਸਾਰੇ ਗੁਰ ਉਹਨਾਂ ਤੋਂ ਸਿੱਖੇ।ਹੁਣ ਮੈਂ ਕਹਿ ਸਕਦਾ ਹਾਂ ਕਿ ਮੈਂ ਆਪਣੇ ਕੰਮ ਵਿੱਚ ਨਿਪੁੰਨ ਹਾਂ...ਤੈਨੂੰ ਪਤੈ...ਆਜ਼ਾਦ ਦੇਸ਼ ਵਿੱਚ ਹੁਣ ਤੱਕ ਇਹਨਾਂ ਚਾਰਾਂ ਨੂੰ ਮਿਲਾ ਕੇ ਕੁਲ ਅੱਠ ਕੁ ਸੋ ਮੁਜ਼ਰਿਮਾਂ ਨੂੰ ਫਾਂਸੀ ਦੀ ਸਜ਼ਾ ਹੋਈ ਹੈ...ਇਹਨਾਂ ਸਾਰਿਆਂ ਨੂੰ ਫਾਂਸੀ ਦੇਣ ਵਾਲੇ ਜੱਲਾਦਾਂ ਵਿੱਚ ਇੱਕ ਵੱਡੀ ਸਾਰੀ ਗਿਣਤੀ ਸਾਡੇ ਜੱਲਾਦ ਪਰਿਵਾਰ ਦੀ ਹੈ...।''

''ਬੱਲੇ ਬੱਲੇ ਮੈਨੂੰ ਪਤਾ ਹੀ ਨਹੀਂ ਸੀ ਕਿ ਮੈਂ ਇੱਕ ਖ਼ਾਨਦਾਨੀ ਜੱਲਾਦ ਨਾਲ ਗੱਲ ਕਰ ਰਿਹਾਂ...ਹਾਹਾਹਾਹਾ।''

''ਭਰਾਵਾ ਮਜ਼ਾਕ ਨਾ ਕਰ...ਅਜੇ ਤਕ ਤੂੰ ਦੱਸਿਆ ਹੈ ਨਹੀਂ ਕਿ ਤੂੰ ਕੌਣ ਹੈ ਤੇ ਅਵਾਤਵਾ ਬੋਲੀ ਜਾ ਰਿਹੈਂ... ਭਰਾਵਾ ਜਦੋਂ ਅਸੀਂ ਇਨਸਾਨਾਂ ਨੂੰ ਫਾਂਸੀ ਉੱਪਰ ਚੜ੍ਹਾਉਂਦੇ ਹਾਂ ਤਾਂ ਅਫ਼ਸੋਸ ਬਹੁਤ ਹੁੰਦਾ ਹੈ ਪਰ ਕੀ ਕਰੀਏ ਸ਼ਾਇਦ ਰੱਬ ਨੇ ਸਾਡੇ ਪਰਿਵਾਰ ਨੂੰ ਇਹੀ ਕੰਮ ਕਰਨ ਵਾਸਤੇ ਇਸ ਦੁਨੀਆਂ ਉੱਪਰ ਭੇਜਿਆ ਹੈ...ਇਸ ਵਾਰ ਵੀ ਜੇਲ੍ਹ ਪ੍ਰਸਾਸ਼ਨ ਵਾਲਿਆਂ ਨੇ ਮੈਨੂੰ ਚਾਰ ਦਿਨ ਪਹਿਲਾਂ ਹੀ ਬੁਲਾ ਲਿਆ ਸੀ... ਉਹਨਾਂ ਨੂੰ ਵੀ ਪੱਕਾ ਭਰੋਸਾ ਸੀ ਕਿ ਇਸ ਵਾਰ ਫਾਂਸੀ ਨਹੀਂ ਟਲੇਗੀ...ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਪਹਿਲੀ ਵਾਰ ਚਾਰ ਮੁਜ਼ਰਿਮਾਂ ਨੂੰ ਇਕੱਠੇ ਫਾਂਸੀ ਹੋ ਰਹੀ ਸੀ...ਫਾਂਸੀ ਵਾਲੀ ਕੋਠੜੀ ਵਿੱਚ ਲੱਗੇ ਲਕੜੀ ਦੇ ਤਖਤੇ ਜਿਹਨਾਂ ਉਪਰ ਸਜ਼ਾ ਭੋਗੀਆਂ ਦੇ ਗਲੇ ਵਿੱਚ ਫੰਦਾ ਪਾ ਕੇ ਖੜਾ ਕਰਦੇ ਹਨ...ਫਿਰ ਤਖਤੇ ਨੂੰ ਉਹਨਾਂ ਦੇ ਪੈਰਾਂ ਹੇਠੋਂ ਖਿਸਕਾ ਦਿੱਤਾ ਜਾਂਦਾ ਹੈ...ਮੈਂ ਉਹਨਾਂ ਤਖਤਿਆਂ ਤੇ ਰੱਸੀਆਂ

ਨੂੰ ਚੰਗੀ ਤਰ੍ਹਾਂ ਪਰਖ ਲੈਣਾ ਚਾਹੁੰਦਾ ਸਾਂ...ਕੋਈ ਕਸਰ ਨਹੀਂ ਛੱਡਣੀ ਚਾਹੁੰਦਾ ਸਾਂ...ਮੈਂ ਚਾਹੁੰਦਾ ਸਾਂ ਕਿ ਜਿਸ ਵੇਲੇ ਮੈਂ ਲੀਵਰ ਖਿੱਚਾਂ ਤਾਂ ਚਾਰੋਂ ਦੇ ਚਾਰੇ ਫਾਹੇ ਲੱਗ ਜਾਣ...ਤਖਤਿਆਂ ਵਾਲੀ ਲਕੜੀ ਤੇ ਰੱਸਿਆਂ ਦੀ ਤਾਕਤ ਨੂੰ ਮੈਂ ਕਈ ਵਾਰ ਪਰਖ ਲਿਆ ਸੀ...ਰੱਸਿਆਂ ਨੂੰ ਘਿਉ, ਕੇਲੇ ਆਦਿ ਨਾਲ ਮੁਲਾਇਮ ਕਰ ਲਿਆ ਸੀ...ਫਾਂਸੀ ਘਰ ਵੀ ਬਹੁਤ ਵਧੀਆ ਸੀ...ਕੋਈ ਘਾਟ ਨਹੀਂ ਸੀ ਉਸ ਵਿੱਚ.. ਉਪਰ ਸ਼ੈੱਡ ਬਣਿਆ ਹੋਇਆ ਸੀ...ਮੈਂ ਫਾਂਸੀ ਤੋਂ ਇੱਕ ਦਿਨ ਪਹਿਲਾਂ ਜਾ ਕੇ ਵੀ ਫਾਂਸੀ ਘਰ ਤੇ ਬਾਕੀ ਉਸ ਵੇਲੇ ਵਰਤੇ ਜਾਣ ਵਾਲੇ ਸਮਾਨ ਨੂੰ ਚੰਗੀ ਤਰ੍ਹਾਂ ਦੋਬਾਰਾ ਪਰਖ ਲਿਆ ਸੀ...ਉੱਥੇ ਉਹਨਾਂ ਚਾਰਾਂ ਕੈਦੀਆਂ ਦੇ ਭਾਰ ਦੇ ਬਰਾਬਰ ਬੋਰੀਆਂ ਵਿੱਚ ਰੇਤ ਪਾ ਕੇ ਉਹਨਾਂ ਨੂੰ ਕੈਦੀ ਸਮਝ ਕੇ ਨਕਲੀ ਫਾਂਸੀ ਦਾ ਅਭਿਆਸ ਲਗਾਤਾਰ ਦੋ ਵਾਰ ਕਰ ਲਿਆ ਸੀ.. ਪਿੱਛਲੇ ਕੱਲ੍ਹ ਹੀ ਆਪਣੀ ਤਰਫੋਂ ਜੇਲ੍ਹ ਪ੍ਰਸਾਸ਼ਨ ਨੂੰ ਸਾਰਾ ਕੁੱਝ ਮੁਕੰਮਲ ਹੋਣ ਦੀ ਇਤਲਾਹ ਦੇ ਦਿੱਤੀ ਸੀ...ਬਸ ਸ਼ਾਮ ਦਾ ਦਿਮਾਗ ਵਿੱਚ ਇੱਕ ਅਜੀਬ ਕਿਸਮ ਦਾ ਡਰ ਹਮੇਸ਼ਾ ਬਣਿਆ ਹੋਇਆ ਸੀ...ਕਿ ਕਿਤੇ ਇਸ ਵਾਰ ਫਾਂਸੀ ਫਿਰ ਨਾ ਟਲ ਜਾਏ...?"

"ਯਾਰ...ਮੈਨੂੰ ਤਾਂ ਲਗਦਾ ਹੈ ਕਿ ਉਸ ਕੁੜੀ ਦੇ ਮਾਪਿਆਂ ਕੋਲੋਂ ਜ਼ਿਆਦਾ ਤੂੰ ਕਾਹਲਾ ਪਿਆ ਹੋਇਆ ਸੀ ਕਿ ਉਹਨਾਂ ਨੂੰ ਫਾਂਸੀ ਚੜਾਉਣਾ ਹੀ ਚੜਾਉਣਾ ਹੈ...ਤੈਨੂੰ ਕਿਸ ਗੱਲ ਦੀ ਕਾਹਲ ਸੀ...? ਚੱਕਰ ਕੀ ਹੈ...?"

"ਭਰਾਵਾ ਹੁਣ ਤੂੰ ਹੱਦ ਤੋਂ ਅੱਗੇ ਵੱਧ ਰਿਹੈਂ...ਚੱਕਰ ਚੁੱਕਰ ਕੋਈ ਨਹੀਂ ਸੀ ਪਰ ਕੀ ਕਰਾਂ...ਸਚਮੁਚ ਮੈਂ ਚਾਹੁੰਦਾ ਸਾਂ ਕਿ ਇਸ ਵਾਰ ਫਾਂਸੀ ਨਾ ਟਲੇ...ਜਦੋਂ ਵੀ ਟਾਲੇ ਜਾਣ ਦਾ ਖਿਆਲ ਆਉਂਦਾ ਤਾਂ ਆਪਣੀ ਧੀ ਦੇ ਓਹੀ ਬੋਲ- ਡੈਡੀ ਦੇਖਣਾ ਇਸ ਵਾਰ ਵੀ ਤੁਸੀਂ... ਤੇ ਉਸਦਾ ਉਦਾਸ, ਪਰੇਸ਼ਾਨ ਤੇ ਪ੍ਰਸ਼ਨ ਚਿੰਨ੍ਹਾਂ ਨਾਲ ਭਰਿਆ ਚਿਹਰਾ ਵਾਰ ਵਾਰ ਮੇਰੀਆਂ ਅੱਖਾਂ ਸਾਹਮਣੇ ਘੁੰਮ ਜਾਂਦਾ ਸੀ... ਮੈਂ ਲਗਾਤਾਰ ਰੱਬ ਅੱਗੇ ਅਰਦਾਸ ਕਰ ਰਿਹਾ ਸਾਂ ਕਿ ਇਸ ਵਾਰ ਫਾਂਸੀ ਨਾ ਟਲੇ ਨਹੀਂ ਤਾਂ ਮੇਰੇ ਵਾਸਤੇ ਜਿਊਣਾ ਮੁਸ਼ਕਿਲ ਹੋ ਜਾਵੇਗਾ...ਮੈਂ ਆਪਣੇ ਸਮਾਜ ਵਿੱਚ ਕਿੰਝ ਆਪਣਾ ਮੂੰਹ ਵਿਖਾਵਾਂਗਾ...ਹੁਣ ਤੂੰ ਭਰਾਵਾ ਬਹੁਤੇ ਸਵਾਲ ਨਾ ਕਰੀਂ...ਮੈਂ ਤੈਨੂੰ ਸਾਰਾ ਕੁਝ ਇੱਕੋ ਸਾਹੇ ਦੱਸਦਾਂ...ਫਾਂਸੀ ਤੋਂ ਇੱਕ ਦਿਨ ਪਹਿਲਾਂ ਮੈਂ ਸਾਰਾ ਦਿਨ ਜੇਲ੍ਹ ਵਿੱਚ ਹੀ ਰਿਹਾ...ਨਹਾਇਆ, ਧੋਤਾ...ਭੋਜਨ ਖਾਧਾ।ਥੋੜਾ ਆਰਾਮ ਕੀਤਾ ਫਿਰ ਲੱਗ ਪਿਆ ਤਿਆਰੀ ਕਰਨ...ਸਵੇਰੇ ਸਾਢੇ ਪੰਜ ਵਜੇ ਫਾਂਸੀ ਤਾਂ ਉਹਨਾਂ ਚਾਰਾਂ ਨੂੰ ਲੱਗਣੀ ਸੀ ਪਰ ਇਮਤਿਹਾਨ ਮੇਰਾਂ ਵੀ ਤਾਂ ਹੋਣਾ ਸੀ...ਸਾਰੇ ਮੀਡੀਆ ਵਿੱਚ ਖ਼ਬਰਾਂ ਚਲ ਰਹੀਆਂ ਸਨ ਕਿ ਖਾਨਦਾਨੀ ਜੱਲਾਦ ਨੇ ਉਹਨਾਂ ਚਾਰਾਂ ਨੂੰ ਫਾਂਸੀ ਦੇਣੀ ਹੈ। ਮੇਰੀ ਬੇਚੈਨੀ ਵੀ ਵੱਧ ਰਹੀ ਸੀ...ਮੈਂ ਲਗਾਤਾਰ ਰੱਬ ਅੱਗੇ ਇਹੀ ਦੁਆ ਕਰ ਰਿਹਾ ਸਾਂ ਕਿ ਇਸ ਵਾਰ ਫਾਂਸੀ ਟਲਣੀ ਨਹੀਂ ਚਾਹੀਦੀ...ਫਾਹੇ ਤਾਂ ਮੈਂ ਉਹਨਾਂ ਨੂੰ ਚੜ੍ਹਾ ਕੇ ਹੀ ਛੱਡਾਂਗਾ...ਪਰ ਫਿਰ ਵੱਡੀ ਧੀ ਦੇ ਉਹੀ ਬੋਲ- ਪਾਪਾ, ਮੈਨੂੰ ਲਗਦੈ ਪਿਛਲੀ ਵਾਰ ਦੀ ਤਰ੍ਹਾਂ ਤੁਸੀਂ ਇਸ ਵਾਰ ਵੀ ਮੂੰਹ ਲਟਕਾ ਕੇ ਪਰਤ ਆਉਗੇ...ਇਸ ਵਾਰ ਵੀ ਇਹੀ ਕਹਿ ਦੇਣੈ ਕਿ ਫਾਂਸੀ ਤੋਂ ਇੱਕ ਦਿਨ ਪਹਿਲਾਂ ਇੱਕ ਕੈਦੀ ਨੇ ਨਵੀਂ ਅਰਜ਼ੀ ਲਗਾ ਦਿੱਤੀ...ਅਦਾਲਤ ਨੇ ਫਿਰ ਫਾਂਸੀ ਉੱਪਰ ਰੋਕ ਲਗਾ ਦਿੱਤੀ ਹੈ...ਭਰਾਵਾ ਇਹ ਬੋਲ ਉਸ ਦਿਨ ਘਰ ਤੋਂ ਤੁਰਨ ਲੱਗਿਆਂ ਮੇਰੀ ਵੱਡੀ ਧੀ ਨੇ ਬੁਰਾ ਜਿਹਾ ਮੂੰਹ ਬਣਾਉਦਿਆਂ ਕਹੇ ਸਨ...ਨਾਲ ਹੀ ਉਸਦੀ ਮਾਂ ਮਿਲ ਗਈ ਅਖੇ-ਹੋਰ ਕੀ...ਇਹੀ ਕੁਝ ਹੋਣੈ ਇਸ ਵਾਰ ਵੀ... ਭਰਾਵਾ ਮੈਂ ਬਿਨਾਂ ਕੋਈ ਪ੍ਰਤੀਕਿਰਿਆ ਦਿੱਤੇ ਹੀ ਘਰੋਂ ਤੁਰ ਪਿਆ ਸਾਂ...ਇੱਥੇ ਆ ਕੇ ਭਾਵੇਂ ਮੈਂ ਫਾਂਸੀ ਟੰਗਣ ਵਾਲੇ ਸਾਰੇ ਕੰਮਾਂ ਕਾਰਜਾਂ ਵਿੱਚ ਰੁੱਝਾ ਰਿਹਾ ਪਰ ਧੀ ਦਾ ਕਿਹਾ ਮੈਨੂੰ ਵਾਰ ਵਾਰ ਬੇਚੈਨ ਕਰਦਾ ਰਿਹਾ...ਮੈਂ ਪੂਰੀ ਤਰ੍ਹਾਂ ਸੌਂ ਵੀ ਨਹੀਂ ਸਕਿਆ...ਅੱਜ ਸਵੇਰੇ ਤਿੰਨ ਵਜੇ ਆ ਕੇ ਇੱਕ ਪੁਲਸ ਵਾਲੇ ਨੇ ਮੈਨੂੰ ਜਗਾ ਦਿੱਤਾ ਸੀ...ਮੈਂ ਉਠਿਆ...ਟੀਵੀ ਲਗਾਇਆ...ਫਾਂਸੀ ਨਾਲ ਸਬੰਧਿਤ ਬਰੇਕਿੰਗ ਨਿਊਜ਼ ਲੱਭਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਫਾਂਸੀ ਫਿਰ ਤਾਂ ਨਹੀਂ ਟਾਲ ਦਿੱਤੀ ਗਈ...ਸੁਣਨ ਵਿੱਚ ਆ ਰਿਹਾ ਸੀ ਕਿ ਉਹਨਾਂ ਦੇ ਵਕੀਲ ਨੇ ਉਹਨਾਂ ਚਾਰਾਂ ਨੂੰ ਫਾਂਸੀ ਤੋਂ ਬਚਾਉਣ ਵਾਸਤੇ ਇੱਕ ਹੋਰ ਅਰਜ਼ੀ ਉੱਚ ਅਦਾਲਤ ਵਿੱਚ ਲਗਾਈ ਹੋਈ ਸੀ... ਫਿਰ ਅਚਾਨਕ ਮੇਰੀ ਨਿਗ੍ਹਾ ਪਈ..ਖ਼ਬਰਾਂ ਪੜ੍ਹਨ ਵਾਲਾ ਬੋਲ ਰਿਹਾ ਸੀ-ਸਵੇਰੇ ਤਿੰਨ ਵਜੇ ਅਦਾਲਤ ਦੇ ਜੱਜ ਨੇ ਕੀਤੀ ਫਾਂਸੀ ਟਾਲਣ ਦੀ ਅਰਜ਼ੀ ਖਾਰਜ਼...ਹੁਣ ਫਾਂਸੀ ਲੱਗਣਾ ਲਗਪਗ ਤੈਅ...ਸਾਢੇ ਕੁ ਤਿੰਨ ਵਜੇ ਬਰੇਕਿੰਗ ਨਿਊਜ਼ ਸੁਣ ਕੇ ਦਿਲ ਨੂੰ ਸਕੂਨ ਮਿਲਿਆ ਕਿ ਹੁਣ ਫਾਂਸੀ ਨਹੀਂ ਟਲੇਗੀ...ਦਿਮਾਗ ਵਿੱਚ ਟਿਕ ਟਿਕ ਤਦ ਵੀ ਲੱਗੀ ਰਹੀ...ਕਿਉਂਕਿ ਕੁਝ ਕੇਸਾਂ ਵਿੱਚ ਫਾਂਸੀ ਲੱਗਣ ਤੋਂ ਠੀਕ ਪੰਜ ਮਿੰਟ ਪਹਿਲਾਂ ਤਕ ਵੀ ਫਾਂਸੀ ਟਾਲੀ ਗਈ ਹੈ...ਉਧਰ ਆਪਣੀ ਧੀ ਦਾ ਉਦਾਸ ਚਿਹਰਾ...ਉਸਦੇ ਦਿਲ ਚੀਰਵੇਂ ਬੋਲ...ਚਾਰ ਕੁ ਵਜੇ ਮੈਂ ਫਾਂਸੀ ਵਾਲੀ ਕੋਠੜੀ ਵਿੱਚ ਚਲਾ ਗਿਆ...ਮੇਰੀ ਮਦਦ ਕਰਨ ਵਾਸਤੇ ਪੰਦਰਾਂ ਵੀਹ ਸਿਪਾਹੀ ਤੇ ਜੇਲ੍ਹ ਦੇ ਹੋਰ ਕਰਮਚਾਰੀ ਵੀ ਨਾਲ ਸਨ...ਫਾਂਸੀ ਦੌਰਾਨ ਅੱਸੀ ਇੱਕ ਦੂਸਰੇ ਨਾਲ ਬੋਲਾਂਗੇ ਨਹੀਂ ਬਸ ਕੇਵਲ ਤੇ ਕੇਵਲ ਇਸ਼ਾਰਿਆਂ ਵਿੱਚ ਹੀ ਗੱਲ ਕਰਾਂਗੇ...ਇਸ ਦਾ ਅਭਿਆਸ ਅਸੀਂ ਇੱਕ ਦਿਨ ਪਹਿਲਾਂ ਕਰ ਲਿਆ ਸੀ...ਬਹੁਤ ਜਲਦੀ ਮੈਂ ਤੱਖਤੇ, ਰੱਸੇ ਤੇ ਲੀਵਰ ਨੂੰ ਚੰਗੀ ਤਰ੍ਹਾਂ ਪਰਖ ਲਿਆ...ਸਾਰਾ ਕੁਝ ਤਿਆਰ ਕਰ ਲਿਆ...ਠੀਕ ਪੰਜ ਵਜੇ ਜੇਲ੍ਹ ਮੈਜਿਸਟਰੇਟ ਤੇ ਜੇਲ੍ਹ ਅਧਿਕਾਰੀ

ਵੀ ਜੇਲ੍ਹ ਕੋਠਰੀ ਵਿੱਚ ਪਹੁੰਚ ਗਏ... ਉੱਸੇ ਵੇਲੇ ਮੇਰਾ ਧਿਆਨ ਫਾਂਸੀ ਦੀ ਸਜ਼ਾ ਪਾਏ ਕੈਦੀਆਂ ਦੀ ਕੋਠਰੀ ਵੱਲ ਗਿਆ...ਕੁਝ ਸਾਏ ਫਾਂਸੀ ਵਾਲੀ ਕੋਠਰੀ ਵੱਲ ਆਉਂਦੇ ਵਿਖਾਈ ਦਿੱਤੇ...ਅਚਾਨਕ ਰੋਸ਼ਨੀ ਵਿੱਚ ਆਉਂਦੇ ਹੀ ਸਾਏ ਖਤਮ ਹੋ ਗਏ...ਦੋ ਦੋ ਪੁਲਸ ਵਾਲਿਆਂ ਨੇ ਇੱਕ ਇੱਕ ਕੈਦੀ ਨੂੰ ਸਖਤੀ ਨਾਲ ਬਾਂਹਾਂ ਤੋਂ ਪਕੜਿਆ ਹੋਇਆ ਸੀ...ਜਿਸ ਵੇਲੇ ਉਹ ਫਾਂਸੀ ਦੇ ਤਖਤੇ ਵੱਲ ਆ ਰਹੇ ਸਨ ਤਾਂ ਉਸ ਵੇਲੇ ਉਹ ਚਾਰੋਂ ਥਰ ਥਰ ਕੰਬ ਰਹੇ ਸਨ...ਉਹਨਾਂ ਦੇ ਕਦਮ ਲੜਖੜਾ ਰਹੇ ਸਨ...ਉਹਨਾਂ ਦੇ ਚਿਹਰਿਆਂ ਉੱਪਰ ਕੋਈ ਹਾਵਭਾਵ ਵਿਖਾਈ ਨਹੀਂ ਦੇ ਰਹੇ ਸਨ...ਪਲਾਨਿੰਗ ਦੇ ਅਨੁਸਾਰ ਇੱਕ ਤੱਖਤੇ ਉਪਰ ਦੋ ਦੋ ਕੈਦੀਆਂ ਨੂੰ ਖੜੇ ਕਰ ਦਿੱਤਾ ਗਿਆ...ਮੈਂ ਛੇਤੀ ਨਾਲ ਉਹਨਾਂ ਦੇ ਪੈਰਾਂ ਨੂੰ ਰੱਸੀ ਨਾਲ ਬੰਨਿਆਂ...ਉਹਨਾਂ ਨੇ ਇਸ ਪ੍ਰਤੀ ਕੋਈ ਹਰਕਤ ਨਹੀਂ ਕੀਤੀ.. ਕੋਈ ਵਿਰੋਧ ਨਹੀਂ ਕੀਤਾ...ਫਿਰ ਉਹਨਾਂ ਦੇ ਸਿਰ ਮੂੰਹ ਨੂੰ ਕਾਲਿਆਂ ਟੋਪਾਂ ਨਾਲ ਢੱਕ ਦਿੱਤਾ... ਤੈਨੂੰ ਇੱਕ ਖਾਸ ਗੱਲ ਦੱਸਾਂ ਭਰਾਵਾ...ਮੇਰੇ ਤਜ਼ਰਬੇ ਅਨੁਸਾਰ ਡਰ ਦੇ ਮਾਰਿਆਂ ਫਾਂਸੀ ਚੜ੍ਹਣ ਵਾਲੇ ਬਹੁਤੇ ਲੋਕਾਂ ਦੇ ਡਰ ਦੇ ਮਾਰਿਆਂ ਅੱਧੇ ਸ਼ਰੀਰ ਤਾਂ ਪਹਿਲਾਂ ਹੀ ਮਰ ਚੁੱਕੇ ਹੁੰਦੇ ਹਨ...ਫਾਂਸੀ ਤਾਂ ਬੱਸ ਇੱਕ ਬਹਾਨਾ ਹੀ ਹੁੰਦਾ ਹੈ...ਪਰ ਕਈ ਵਾਰ ਇੰਝ ਨਹੀਂ ਵੀ ਹੁੰਦਾ...ਮੇਰੇ ਦਾਦਾ ਜੀ ਨੇ ਦੱਸਿਆ ਸੀ ਕਿ ਇਕ ਵਾਰ ਫਾਂਸੀ ਵੇਲੇ ਜਦੋਂ ਫਾਂਸੀ ਦੇਣ ਤੋਂ ਅੱਧੇ ਪੌਣੇ ਘੰਟੇ ਬਾਅਦ ਕੈਦੀ ਨੂੰ ਫਾਹੇ ਤੋਂ ਹੇਠਾਂ ਲਾਹਿਆ ਗਿਆ ਤਾਂ ਉਹ ਤਦ ਵੀ ਜਿਊਂਦਾ ਸੀ...ਫੇਰ ਦਾਦਾ ਜੀ ਨੇ ਉਸਦੀਆਂ ਲੱਤਾਂ ਤੇ ਗਰਦਨ ਨੂੰ ਹੱਥ ਨਾਲ ਖਿੱਚ ਕੇ ਉਸਦਾ ਕੰਮ ਤਮਾਮ ਕੀਤਾ ਸੀ...ਦਾਦਾ ਜੀ ਨੇ ਇਹ ਵੀ ਦੱਸਿਆ ਸੀ ਕਿ ਉਹਨਾਂ ਦੇ ਪਿਤਾ ਜੀ ਨੇ ਦੱਸਿਆ ਸੀ ਕਿ ਜਦੋਂ ਉਸਨੇ ਕਰਾਂਤੀਕਾਰੀ ਵੀਰਾਂ ਨੂੰ ਫਾਂਸੀ ਉੱਪਰ ਟੰਗਿਆ ਸੀ ਤਦ ਵੀ ਉਹਨਾਂ ਵਿੱਚੋਂ ਇੱਕ ਕਰਾਂਤੀਕਾਰੀ ਵੀਰ ਨਾਲ ਕੁਝ ਇੰਜ ਦਾ ਹੀ ਵਾਪਰਿਆ ਸੀ...।''

"ਉਸ ਵੇਲੇ ਤੇਰੇ ਦਿਮਾਗ ਵਿੱਚ ਕੀ ਚੱਲ ਰਿਹਾ ਸੀ ਜੱਲਾਦ ਸਾਹਬ...?"

"ਯਾਰ ਤੂੰ ਮੈਨੂੰ ਤਣਜਾਂ ਮਾਰਨ ਤੋਂ ਹੱਟ ਨਹੀਂ ਰਿਹਾ...ਪਲੀਜ਼ ਯਾਰ ਚੁੱਪ ਕਰ ਜਾ...ਫਾਂਸੀ ਦੇਣ ਵਾਲੇ ਸਾਰੇ ਨਿੱਕੇ ਨਿੱਕੇ ਤੇ ਜ਼ਰੂਰੀ ਕੰਮਾਂ ਵਿੱਚ ਰੁੱਝੇ ਹੋਣ ਦੇ ਬਾਵਜੂਦ ਵੀ ਮੈਂ ਵਾਰ ਵਾਰ ਜੇਲ੍ਹਰ ਵੱਲ ਦੇਖਦਾ ਰਿਹਾ...ਡਰ ਇਹੀ ਸੀ ਕਿ ਕਿਤੇ ਲਾਲ ਰੁਮਾਲ ਨੂੰ ਤੇਜ਼ੀ ਨਾਲ ਹੇਠਾਂ ਨੂੰ ਕਰਨ ਦੇ ਇਸ਼ਾਰੇ ਤੋਂ ਪਹਿਲਾਂ ਹੱਥ ਦੇ ਇਸ਼ਾਰੇ ਨਾਲ ਮੈਨੂੰ ਮਨ੍ਹਾਂ ਨਾ ਕਰ ਦੇਵੇ...ਉਧਰ ਜੇਲ੍ਹਰ ਦਾ ਧਿਆਨ ਆਪਣੇ ਦਫ਼ਤਰ ਵੱਲ ਲੱਗਿਆ ਹੋਇਆ ਸੀ ਕਿ ਕਿਤੇ ਕੋਈ ਅਧਿਕਾਰੀ ਫਾਂਸੀ ਨਾਲ ਸਬੰਧਿਤ ਕਿਸੇ ਪ੍ਰਕਾਰ ਦੀ ਹਿਦਾਇਤ ਲੈ ਕੇ ਭੱਜਿਆ ਨਾ ਆਉਂਦਾ ਹੋਵੇ ਪਰ ਠੀਕ ਸਾਢੇ ਪੰਜ ਵਜੇ, ਜੇਲ੍ਹਰ ਨੇ ਜਿਵੇਂ ਹੀ ਲਾਲ ਰੁਮਾਲ ਨੂੰ ਸੱਜੇ ਹੱਥ ਨਾਲ ਉੱਪਰ ਨੂੰ ਚੁੱਕ ਕੇ ਤੇਜ਼ੀ ਨਾਲ ਹੇਠਾਂ ਨੂੰ ਸਰਕਾਇਆ...ਮੇਰੇ ਸ਼ਰੀਰ ਵਿੱਚ ਅਚਾਨਕ ਜ਼ੋਰਦਾਰ ਫੁਰਤੀ ਆ ਗਈ...ਮੈਂ ਦੱਸ ਸੈਕਿੰਡਾਂ ਦੇ ਵਕਫ਼ੇ ਵਿੱਚ ਹੀ ਜ਼ੋਰ ਨਾਲ ਵਾਰੋ ਵਾਰੀ ਦੋਨੋ ਲੀਵਰ ਪਿੱਛੇ ਨੂੰ ਖਿੱਚ ਦਿੱਤੇ...ਧੱੜਮ ਨਾਲ ਉਹ ਚਾਰੇ ਮੌਤ ਦੇ ਖੂਹ ਵਿੱਚ ਲੱਟਕ ਗਏ...ਤੜਫਣ ਲੱਗੇ...ਕੰਬਨ ਲੱਗੇ...ਦਸ ਕੁ ਮਿੰਟਾਂ ਦੇ ਅੰਦਰ ਅੰਦਰ ਚਾਰੇ ਸ਼ਾਂਤ ਹੋ ਗਏ... ਕੁਝ ਦੇਰ ਬਾਅਦ ਚਾਰਾਂ ਨੂੰ ਫਾਹੇ ਤੋਂ ਉਤਾਰਿਆ...ਡਾਕਟਰਾਂ ਨੇ ਉਹਨਾਂ ਦੇ ਦਿਲ ਦੀ ਧੜਕਨ ਚੈੱਕ ਕੀਤੀ...ਮੌਤ ਦੀ ਲਿਖਤੀ ਪੁਸ਼ਟੀ ਮੈਜਿਸਟਰੇਟ ਨੂੰ ਦਿੱਤੀ...ਉਸ ਵੇਲੇ ਉੱਥੇ ਹਾਜ਼ਰ ਹਰ ਕਿਸੇ ਦੀਆਂ ਨਜ਼ਰਾਂ ਮੈਜਿਸਟਰੇਟ ਉੱਪਰ ਟਿਕੀਆਂ ਸਨ...ਜਿਵੇਂ ਹੀ ਉਸਨੇ 'ਹਾਂ' ਵਿੱਚ ਸਿਰ ਹਿਲਾਇਆ...ਹੋਰਾਂ ਸਮੇਤ ਮੈਨੂੰ ਬਹੁਤ ਵੱਡੀ ਰਾਹਤ ਮਿਲੀ...ਉਸ ਵੇਲੇ ਮੈਂ ਆਸਮਾਨ ਵੱਲ ਦੇਖਿਆ...ਰੱਬ ਦਾ ਸ਼ੁਕਰੀਆ ਅਦਾ ਕੀਤਾ...ਕਮਰੇ ਵਿੱਚ ਪਹੁੰਚਦੇ ਹੀ ਮੈਂ ਆਪਣੀ ਵੱਡੀ ਧੀ ਨੂੰ ਫ਼ੋਨ ਮਿਲਾ ਦਿੱਤਾ- "ਇਸ ਵਾਰ ਨਹੀਂ ਮੈਂ ਆਉਂਦਾ ਖਾਲੀ ਹੱਥ ਧੀਏ...ਪੂਰਾ ਇੱਕ ਲੱਖ ਰੁਪਈਆ ਮਿਲਣਾ ਹੈ...ਆਪਣੀ ਮਾਂ ਨੂੰ ਕਹਿ ਦੇ ਕਿ ਉਹ ਵਿਚੋਲੇ ਨੂੰ ਫ਼ੋਨ ਕਰਕੇ ਕਹਿ ਦੇਵੇ ਕਿ ਮੁੰਡੇ ਵਾਲਿਆਂ ਨੂੰ ਕਹਿ ਦੇਵੇ ਕਿ ਆਉਂਦੇ ਐਤਵਾਰ ਨੂੰ ਹੀ ਬਾਰਾਤ ਲੈ ਕੇ ਆ ਜਾਣ...ਇਸ ਵਾਰ ਨਹੀਂ ਟਾਲਦਾ ਮੈਂ ਆਪਣੀ ਧੀ ਦੇ ਵਿਆਹ ਦੀ ਤਾਰੀਖ...ਮੁੰਡੇ ਨੂੰ ਬਾਈਕ ਦੇਣ ਵਾਲੀ ਗੱਲ ਵੀ ਪੱਕੀ ਕਰ ਦਿਉ...।"

"ਪੱਕਾ ਡੈਡੀ...?"

"ਹਾਂ, ਹਾਂ, ਹਾਂ...।"

ਮੈਂ ਜ਼ੋਰ ਦੀ ਬੋਲਿਆ ਸਾਂ।

"ਹੈਲੋ ...ਓਹ ਭਾਈ ਸਾਹਿਬ...ਹੁਣ ਕਿੱਥੇ ਚਲਾ ਗਿਐਂ ਤੂੰ...ਬੋਲਦਾ ਕਿਉਂ ਨਹੀਂ...?"

"ਕੀ ਹੋਇਆ ਜੱਲਾਦ ਸਾਹਿਬ...ਇੱਕਲੇ ਹੀ ਕਿਸ ਨਾਲ ਗੱਲਾਂ ਮਾਰੀ ਜਾ ਰਹੇ ਸੀ...ਮੈਂ ਅੱਧੇ ਘੰਟੇ ਤੋਂ ਬਾਹਰ ਖੜਾ ਸੁਣ ਰਿਹਾ ਸਾਂ..?..ਚਲੋ, ਜੇਲਰ ਸਾਹਿਬ ਨੇ ਬੁਲਾਇਆ ਕਹਿੰਦੇ ਤੁਹਾਡਾ ਹਿਸਾਬ ਕਿਤਾਬ ਕਰਨੈਂ...।"

ਤੁਤਬੁਤ ਹੋਇਆ ਮੈਂ ਸਿਪਾਹੀ ਦੇ ਪਿੱਛੇ ਪਿੱਛੇ ਤੁਰ ਪਿਆ।

## ਕਵਿਤਾਵਾਂ / ਕੁਲਬੀਰ ਬਡੇਸਰੋਂ

### ਸਿਖ਼ਰ

**(ਉਸ ਰਿਸ਼ਤੇ ਦੇ ਨਾਂਅ,
ਜਿਸਨੂੰ ਬਚਾਉਣ ਦੀ ਕੋਸ਼ਿਸ਼ ਮੈਂ
ਦਿਲੋਂ ਜਾਨ ਨਾਲ ਕੀਤੀ)**

ਵੇਖ ਆਪਾਂ ਸਿਖ਼ਰ ਤੇ ਪਹੁੰਚ ਗਏ ਹਾਂ,
ਕਦੋਂ ਪਹੁੰਚੇ, ਕਿਵੇਂ ਪਹੁੰਚੇ,
ਪਤਾ ਹੀ ਨਹੀਂ ਲੱਗਿਆ !
ਸਾਥ ਸੀ ਨਾ ਤੇਰਾ !
ਇਸ ਲਈ ਨਾ ਪਤਾ ਲੱਗਿਆ,
ਵਕਤ ਦਾ, ਨਾ ਤ੍ਰੇਹ ਦਾ,
ਨਾ ਭੁੱਖ ਦਾ, ਨਾ ਦੁੱਖ ਦਾ !
ਇਹ ਤਾਂ ਹੁਣ ਹੀ ਹੈ ਜਾਣਿਆ,
ਕਿ ਪਹੁੰਚੇ ਹਾਂ ਕਿੱਥੇ,
ਜਦ ਤੱਕਿਆ ਪਿਛਾਂਹ ਮੁੜ ਕੇ,
ਅਚਾਨਕ !
ਕਿ ਕਿੰਨੀ ਡੂੰਘੀ ਹੈ ਖਾਈ,
ਕਿੰਨੀ ਚੌੜੀ,ਕਿੰਨੀ ਭਿਆਨਕ,
ਜਿਵੇਂ ਭੁੱਖੇ ਜਨੌਰ ਦਾ ਜਬਾੜਾ ਹੁੰਦੈ !
ਦਹਿਲ ਹੀ ਤਾਂ ਗਿਆ ਦਿਲ ...!
ਵੇਖ, ਹੁਣ ਨਾ ਢਿੱਲੀ ਕਰੀਂ ਹੱਥਾਂ ਦੀ ਪਕੜ,
ਨਾ ਲਿਆਈਂ ਮਨ 'ਚ ਦੁਚਿੱਤੀ ਦੀ ਲਹਿਰ,
ਕੀਤਾ ਜੇ ਤੂੰ ਹੁਣ ਇਹ ਕਹਿਰ,
ਤਾਂ ਹੋਏਗੀ ਸਿਰਫ਼ ਫ਼ਿਸਲਨ ਹੀ ਫ਼ਿਸਲਨ,
ਉਖੜ੍ਹਦੇ ਹੀ ਜਾਣਗੇ ਫਿਰ ਇਹ ਕਦਮ,
ਬਚੇਗੀ ਸਿਰਫ਼ ਭਟਕਣ ਹੀ ਭਟਕਣ !
ਨਾ ਲੱਭੇਗਾ ਕੋਈ ਰਾਹ ਕਿ
ਧੁੰਦ ਹੀ ਧੁੰਦ ਹੈ !
ਦਮ-ਘੋਟੂ ਹਵਾ ਜਿਸਮ ਨੂੰ ਚੀਰਦੀ,
ਨੁਕੀਲੀਆਂ ਚਟਾਨਾਂ, ਤਿੱਖੀਆਂ ਡਰਾਉਣੀਆਂ,
ਜ਼ਹਿਰੀਲੀਆਂ ਬੂਟੀਆਂ,
ਕੰਡਿਆਲੀਆਂ ਝਾੜੀਆਂ,
ਦਲਦਲ ਵੱਲ ਪੁਕਾਰਦੀਆਂ, ਧਰੂਹਦੀਆਂ !
ਖਾਮੋਸ਼ ਤੇ ਚਾਲਬਾਜ਼ ਅਵਾਜ਼ਾਂ, ਜੰਗਲ ਦੀਆਂ
ਪਾਗਲ ਕਰ ਦੇਣਗੀਆਂ !
ਵੇਖ ਹੁਣ ਮੈਂ ਤੁਰਨਾ ਹੈ,
ਤੇਰੇ ਕਦਮਾਂ ਦੇ ਨਿਸ਼ਾਨਾਂ ਤੇ ਕਦਮ ਧਰ ਕੇ,
ਤੇਰਾ ਹੱਥ ਫੜ੍ਹ ਕੇ,
ਤੇਰੇ ਪਿੱਛੇ ਲੱਗ ਕੇ !
ਹੁਣ ਨਾ ਢਿੱਲੀ ਕਰੀਂ ਹੱਥਾਂ ਦੀ ਪੱਕੜ,




ਮਨ 'ਚ ਨਾ ਲਿਆਈਂ ਦੁਚਿੱਤੀ ਦੀ ਲਹਿਰ,
ਕਦੀ ਨਾ ਢਾਈਂ ਹੁਣ ਇਹ ਕਹਿਰ,
ਕਿ ਆਪਾਂ ਸਿਖ਼ਰ ਤੇ ਪਹੁੰਚ ਗਏ ਹਾਂ !
ਕਿ ਆਪਾਂ ਸਿਖ਼ਰ ਤੇ ਪਹੁੰਚ ਗਏ ਹਾਂ !

### ਫੁੱਲ -ਸਟਾਪ

ਪ੍ਰਸ਼ਨ-ਚਿੰਨ੍ਹ ਅਨੇਕ
ਮੇਰੇ ਮਨ ਅੰਦਰ,
ਉੱਗਦੇ ਰਹੇ !
ਉੱਤਰਾਂ ਦੀ ਤਲਾਸ਼ ਵਿੱਚ,
ਭਟਕਦੇ ਰਹੇ, ਉਲੱਝਦੇ ਰਹੇ !
ਆਵਾਗੌਣ ਤੁਰਦੇ ਰਹੇ,
ਮੇਰੇ ਨਾਲ ਨਾਲ !
ਮੇਰੇ ਅੰਗ ਸੰਗ !
ਮੈਂ ਕਦੇ ਇਨ੍ਹਾਂ ਤੋਂ ਬੱਚਦੀ,
ਕਦੇ ਇਨ੍ਹਾਂ 'ਚ ਰੱਚਦੀ,
ਕਦੇ ਲੁੱਕਦੀ ਇਨ੍ਹਾਂ ਤੋਂ,
ਤੁਰਦੀ ਰਹੀ !
ਸਮੇਂ ਦੀ ਤੋਰ ਨਾਲ !
ਪਰ ਹੁਣ ਇਉਂ ਤੁਰਦਿਆਂ,
ਰੁਲਦਿਆਂ ਤੇ ਉਲ੍ਹਝਦਿਆਂ,
ਮੈਂ ਥੱਕ ਗਈ ਹਾਂ ਸ਼ਾਇਦ !
ਹੁਣ ਮੈਨੂੰ ਨਾ ਕਿਸੇ ਪ੍ਰਸ਼ਨ-ਚਿੰਨ੍ਹ,
ਨਾ ਕੌਮੇ, ਨਾ ਬਿਹਾਰੀ, ਨਾ ਸਿਹਾਰੀ,
ਨਾ ਅੱਦਕ, ਨਾ ਟਿੱਪੀ,
ਨਾ ਬਿੰਦੀ, ਔਂਕੜ, ਦੁਲੈਂਕੜ,
ਤੇ ਨਾ ਹੀ ਵਿਸਰਾਮ ਚਿਨ੍ਹ ਦੀ ਲੋੜ ਹੈ,
ਲੋੜ ਹੈ ਬੱਸ,
ਇੱਕ ਫੁੱਲ-ਸਟਾਪ ਦੀ !
ਜਿਸ 'ਚ ਸਕੂਨ ਹੈ !
ਚੈਨ ਹੈ !
ਸਾਹ ਹੈ !
ਅਟਕਾਅ ਹੈ!
ਜਿਸਦੇ ਅੱਗੇ ਨਹੀਂ ਚਾਹੀਦਾ ਕੋਈ ਵੀ,
ਨਵਾਂ ਫਿਕਰਾ,
ਨਵਾਂ ਹਿੰਦਸਾ,
ਨਵਾਂ ਸ਼ਬਦ !
ਮੈਨੂੰ ਬੱਸ ਲੋੜ ਹੈ,
ਫੁੱਲ-ਸਟਾਪ ਦੀ !

## ਅਪਣੱਤ / ਪ੍ਰੇਮਸ਼ੰਕਰ ਸ਼ੁਕਲ



ਕਿਤਾਬ ਨੂੰ ਪੜ੍ਹਦਿਆਂ
ਉਂਗਲੀਆਂ ਵਿਚ ਤੇਰੀ ਛੋਹ ਬੋਲ ਪਈ
ਦੂਰ ਤੋਂ ਹੀ ਮੇਰੇ ਚੇਹਰੇ ਤੇ
ਪੈਂਦੀ ਰਹੀ ਤੇਰੇ ਚੇਹਰੇ ਦੀ ਧੁੱਪ

ਗਲੇ ਵਿਚ ਹੁੰਦੀ ਰਹੀ ਗੁਦਗੁਦੀ
ਇਕੱਠਿਆਂ ਪੀਤੇ ਪਾਣੀ ਦੀ

ਕਵਿਤਾ ਵਿਚ ਦੋ ਸਤਰਾਂ
ਸਾਡੇ ਸਾਥ ਦੇ ਵਾਂਗ
ਲਿਖੀਆਂ ਹੋਈਆਂ ਸਨ
ਪੂਰਾ ਕਰਦੀਆਂ ਇਕ ਹੀ ਭਾਵਾਨੁਵਾਦ
ਅੱਖਾਂ ਨੇ ਨਿਹਾਰੀ
ਤੇਰੀ ਹੀ ਦਿਸ਼ਾ ਦੇਰ ਤੱਕ
ਭਾਵੇਂ ਹੀ ਹੈਂ ਤੂੰ ਸੈਂਕੜੇ ਮੀਲ ਦੂਰ
ਸਾਡੀ ਤੜਪ ਦੇ ਸਨਮਾਨ ਵਿਚ ਫੜਫੜਾਏ
ਕਿਤਾਬ ਦੇ ਪੰਨੇ

ਅੱਗੇ ਮੈਂ ਕਿਤਾਬ ਵਿਚ ਹੀ ਪੜ੍ਹਿਆ
ਕਿੰਨੀ ਵੀ ਦੂਰ ਹੋਣ ਇਕ ਦੂਜੇ ਦੇ ਸ਼ਹਿਰ
ਪਰ ਪ੍ਰੇਮੀ ਹੀ ਨੇ ਕਿ ਜੋੜ ਦਿੰਦੇ ਨੇ
ਇਕ ਸ਼ਹਿਰ ਨਾਲ ਦੂਜਾ ਸ਼ਹਿਰ

ਫੈਲਾ ਦਿੰਦੇ ਉਨ੍ਹਾਂ ਵਿਚ
ਅਪਣੱਤ ਦੀ ਸੰਪੂਰਨਤਾ
ਤੇ ਕਰ ਦਿੰਦੇ ਉਨ੍ਹਾਂ ਨੂੰ ਭਰਪੂਰ ਦੂਰੀਹੀਣ
ਪਿਆਰ ਦੇ ਪੀਰੀਅਡ ਵਿਚ
ਦੂਰੀ ਦੇ ਦਾਖਲੇ ਦੀ
ਹੁਣ ਤੱਕ ਕੋਈ ਮਿਸਾਲ ਨਹੀਂ ਮਿਲਦੀ.....।

## ਫੁੱਲ ਅਤੇ ਕੰਡੇ / ਨੀਰਜ ਨੀਰ

ਫੁੱਲਾਂ ਨੂੰ ਮੁੱਲਹੀਣ ਦੱਸ ਕੇ
ਬੀਜੇ ਗਏ ਕੰਡੇ
ਗਿਣਵਾਏ ਗਏ ਉਨ੍ਹਾਂ ਦੇ ਫਾਇਦੇ
ਵਿਚਿਤ੍ਰ ਨਾਵਾਂ ਦੇ ਨਾਲ
ਵੇਚੇ ਗਏ ਉਚੇ ਮੁੱਲ ਤੇ

ਫੁੱਲ ਆਪਣੀਆਂ
ਸਾਰੀਆਂ ਖੁਸ਼ਬੋਆਂ
ਤੇ ਸੁੰਦਰਤਾ ਤੋਂ ਬਾਅਦ ਵੀ
ਖਿਲਰੇ ਪਏ ਨੇ ਘਾਹ ਦੇ ਮੈਦਾਨਾਂ ਤੇ
ਵਿਕ ਰਹੇ ਨੇ
ਲੰਗੜੇ ਘੋੜਿਆਂ ਦੇ ਵਾਂਗ

ਅਸੀਂ ਘੁੰਮ ਰਹੇ ਹਾਂ
ਕੰਡਿਆਂ ਨੂੰ ਸਿਰ ਮੱਥੇ ਤੇ ਚੁੱਕੀ
ਵਿਜਈ ਭਾਵ ਦੇ ਨਾਲ
ਕੰਡੇ ਬਣ ਗਏ ਨੇ
ਸਾਡਾ ਸਟੇਟਸ ਸਿੰਬਲ

ਠੱਗੇ ਜਾਣ ਤੇ ਵੀ
ਜਿੱਤਣ ਦਾ ਅਹਿਸਾਸ ਦਿਵਾਉਣਾ
ਬਾਜ਼ਾਰ ਦੀ ਵੱਡੀ ਕਲਾ ਹੈ

ਕੰਡੇ ਵੱਡੇ ਵੱਡੇ ਸਟੋਰਾਂ ਵਿਚ
ਸਜਾਏ ਜਾ ਰਹੇ ਨੇ
ਨਵੀਆਂ ਚਮਕੀਲੀਆਂ
ਪੈਕਿੰਗਾਂ ਦੇ ਵਿਚ.....।



**ਅਨੁਵਾਦ : ਅ.ਕ.**

## ਨਵਰਚਨਾ / ਹਰਮਹਿੰਦਰ ਸਿੰਘ ਬੇਦੀ



ਉਸਨੇ ਫਿਰ ਪੁੱਛਿਆ ਮੈਨੂੰ ਦੋਬਾਰਾ
ਬਿਨਾਂ ਸ਼ਬਦ ਦੇ ਕੀ
ਕੋਈ ਕਵਿਤਾ ਹੋ ਸਕਦੀ ਹੈ ?

ਲੱਗਿਆ ਸੋਚਣ ਮੈਂ
ਮੈਂ ਦੱਸਦਾ ਹਾਂ
ਕਿਹਾ ਉਸਨੇ
ਹਵਾ ਲਿਖਦੀ ਹੈ
ਬਿਰਖਾਂ ਦੇ ਪੱਤਿਆਂ ਤੇ ਕਵਿਤਾ
ਦਰਖਤ ਲਿਖਦੇ ਨੇ ਸਦਾ ਮਹਾਂ ਕਾਵਿ
ਸੂਰਜ ਨਿੱਤ ਦੇਖਦਾ ਬਣ ਕੇ ਸਾਕਸ਼ੀ
ਧੁੱਪ ਗਾਉਂਦੀ ਹੈ ਗੀਤ
ਧਰਤੀ ਦੇ ਨ੍ਰਿਤ ਤੇ
ਚੰਦ ਵਜਾਉਂਦਾ ਤਾੜੀ
ਪਹਾੜ ਚੁੱਕਦੇ ਸੌਂਹਾਂ
ਸ਼ਿਖਰਾਂ ਨਾਲ ਭਰਦੀ ਰੋਸ਼ਨੀ
ਸਵੇਰੇ ਸਵੇਰੇ
ਲਿਖ ਦਿੰਦਾ ਗਗਨ
ਸ੍ਰਿਸ਼ਟੀ ਦੇ ਮਹਾਨ ਗੀਤ
ਤੈਨੂੰ ਤਾਂ ਸ਼ਬਦ ਮਿਲੇ ਨੇ
ਬਣ ਵਰਦਾਨ
ਮਿੱਟੀ ਬਣੇ ਸੁਗਾਤ
ਸਭ ਦੀ ਝੋਲੀ ਸ਼ਬਦ ਭੰਡਾਰ
ਤਾਰੇ ਭਰ ਦਿੰਦੇ
ਆਕਾਸ਼ ਗੰਗਾ ਨਾਲ ਲਿਖ ਲਿਖ ਕੇ
ਉਹ ਕਵਿਤਾ
ਨਹੀਂ ਮੰਗਦੇ ਸ਼ਬਦ ਉਧਾਰ
ਆਪਣੀ ਗਾਥਾ
ਤੁਸੀਂ ਜਾਣੋ ਕਵੀ
ਲਿਖ ਰਹੀ ਪ੍ਰਕਿਰਤੀ
ਪਲ ਪਲ ਛਿਨ ਛਿਨ ਕਣ ਕਣ
ਕਵਿਤਾ ਦੀ ਨਵਰਚਨਾ.......

## ਜ਼ਮੀਰ ਦੀ ਮੌਤ / ਆਸ਼ਾ ਪਾਂਡੇ ਓਝਾ

ਥੋੜੇ ਜਿਹੇ
ਸਿੱਕਿਆਂ ਦੇ ਬੋਝ ਥੱਲੇ
ਦਬ ਜਾਂਦੀ ਹੈ
ਆਦਮੀ ਦੀ ਅਵਾਜ਼
ਸਭ ਤੋਂ ਸਸਤਾ ਵਿਕਦਾ ਹੈ
ਬਾਜ਼ਾਰਵਾਦ ਦੀ ਦੁਨੀਆਂ ਵਿਚ
ਆਦਮੀ ਦਾ ਜਮੀਰ
ਇਨ੍ਹਾਂ ਦਿਨਾਂ ਵਿਚ
ਪਤਾ ਨਹੀਂ ਕਿਥੇ ਸੁੱਤਾ ਪਿਆ ਹੈ
ਸੀਨੇ ਵਿਚਲਾ ਤੁਫਾਨ



ਅੱਖਾਂ ਦਾ ਪਾਣੀ ਵੀ
ਸੁੱਕ ਚੱਲਿਆ ਹੈ
ਦੱਬੀ ਕੁਚਲੀ
ਮਸਲੀ ਆਤਮਾ
ਗਰੀਬ ਜਿਹੀ ਬੇਵਸ ਲਾਚਾਰ
ਦਫਨ ਕਰ ਕੇ
ਪਰਤੀ ਹੋਵੇ ਜਿਵੇਂ
ਕਿਸੇ ਆਪਣੇ ਨੂੰ ਹੁਣੇ ਹੀ
ਆਪਣੇ ਹੀ ਹੱਥਾਂ ਨਾਲ
ਕੌਣ ਮਰਿਆ ਹੋਵੇਗਾ ਆਖਿਰ
ਕਿਉਂ ਆਤਮਾ ਦੀ
ਸ਼ਕਲ ਹੈ ਬਦਹਾਲ
ਉਫ਼
ਤਾਂ ਇਹ ਜਮੀਰ ਦੇ ਮੌਤ ਸੀ
ਚਲੋ ਦੇਖ ਹੀ ਲਈ ਆਖਿਰ
ਜਿਉਂਦੇ ਜੀ
ਮੌਤ ਦੀ ਦੁਨੀਆਂ ਅਸੀਂ
ਆਪਣੀਆਂ ਅੱਖਾਂ ਨਾਲ......

## ਹੜ੍ਹ / ਅਮਿਤ ਕੁਮਾਰ ਮੱਲ

ਚੀਤੇ ਦੇ ਵਾਂਗ
ਆਪਣੇ ਪੈਰਾਂ ਤੇ
ਦੌੜਦਾ ਪਾਣੀ
ਦਨਦਨਾਉਂਦਾ ਪਾਣੀ
ਕਹਿਰ ਢਾਉਂਦੀ ਨਦੀ
ਬੰਨ੍ਹੀ ਲਕੀਰ ਤੋੜਨ ਲਈ
ਸ਼ੂਕਦੀ ਨਦੀ
ਕਿਸੇ ਦੁਸ਼ਮਣ ਸੈਨਾ ਦੇ ਵਾਂਗ

ਸਭ ਕੁਝ ਤੋੜਦੀ
ਆਪਣੀ ਆਈ
ਤੇ ਆਉਂਦੀ
ਮਿਟਾਉਂਦੀ ਨਦੀ

ਗੁੱਸਾ ਖਤਮ ਹੋਣ ਤੇ
ਛੱਡ ਜਾਂਦੀ
ਟੁੱਟੇ ਹੋਏ ਘਰ
ਸੜਕਾਂ, ਰੇਤ, ਗੰਦਗੀ,
ਜਿਵੇਂ ਜਿੱਤਣ ਵਾਲੀ ਸੈਨਾ
ਛੱਡ ਜਾਂਦੀ
ਟੁੱਟੇ ਭੱਜੇ ਹਥਿਆਰ
ਸਰੀਰ
ਉਮੀਦਾਂ
ਤੇ ਜ਼ਖਮ......



**ਅਨੁਵਾਦ : ਅ.ਕ.**

## ਕਵਿਤਾਵਾਂ / ਸੁਸ਼ਾਂਤ ਸੁਪ੍ਰਿਅ

### ਤੇਰੇ ਨਾਂ ਦੇ ਅੱਗੇ

ਤੇਰੇ ਨਾਂ ਦੇ ਅੱਗੇ ਦਰਿਆ ਲਿਖਦਾ ਹਾਂ,
ਤੇ ਭਿੱਜ ਜਾਂਦਾ ਐ ਮੇਰਾ ਧੁਰ ਅੰਦਰ ਤੱਕ,
ਤੇਰੇ ਨਾਂ ਦੇ ਅੱਗੇ ਰੁੱਖ ਲਿਖਦਾ ਹਾਂ,
ਤੇ ਹਰੀ ਭਰੀ ਹੋ ਜਾਂਦੀ ਹੈ ਮੇਰੀ ਰੂਹ,
ਤੇਰੇ ਨਾਂ ਦੇ ਅੱਗੇ ਪਹਾੜ ਲਿਖਦਾ ਹਾਂ,
ਹੋਰ ਵੀ ਮਜ਼ਬੂਤ ਹੋ ਜਾਂਦਾ ਹੈ ਮੇਰਾ ਇਰਾਦਾ,
ਤੇਰੇ ਨਾਂ ਦੇ ਅੱਗੇ ਜਦ ਕੁਝ ਵੀ ਲਿਖਦਾ ਹੈ
ਪੂਰਾ ਹੋ ਜਾਂਦਾ ਹੈ ਮੇਰਾ ਅਧੂਰਾਪਨ..

### ਮਾਸੂਮੀਅਤ

ਮੈਂ ਆਪਣੀ ਬਾਲਕਨੀ ਦੇ ਗਮਲੇ ਵਿਚ
ਬਾਲਗ ਅੱਖਾਂ ਬੀਜ ਦਿੱਤੀਆਂ,
ਉਥੇ ਕੋਈ ਫੁੱਲ ਨਹੀਂ ਖਿੜਿਆ
ਪਰ ਮੇਰੇ ਘਰ ਦੀ ਸਾਰੀ ਗੋਪਨੀਯਤਾ ਖਤਮ ਹੋ ਗਈ

ਮੈਂ ਆਪਣੀ ਬਾਲਕਨੀ ਦੇ ਗਮਲੇ ਵਿਚ
ਬਾਲਗ ਹੱਥ ਬੀਜ ਦਿੱਤੇ
ਉਥੇ ਕੋਈ ਫੁੱਲ ਨਹੀਂ ਖਿੜਿਆ
ਪਰ ਮੇਰੇ ਘਰ ਦਾ ਸਾਰਾ ਸਮਾਨ ਚੋਰੀ ਹੋਣ ਲੱਗਿਆ

ਮੈਂ ਆਪਣੀ ਬਾਲਕਨੀ ਦੇ ਗਮਲੇ ਵਿਚ
ਬਾਲਗ ਜੀਭ ਬੀਜ ਦਿੱਤੀ
ਉਥੇ ਕੋਈ ਫੁੱਲ ਨਹੀਂ ਖਿੜਿਆ
ਪਰ ਮੇਰੇ ਘਰ ਦੀ ਸਾਰੀ ਸ਼ਾਂਤੀ ਗੁੰਮ ਗਈ

ਹਾਰ ਮੰਨ ਕੇ ਮੈਂ ਆਪਣੀ ਬਾਲਕਨੀ ਦੇ ਗਮਲੇ ਵਿਚ
ਇੱਕ ਬੱਚੇ ਦਾ ਮਨ ਬੀਜ ਦਿੱਤਾ
ਉਥੇ ਹੁਣ ਇਕ ਸੋਹਣਾ ਸੂਰਜਮੁਖੀ
ਖਿੜਿਆ ਹੋਇਆ ਹੈ



**ਪੰਜਾਬੀ ਅਨੁਵਾਦ: ਹਰਦੀਪ ਸਬਰਵਾਲ**

## ਦੇਸ਼ ਦੀ ਤਰੱਕੀ / ਡਾ. ਪਾਨ ਸਿੰਘ



ਜਦੋਂ ਜੀਭ ਲੱਗ ਜਾਵੇ ਅੱਖ ਨਾਲ
ਤੇ ਧੁੰਨੀ ਦਿਲ ਨਾਲ
ਤਾਂ ਸਮਝੋ ਦੇਸ਼ ਤਰੱਕੀ ਕਰ ਰਿਹਾ ਹੈ

ਅੱਖਾਂ ਦੇਖ ਲੈਣ ਰੀੜ੍ਹ ਦੀ ਹੱਡੀ ਤੇ
ਪੈਰ ਸਿਰ ਤੇ ਰੱਖ ਕੇ ਤੁਰ ਪੈਣ
ਤਾਂ ਸਮਝੋ ਦੇਸ਼ ਤਰੱਕੀ ਕਰ ਰਿਹਾ ਹੈ

ਜਦੋਂ ਕਿਸਾਨ ਖੇਤ
ਵੇਚ ਕੇ ਘੁੰਮਣ
ਮਹਿੰਗੀਆਂ ਗੱਡੀਆਂ ਤੇ
ਹੈਲੀਕਾਪਟਰਾਂ ਵਿਚ
ਤਾਂ ਸਮਝੋ ਦੇਸ਼
ਤਰੱਕੀ ਕਰ ਰਿਹਾ ਹੈ

ਜਦੋਂ ਖੂਨ ਦੀ ਥਾਂ ਬਿਜਲੀ ਦੌੜੇਗੀ
ਮਨੁੱਖ ਦੇ ਸਰੀਰ ਵਿਚ
ਤੇ ਹਰ ਕੋਈ ਹਿਮਾਲਾ
ਚੁੱਕ ਕੇ ਤੁਰ ਫਿਰ ਲਵੇਗਾ
ਤਾਂ ਸਮਝੋ ਦੇਸ਼ ਤਰੱਕੀ ਕਰ ਰਿਹਾ ਹੈ

ਜਦੋਂ ਨੇਤਾ ਹੋਣਗੇ
ਸਵੈਘੋਸ਼ਿਤ ਅਹਿੰਸਾਵਾਦੀ
ਤੇ ਸੱਤਵਾਦੀ
ਤਾਂ ਸਮਝੋ ਦੇਸ਼ ਤਰੱਕੀ ਕਰ ਰਿਹਾ ਹੈ

ਇਸ ਦੇਸ਼ ਦੀ ਤਰੱਕੀ
ਬਸ ਇਨ੍ਹਾਂ ਨਿੱਕੀਆਂ ਨਿੱਕੀਆਂ
ਗੱਲਾਂ ਤੇ ਹੀ ਅੜੀ ਹੋਈ ਹੈ......।

**ਅਨੁਵਾਦ : ਅ.ਕ.**

ਕਹਾਣੀ

# ਹਥਿਆਰ / ਬਲਵੰਤ ਚੌਹਾਨ



ਅਨੁਪਮਾ ਐਸ ਟੀ ਡੀ ਤੋਂ ਗੱਲ ਕਰਕੇ ਨਿਕਲੀ ਮੂਹਰੇ ਮੰਗਲ ਚਾਚਾ ਖੜ੍ਹਾ ਸੀ। ਮੰਗਲ ਨੂੰ ਦੇਖ ਕੇ ਅਨੁਪਮਾ ਦੇ ਚਿਹਰੇ ਤੇ ਬਨਾਉਟੀ ਜਿਹੀ ਮੁਸਕਾਨ ਫੈਲ ਗਈ। ਮੰਗਲ ਵੱਲੋਂ ਕੋਈ ਸਵਾਲ ਹੋਣ ਤੋਂ ਪਹਿਲਾਂ ਹੀ ਅਨੁਪਮਾ ਬੋਲ ਪਈ "ਚਾਚਾ ਜੀ, ਮੇਰਾ ਬੀ ਐਡ ਦਾ ਰਿਜਲਟ ਆ ਗਿਐ ...ਮੈਂ ਯੂਨੀਵਰਸਿਟੀ 'ਚੋਂ ਪੰਜਵੇਂ ਨੰਬਰ ਤੇ ਆਈ ਹਾਂ... ਮੇਰੇ ਚੰਗੇ ਨੰਬਰਾਂ ਨੂੰ ਦੇਖ ਕੇ ਕਾਲਜ ਵਾਲਿਆਂ ਨੇ ਮੈਨੂੰ ਆਪਣੇ ਕਾਲਜ ਵਿਚ ਹੀ ਰੱਖ ਲਿਐ। ਮੈਂ ਉਹੀਉ ਪਤਾ ਕਰਨ ਆਈ ਸੀ। ਥੋੜ੍ਹੇ ਦਿਨਾਂ ਤੱਕ ਨਿਯੁਕਤੀ ਪੱਤਰ ਭੇਜ ਦੇਣਗੇ।" ਮੰਗਲ ਦਾ ਆਸ਼ੀਰਵਾਦੀ ਹੱਥ ਅਨੁਪਮਾ ਦੇ ਸਿਰ ਤੇ ਜਾ ਟਿਕਿਆ।

"ਚਾਚਾ ਜੀ, ਤੁਸੀ ਮੇਰਾ ਬਹੁਤਾ ਫਿਕਰ ਨਾ ਕਰਿਆ ਕਰੋ, ਮੈਂ ਤੁਹਾਡਾ ਤਾਂ ਕੀ...ਸਾਰੇ ਪਿੰਡ ਦਾ ਕਦੇ ਸਿਰ ਨੀਵਾਂ ਨਹੀਂ ਹੋਣ ਦਿਆਂਗੀ।" ਫਜ਼ੂਲ ਹੀ ਮੰਗਲ ਦੇ ਉਹਦੇ ਪਿੱਛੇ ਪਿੱਛੇ ਆ ਜਾਣ ਕਰਕੇ ਹਰਖ ਜਤਾਉਣ ਲਈ ਤੇ ਮੰਗਲ ਦੀਆਂ ਮਗਰਮੱਛ ਵਾਂਙ ਭਰ ਆਈਆਂ ਅੱਖਾਂ ਵੱਲ ਵੇਖਦਿਆਂ ਅਨੁਪਮਾ ਨੇ ਕਿਹਾ।

ਅਨੁਪਮਾ ਕਾਹਲੀ ਨਾਲ ਘਰ ਵੱਲ ਨੂੰ ਤੁਰੀ ਜਾਂਦੀ ਸੋਚਦੀ ਜਾ ਰਹੀ ਸੀ ਕਿ ਉਹਦੀ ਸਕੂਲ ਦੀ ਪੜ੍ਹਾਈ ਖਤਮ ਹੁੰਦਿਆਂ ਹੀ ਇਸ ਘਰ ਨੂੰ ਉਹਦੇ ਵਿਆਹ ਦਾ ਫਿਕਰ ਹੋਣ ਲੱਗ ਪਿਆ। ਪਰਾਏ ਧੰਨ ਨੂੰ ਦੂਜੇ ਘਰ ਭੇਜਣ ਦੀ ਕਾਹਲ ਹੋਣ ਲੱਗ ਪਈ। ਅਨੁਪਮਾ ਨੇ ਚਾਚੇ ਮੂਹਰੇ ਬੜੇ ਹਾੜੇ ਕਢੇ ਕਿ ਉਹਨੂੰ ਪੜ੍ਹਾਈ ਪੂਰੀ ਕਰ ਲੈਣ ਦਿਉ। ਪੜ੍ਹਾਈ ਪੂਰੀ ਕਰਕੇ ਪੈਰਾਂ ਸਿਰ ਖੜ੍ਹਾ ਹੋ ਲੈਣ ਦਿਉ। ਪੈਰਾਂ ਸਿਰ ਖੜ੍ਹਾ ਬੰਦਾ ਕਿਸੇ ਤੋਂ ਓਏ ਨਹੀਂ ਕਹਾਉਂਦਾ। ਪਰ ਇਨ੍ਹਾਂ ਇਕ ਨਾ ਸੁਣੀ। ਸ਼ਗਨ ਪਾ ਕੇ ਵਿਆਹ ਧਰ ਦਿੱਤਾ। ਸ਼ਗਨਾਂ ਦੇ ਗੀਤ ਗਾਉਣ ਲੱਗੇ।

ਅਨੁਪਮਾ ਜਦੋਂ ਉਸ ਪਰਿਵਾਰ ਵਿਚ ਵਿਆਹੁਲੀ ਗਈ ਤਾਂ ਭਲਾ ਹੋਵੇ ਉਸ ਬਜ਼ੁਰਗ ਦਾ, ਜਿਹਨੂੰ ਪਤਾ ਲੱਗ ਗਿਆ ਕਿ ਅਨੁਪਮਾ ਦੀ ਪੜ੍ਹਾਈ ਅਧੂਰੀ ਹੈ ਅਤੇ ਉਹ ਦਿਲੋਂ ਪੜ੍ਹਨਾ ਵੀ ਚਾਹੁੰਦੀ ਹੈ। ਉਹਨੇ ਅਨੁਪਮਾ ਨੂੰ ਬੜੇ ਪਿਆਰ ਨਾਲ ਕੋਲ ਬਿਠਾ ਕੇ ਕਿਹਾ – "ਪੁੱਤ ਘਰ ਦਾ ਗੋਹਾ ਕੂੜਾ ਕਰਨ ਵਾਲੇ ਤਾਂ ਇਸ ਘਰ 'ਚ ਹੋਰ ਬਥੇਰੇ ਐ...ਘਰ ਦੇ ਕੰਮ ਤਾਂ ਹੁੰਦੇ ਰਹਿੰਦੇ ਨੇ... ਤੂੰ ਆਪਣੀ ਪੜ੍ਹਾਈ ਪੂਰੀ ਕਰ...ਬੀਆ ਪਾਸ ਕਰਕੇ ਮਾਸਟਰੀ ਦਾ ਕੋਰਸ ਕਰਲੈ...ਐਨੇ ਪੈਸਿਆਂ ਦਾ ਸਾਨੇ ਕੀ 'ਚਾਰ ਪਾਉਣੈ...ਪੁੱਤ ਐਥੀ ਪਿਆ ਰਹਿ ਜਾਣੈ...ਛੱਡ ਜਾਣੈ ਸਭ ਕੁਸ ਉਰੇ ਈ...ਕੱਫਣ ਦੇ ਤਾਂ ਨਾ ਕੋਈ ਜੇਬ ਨਾ ਖੀਸਾ...ਖਾਲੀ ਹੱਥ ਜਾਣਾ ਪੈਂਦੈ।"

ਉਹਨਾਂ ਨੇ ਅਨੁਪਮਾ ਨੂੰ ਕਾਲਜ ਦਾਖਲ ਕਰਵਾ ਦਿੱਤਾ। ਉਹਨੂੰ ਸਕੂਟਰ ਚਲਾਉਣਾ ਸਿਖਾ ਦਿੱਤਾ। ਜਦੋਂ ਚੰਗੀ ਤਰ੍ਹਾਂ ਸਕੂਟਰ ਚਲਾਉਣ ਲੱਗ ਪਈ, ਉਹਨੂੰ ਐਕਟਿਵਾ ਲੈ ਦਿੱਤਾ। ਉਹ ਐਕਟਿਵਾ ਤੇ ਕਾਲਜ ਜਾਣ ਲੱਗੀ। ਉਹ ਬੀਏ ਚੰਗੀ ਪੁਜੀਸ਼ਨ 'ਚ ਪਾਸ ਕਰ ਗਈ। ਨਾਲ ਲਗਦੇ ਹੀ ਓਹਨੇ ਬੀ.ਐਡ ਵਿਚ ਦਾਖਲੇ ਲਈ ਐਂਟਰੈਂਸ ਟੈਸਟ ਦਿੱਤਾ ਜੋ ਉਹਨੇ ਚੰਗੀ ਪੁਜੀਸ਼ਨ ਨਾਲ ਕਲੀਅਰ ਕਰ ਲਿਆ। ਬੀ.ਐਡ ਵਿਚ ਦਾਖਲਾ ਹੋ ਗਿਆ। ਪੜ੍ਹਾਈ ਕਰਦਿਆਂ ਉਹ ਸਿਆਣੀ ਹੁੰਦੀ ਗਈ। ਉਹਨੂੰ ਲੱਗਣ ਲੱਗਾ ਜਿਵੇਂ ਉਹਨੇ ਜਨਮ ਹੀ ਮਾਸਟਰਾਣੀ ਬਣਨ ਲਈ ਲਿਐ। ਇਹ ਕਿੱਤਾ ਉਸ ਲਈ ਮਿਸ਼ਨ ਬਣਨ ਲੱਗਾ। ਉਹਨੂੰ ਲਗਦਾ ਜਿਵੇਂ ਨਵੇਂ ਸਮਾਜ ਦੀ ਉਸਾਰੀ ਵਿਚ ਉਹਦਾ ਵੀ ਹੱਥ ਹੋਵੇਗਾ। ਨਵੀਂ ਪਨੀਰੀ ਦੀ ਉਸਾਰੀ ਤੇ ਵਿਕਾਸ ਵਿਚ ਉਹਦਾ ਵੀ ਭਰਪੂਰ ਯੋਗਦਾਨ ਹੋਵੇਗਾ। ਇਸ ਤਰ੍ਹਾਂ ਦੇਸ ਦੀ ਵਾਗਡੋਰ ਸਮਝਦਾਰ ਤੇ ਹੋਣਹਾਰ ਹੱਥਾਂ ਵਿਚ ਹੋਵੇਗੀ।

ਉਹਨਾਂ ਦੀ ਜਮੀਨ ਦਾ ਵੱਡਾ ਹਿੱਸਾ ਸਰਕਾਰ ਨੇ ਅਰਬਨ ਅਸਟੇਟ ਵਾਸਤੇ ਐਕੁਆਇਰ ਕਰ ਲਿਆ। ਬੈਂਕ ਖਾਤਿਆਂ ਵਿਚ ਕਾਫੀ ਪੈਸਾ ਜਮ੍ਹਾਂ ਹੋ ਗਿਆ। ਦੋਵੇਂ ਮੁੰਡਿਆਂ ਦੇ ਨਾਂ ਅੱਡ ਅੱਡ ਐਫ ਡੀ ਕਰਵਾ ਦਿੱਤੀ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਂ ਅੱਡ ਐਫ ਡੀ ਕਰਵਾ ਦਿੱਤੀ ਤਾਂ ਜੋ ਵੱਡੇ ਹੋ ਕੇ ਉਹਨਾਂ ਦੇ ਕੰਮ ਆ ਸਕੇ। ਉਹਨਾਂ ਦੀ ਪੜ੍ਹਾਈ ਤੇ ਹੋਰ ਕੰਮ ਕਾਰ ਵਿਚ ਕੋਈ ਔਕੜ ਨਾ ਆਵੇ।

ਇਲਾਕੇ ਦੇ ਸਾਰੇ ਕਿਸਾਨਾਂ ਨੇ ਰਲ ਕੇ ਅਦਾਲਤ 'ਚ ਪਟੀਸ਼ਨ ਪਾ ਦਿੱਤੀ ਕਿ ਮੁਆਵਜ਼ਾ ਬਹੁਤ ਘੱਟ ਮਿਲਿਐ। ਪੈਸਾ ਹੋਰ ਮਿਲਣ ਲੱਗਾ। ਵਧਿਆ ਹੋਇਆ ਪੈਸਾ ਇਕੋ ਵਾਰੀ ਨਹੀਂ ਮਿਲਦਾ ਸੀ। ਜਦ ਇਕ ਫੈਸਲਾ ਕਰਕੇ ਵਧਦਾ ਤਾਂ ਵਕੀਲ ਕੋਈ ਹੋਰ ਨੁਕਤਾ ਰੱਖ ਕੇ ਹੋਰ ਵਧਾਉਣ ਨੂੰ ਆਖ ਦਿੰਦੇ। ਹੇਠਲੀ ਅਦਾਲਤ 'ਚੋਂ ਜਿਤਦੇ, ਉਪਰਲੀ ਅਦਾਲਤ 'ਚ ਹੋਰ ਕੇਸ ਪਾ ਦਿੰਦੇ। ਕੇਸ ਨੂੰ ਲਮਕਾ ਦਿੰਦੇ। ਮੁਆਵਜ਼ਾ ਅਦਾਲਤ 'ਚ ਅਟਕਿਆ ਰਹਿੰਦਾ।

ਅਚਾਨਕ ਅਨੁਪਮਾ ਦੇ ਦਾਦਸਰੇ ਨੂੰ ਦਿਲ ਦਾ ਦੌਰਾ ਪਿਆ, ਖੇਤ ਵਿਚ ਹੀ ਪੰਖੇਰੂ ਉਡ ਗਿਆ। ਅਨੁਪਮਾ ਦੇ ਸਹੁਰੇ ਨੇ ਇਸਨੂੰ ਦਿਲ ਤੇ ਲਾ ਲਿਆ। ਪਿਉ ਦਾ ਉਸਨੂੰ ਬੜਾ ਆਸਰਾ ਸੀ।ਉਸ ਕਰਕੇ ਹੀ ਗੱਡੀ ਰਿੜ੍ਹ ਰਹੀ ਸੀ। ਬੱਚਿਆਂ ਦੀ ਪੜ੍ਹਾਈ ਦਾ ਵੀ ਦਾਦਾ ਹੀ ਫਿਕਰ ਕਰਦਾ ਸੀ। ਜ਼ਿੰਦਗੀ ਦਾ ਲੰਮੇਰਾ ਪੰਧ ਉਹਨੂੰ ਕੰਡਿਆਂ ਨਾਲ ਭਰਿਆ ਲਗਦਾ। ਇਸ

ਗਮ ਨੂੰ ਉਹਨੇ ਦਾਰੂ ਨਾਲ ਭੁਲਾਉਣ ਦਾ ਹੀਲਾ ਕੀਤਾ ਪਰ ਦਾਰੂ ਉਹਦਾ ਇਲਾਜ ਨਾ ਬਣ ਸਕੀ। ਦਾਰੂ ਨੇ ਉਹਦੇ ਫੇਫੜਿਆਂ ਨੂੰ ਸਾੜ ਕੇ ਰੱਖ ਦਿੱਤਾ। ਉਹ ਵੀ ਜਹਾਨ ਤਿਆਗ ਗਿਆ।

ਜਗੀਰ ਘਰ ਦਾ ਲਾਣੇਦਾਰ ਬਣ ਗਿਆ। ਜਗੀਰ ਦੀ ਪਤਨੀ ਰਤਨੋ ਦੀ ਹਕੂਮਤ ਚਲਣ ਲੱਗੀ। ਸ਼ਰੀਕ ਦੇ ਬੱਚਿਆਂ ਨੂੰ ਦਬਾ ਕੇ ਰੱਖਣ ਲੱਗੀ।

ਨਿਰਲੇਪ ਐਮ ਐਸ ਸੀ ਕੰਪਿਊਟਰ ਸਾਇੰਸ ਕਰ ਰਿਹਾ ਸੀ। ਕਾਲਜ ਤੋਂ ਆ ਕੇ ਥੋੜ੍ਹਾ ਆਰਾਮ ਕਰਕੇ ਉਹ ਕੁਝ ਦੇਰ ਪੜ੍ਹਾਈ ਕਰਦਾ। ਪਲ ਕੁ ਲਈ ਅਨੁਪਮਾ ਨਾਲ ਗੱਲਬਾਤ ਕਰਦਾ। ਉਹਦੀ ਪੜ੍ਹਾਈ ਬਾਰੇ ਪੁੱਛ ਪ੍ਰਤੀਤ ਕਰਦਾ। ਰਤਨੋ ਨੂੰ ਉਹ ਦੋਵੇਂ ਮਿਲ ਕੇ ਬੈਠੇ ਰਤਾ ਨਾ ਭਾਉਂਦੇ। ਉਹ ਅੰਦਰੇ ਅੰਦਰ ਕੁੜ੍ਹਦੀ ਰਹਿੰਦੀ। ਉਹਨਾਂ ਨੂੰ ਵੱਖ ਕਰਨ ਦੇ ਬਹਾਨੇ ਲਭਦੀ ਰਹਿੰਦੀ। ਉਹ ਨਿਰਲੇਪ ਨੂੰ ਖੇਤ ਗੇੜਾ ਮਾਰ ਆਉਣ ਨੂੰ ਕਹਿੰਦੀ। ਨਿਰਲੇਪ ਨੂੰ ਪਹਿਲਾਂ ਕਦੇ ਕਿਸੇ ਨੇ ਇਉਂ ਨਹੀਂ ਕਿਹਾ ਸੀ। ਪਰ ਹੁਣ ਜਗੀਰ ਚਾਹੁੰਦਾ ਨਿਰਲੇਪ ਖੇਤ ਵਿਚ ਕੰਮ ਕਰੇ। ਉਹ ਉਹਦੀ ਕੰਪਿਊਟਰ ਸਾਇੰਸ ਦੀ ਪੜ੍ਹਾਈ ਨੂੰ ਤੇ ਅਨੁਪਮਾ ਦੀ ਬੀ ਐਡ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੰਦਾ। ਹਰ ਆਏ ਗਏ ਨੂੰ ਉਹ ਦੋਵੇਂ ਉਹਦੇ ਦੋਸ਼ਾਂ ਦਾ ਬਖਾਨ ਕਰਦੇ ਰਹਿੰਦੇ ਅਖੇ 'ਇਹ ਕੰਮ ਨਹੀਂ ਕਰਦਾ'। ਉਹ ਚਾਹੁੰਦੇ ਰਤਨੋ ਬੈਠੀ ਰਹੇ, ਅਨੁਪਮਾ ਘਰ ਦੇ ਕੰਮਾਂ ਵਿੱਚ ਰੁਲੀ ਰਹੇ। ਨਿਰਲੇਪ ਨੂੰ ਲੋਕੀ ਸਮਝਾਉਂਦੇ। ਉਹ ਉਹਨੂੰ ਦਸਦੇ ਕਿ ਹੁਣ ਉਹਦੇ ਸਿਰ ਤੇ ਉਹਦੇ ਸ਼ਰੀਕ ਦਾ ਹੱਥ ਹੈ। ਉਹਨਾਂ ਦਾ ਕਹਿਣਾ ਵੀ ਮੰਨਣਾ ਪੈਣੈ।

ਨਿਰਲੇਪ ਦਾ ਪੜ੍ਹਾਈ ਵਿਚ ਮਨ ਨਾ ਲਗਦਾ। ਉਹ ਸੋਚਦਾ ਰਹਿੰਦਾ "ਸਮਾਂ ਐਨੀ ਛੇਤੀ ਕਿਵੇਂ ਬਦਲ ਗਿਐ। ਸਭ ਕੁਝ ਉਵੇਂ ਕਿਊਂ ਨਹੀਂ ਚਲਦਾ। ਉਹਨਾਂ ਦੀ ਨੁਕਤਾਚੀਨੀ ਹੀ ਕਿਉਂ ਕਰਨ ਲੱਗ ਪਏ ਨੇ ਸਾਰੇ। ਉਹ ਉਹਨੂੰ ਰੋਟੀ ਭੀਖ ਦੇਣ ਵਾਂਙ ਹੀ ਕਿਊਂ ਦੇਣ ਲੱਗ ਪਏ ਨੇ। ਪੜ੍ਹਾਈ ਦਾ ਖਰਚਾ ਦੇਣ ਲੱਗਿਆਂ ਉਨ੍ਹਾਂ ਦੇ ਮੱਥੇ ਤਿਊੜੀ ਕਿਊਂ ਪੈ ਜਾਂਦੀ ਐ। ਜਦੋਂ ਵੀ ਕੋਈ ਘਰ ਆਉਂਦੈ ਉਨ੍ਹਾਂ ਨੂੰ ਮੇਰੇ ਦੋਸ਼ ਹੀ ਕਿਊਂ ਚੇਤੇ ਆਉਣ ਲਗਦੇ ਨੇ। ਮੈਨੂੰ ਅਨਾਥ ਹੋਣ ਦਾ ਅਹਿਸਾਸ ਕਿਊਂ ਕਰਾਉਣ ਲਗ ਪਏ ਨੇ।"

ਨਿਰਲੇਪ ਹਰ ਵੇਲੇ ਅਜਿਹੀਆਂ ਹੀ ਸੋਚਾਂ 'ਚ ਗੁਆਚਿਆ ਰਹਿੰਦਾ। ਜੇ ਅਨੁਪਮਾ ਨਾਲ ਕੋਈ ਗੱਲ ਕਰਨ ਲਗਦਾ, ਰਤਨੋ ਝੱਟ ਆਵਾਜ਼ ਮਾਰ ਕੇ ਅਨੁਪਮਾ ਨੂੰ ਕੋਈ ਕੰਮ ਕਰਨ ਨੂੰ ਆਖ ਦਿੰਦੀ। ਉਹ ਸਭ ਸਮਝਦਾ ਸੀ ਪਰ ਉਨ੍ਹਾਂ ਮੂਹਰੇ ਆਪਣੇ ਇਤਰਾਜ਼ ਨਾ ਰੱਖਦਾ। ਜੇ ਇਉਂ ਹੁੰਦਾ ਤਾਂ ਤਕਰਾਰਬਾਜ਼ੀ ਨਾਲ ਮਾਹੌਲ ਗਰਮ ਹੋਣ ਦਾ ਡਰ ਰਹਿੰਦਾ।

ਨਿਰਲੇਪ ਦਾ ਕਾਲਜ ਵਿਚ ਅਖੀਰਲਾ ਵਰ੍ਹਾ ਸੀ। ਇਕ ਫਿਜਿਕਸ ਅਧਿਆਪਕ ਆਇਆ ਜਿਹਦੀ ਵਿਦਿਆਰਥੀ ਜਾਣ ਪਛਾਣ ਵੇਲੇ ਸਾਂਝ ਨਿਕਲ ਆਈ। ਉਹ ਨਿਰਲੇਪ ਦੇ ਦਾਦਾ ਜੀ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ। ਉਹ ਉਨ੍ਹਾਂ ਦੀ ਪ੍ਰਸ਼ੰਸਾ ਕਰਦਾ ਰਹਿੰਦਾ। ਨਿਰਲੇਪ ਇਹ ਸੋਚ ਕੇ ਰੋ ਪਿਆ ਕਿ ਚੰਗੇ ਬੰਦੇ ਸਮੇਂ ਤੋਂ ਪਹਿਲਾਂ ਕਿਉਂ ਤੁਰ ਜਾਂਦੇ ਨੇ।

ਅੰਤਿਮ ਇਮਤਿਹਾਨ ਹੋ ਗਿਆ। ਉਹ ਸੋਚਦਾ ਕਾਲਜ ਛੱਡਣ ਪਿੱਛੋਂ ਉਹ ਅਧਿਆਪਕ ਉਹਨੂੰ ਵਾਰ ਵਾਰ ਚੇਤੇ ਆਉਂਦਾ ਰਹੇਗਾ। ਉਹਦਾ ਮਨ ਭਰਿਆ ਹੋਇਆ ਸੀ। ਉਹ ਕਿਸੇ ਆਪਣੇ ਦੇ ਗਲ ਲਗ ਕੇ ਧਾਹਾਂ ਮਾਰ ਕੇ ਰੋ ਲੈਣਾ ਚਾਹੁੰਦਾ ਸੀ। ਪਰ ਉਹਨੂੰ ਕੋਈ ਆਪਣਾ ਨਜ਼ਰ ਨਾ ਆਉਂਦਾ। ਅਧਿਆਪਕ ਭਾਵੇਂ ਉਹਦਾ ਆਪਣਾ ਬਣ ਗਿਆ ਸੀ ਪਰ ਕਾਲਜ ਵਿੱਚ ਉਹ ਤਰਸ ਦਾ ਪਾਤਰ ਬਣਨਾ ਨਹੀਂ ਚਾਹੁੰਦਾ ਸੀ।

ਯਾਦਾਂ ਦਾ ਹਜੂਮ ਉਹਨੂੰ ਹੁਝਾਂ ਮਾਰ ਮਾਰ ਕੇ ਰੋਣ ਲਈ ਉਕਸਾਉਂਦਾ। ਕਾਲਜ ਤੋਂ ਘਰ ਆਉਂਦਿਆਂ ਉਹਨੇ ਚਾਹਿਆ ਬਾਈਕ ਸਾਈਡ ਤੇ ਲਗਾ ਕੇ ਕੁਝ ਦੇਰ ਖੜ੍ਹ ਜਾਵੇ। ਕਿਸੇ ਦਰਖਤ ਨੂੰ ਜੱਫਾ ਮਾਰ ਕੇ ਭੁੱਬੀਂ ਰੋ ਕੇ ਹਲਕਾ ਹੋ ਲਵੇ। ਬਾਈਕ ਕਦੇ ਹੌਲੀ ਹੋ ਜਾਂਦਾ ਕਦੇ ਤੇਜ਼ ਹੋ ਜਾਂਦਾ। ਉਹਤੋਂ ਨਾ ਖੜ੍ਹਿਆ ਜਾ ਰਿਹਾ ਸੀ ਨਾ ਤੁਰਿਆ ਜਾ ਰਿਹਾ ਸੀ।

ਉਹ ਅਨੁਪਮਾ ਕੋਲ ਬੈਠ ਕੇ ਦਿਲ ਦੀ ਗੱਲ ਕਰੇਗਾ। ਇਹ ਸੋਚਦਿਆਂ ਬਾਈਕ ਦੀ ਸਪੀਡ ਤੇਜ਼ ਹੋ ਗਈ। ਮੇਨ ਰੋਡ ਤੇ ਬਹੁਤ ਭੀੜ ਸੀ। ਉਹਦੀ ਬਾਈਕ ਤੇਜ਼ ਚਲ ਰਹੀ ਸੀ। ਉਹਨੂੰ ਪਤਾ ਹੀ ਨਾ ਲੱਗਾ ਕਦੋਂ ਉਹਦੀ ਬਾਈਕ ਸਰੀਏ ਦੇ ਭਰੇ ਟਰੱਕ ਨਾਲ ਟਕਰਾ ਗਈ। ਹੈਲਮਟ ਜਿਹੜਾ ਉਹਨੇ ਆਪਣੀ ਸੁਰੱਖਿਆ ਲਈ ਪਾਇਆ ਹੋਇਆ ਸੀ, ਸਰੀਆ ਹੈਲਮਟ ਨੂੰ ਤੋੜ ਕੇ ਮੱਥੇ ਵਿਚੋਂ ਹੁੰਦਾ ਹੋਇਆ ਸਿਰ ਦੇ ਆਰ ਪਾਰ ਹੋ ਗਿਆ। ਨਿਰਲੇਪ ਸੜਕ ਤੇ ਡਿਗ ਪਿਆ। ਟਰੈਫਿਕ ਪੁਲਿਸ ਨੇ ਚੁੱਕ ਕੇ ਉਹਨੂੰ ਹਸਪਤਾਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਹਨੂੰ ਮਿਰਤਕ ਐਲਾਨ ਦਿੱਤਾ। ਜਾਮਾ ਤਲਾਸ਼ੀ ਵੇਲੇ ਆਈ ਕਾਰਡ ਤੋਂ ਘਰ ਦਾ ਪਤਾ ਮਿਲਿਆ ਤਾਂ ਘਰ ਖ਼ਬਰ ਭੇਜੀ ਗਈ। ਪਰਿਵਾਰ ਨੇ ਤਾਂ ਅਨੁਪਮਾ ਨੂੰ ਪੈਰਾਂ ਸਿਰ ਖੜ੍ਹਾ ਕਰਨ ਦਾ ਹਰ ਹੀਲਾ ਵਰਤਿਆ ਸੀ ਪਰ ਪਰਮਾਤਮਾ ਨੇ ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਹੀ ਖੋਹ ਲਈ। ਉਹ ਖਲਾਅ ਵਿਚ ਲਟਕ ਗਈ।

ਮੰਗਲ ਨੂੰ ਲੱਗਾ ਅਨੁਪਮਾ ਫੇਰ ਉਹਦੇ ਘਰ ਵਾਪਸ ਮੁੜ ਆਈ ਹੈ। ਮੰਗਲ ਦੀ ਅੱਖ ਨਿਰਲੇਪ ਦੇ ਛੋਟੇ ਭਰਾ ਤੇ ਗਈ। ਉਹਨੇ ਚਾਹਿਆ ਉਹਦੇ ਪਗੜੀ ਬੰਨ੍ਹ ਦਿੱਤੀ ਜਾਵੇ। ਅਨੁਪਮਾ ਮੰਗਲ ਨਾਲ ਨਾਰਾਜ਼ ਹੋਈ "ਕੀ ਇਸ ਗਾਂ ਦਾ ਰੱਸਾ ਕਿਸੇ ਦੇ ਹੱਥ ਫੜਾਏ ਬਿਨਾ ਇਹ ਗਾਂ ਘਾਹ ਨਹੀਂ ਚਰ ਸਕਦੀ?" ਅਨੁਪਮਾ ਨੇ ਮੰਗਲ ਨੂੰ ਕਿਹਾ "ਤੁਸੀਂ ਮੇਰਾ ਫਿਕਰ ਕਰਨਾ ਛੱਡ ਦਿਉ!" ਇਸ ਪਰਿਵਾਰ ਨੇ ਤਾਂ ਉਹਦੇ ਤੇ ਕਿੱਡਾ

ਉਪਕਾਰ ਕੀਤਾ ਹੈ, ਉਹਨੂੰ ਪੈਰਾਂ ਸਿਰ ਖੜ੍ਹਾ ਕਰ ਦਿੱਤਾ ਹੈ। ਪਰਮਾਤਮਾ ਨੇ ਭਾਵੇਂ ਉਹਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਲਈ ਹੈ ਪਰ ਇਨ੍ਹਾਂ ਨੇ ਆਪਣੀ ਜ਼ਮੀਨ ਆਪ ਤਲਾਸ਼ਣ ਦੇ ਯੋਗ ਬਣਾ ਦਿੱਤਾ ਹੈ।

ਕਿੰਨੀ ਉਸਾਰੂ ਸੋਚ ਸੀ ਦਾਦਾ ਜੀ ਦੀ। ਉਹਨੂੰ ਬੀ ਐਡ ਕਰਵਾ ਕੇ ਉਹਤੇ ਕਿੰਨਾ ਵੱਡਾ ਅਹਿਸਾਨ ਕਰ ਦਿੱਤਾ ਹੈ। ਵਿਆਹ ਵੇਲੇ ਉਹ ਕੁਝ ਵੀ ਨਾ ਲੈਣ ਤੇ ਅੜ ਗਏ ਸਨ। ਪੇਟੀ, ਜਿਸ ਵਿਚ ਮਾਂ ਦੀਆਂ ਸਧਰਾਂ ਤੇ ਪਿਆਰ ਸਾਂਭਿਆ ਹੋਇਆ ਸੀ, ਬੜਾ ਭਾਵਕ ਜਿਹੇ ਹੋ ਕੇ ਮਜ਼ਬੂਰੀ ਜਿਹੀ ਵਿਚ ਲੈਣੀ ਮੰਨੇ ਸਨ। ਫਰਨੀਚਰ ਤੇ ਹੋਰ ਨਿੱਕ ਸੁੱਕ ਤਾਂ ਉਹ ਉਥੇ ਹੀ ਛੱਡ ਆਏ ਸਨ। ਉਨ੍ਹਾਂ ਕਿਹਾ ਸੀ "ਇਨ੍ਹਾਂ ਚੀਜ਼ਾਂ ਦੇ ਰੱਖਣ ਲਈ ਘਰ ਵਿਚ ਥਾਂ ਹੀ ਨਹੀਂ ਹੈ, ਕਿੱਥੇ ਰੱਖਾਂਗੇ?" ਮੰਗਲ ਫਜ਼ੂਲ ਹੀ ਗੁੱਸੇ ਹੋ ਗਿਆ ਸੀ। ਉਹਨੇ ਤਾਂ ਆਪਣਾ ਹੋਛਾਪਣ ਇਹ ਆਖ ਕੇ ਵਿਖਾ ਦਿੱਤਾ ਸੀ "ਫਿਰ ਇਸ ਖਰਚੇ ਦੀ ਭਰਪਾਈ ਕਿਵੇਂ ਹੋਵੇਗੀ?" ਦਾਦਾ ਜੀ ਉਸ ਨਿੱਕ ਸੁੱਕ ਦੇ ਪੈਸੇ ਦੇਣ ਲਈ ਫਤੂਹੀ ਦੀ ਅੰਦਰਲੀ ਜੇਬ 'ਚੋਂ ਨੋਟਾਂ ਦਾ ਥੱਬਾ ਕਢ ਕੇ ਖੜ੍ਹੇ ਹੋ ਗਏ ਸਨ। ਅਨੁਪਮਾ ਦੇ ਮਾਂ ਬਾਪ ਨਾ ਹੋਣ ਕਰਕੇ ਪਿੰਡ ਦੀ ਪੂਰੀ ਪੰਚਾਇਤ ਤੇ ਸਾਰਾ ਪਿੰਡ ਹੀ ਵਿਸ਼ੇਸ਼ ਤੌਰ ਤੇ ਵਿਆਹ ਵਿੱਚ ਸ਼ਾਮਲ ਸੀ। ਪਿੰਡ ਦੀ ਪੰਚਾਇਤ ਨੇ ਉਹ ਖਰਚਾ ਲੈਣ ਤੋਂ ਮਨ੍ਹਾਂ ਕਰਦਿਆਂ ਉਨ੍ਹਾਂ ਦੇ ਇਸ ਅਹਿਸਾਸ ਦੀ ਬੜੀ ਪ੍ਰਸ਼ੰਸਾ ਕੀਤੀ ਸੀ।

ਅਨੁਪਮਾ ਮਨ ਨੂੰ ਹੋਰ ਪਾਸੇ ਲਾਉਣ ਬਾਰੇ ਸੋਚਣ ਲੱਗੀ। ਜਦੋਂ ਉਹ ਇਕੱਲੀ ਸੋਚਾਂ ਦੀ ਮਹਿਫਿਲ 'ਚ ਬੈਠਦੀ ਤਾਂ ਉਹਨੂੰ ਪੁਰਾਣੀਆਂ ਸਹੇਲੀਆਂ ਚੇਤੇ ਆਉਂਦੀਆਂ। ਉਹ ਪੇਕੀਂ ਗੇੜਾ ਮਾਰ ਆਉਣ ਬਾਰੇ ਵਿਚਾਰ ਕਰਦੀ। ਉਦਾਸ ਸੋਚਾਂ ਦੇ ਖਲਜਗਣ 'ਚੋਂ ਨਿਕਲਣ ਨਾਲ ਸ਼ਾਇਦ ਮਨ ਨੂੰ ਕੁਝ ਸਕੂਨ ਮਿਲੇ। "ਚਲ ਪੁੱਤ ਮਾਰਿਆ ਗੇੜਾ...ਕੋਈ ਹਰਜ ਨੀਂ...।" ਰਤਨੋ ਨੇ ਜਾਣ ਦੀ ਹਾਮੀ ਭਰ ਦਿੱਤੀ।

ਰਤਨੋ ਤੇ ਜਗੀਰ ਦੋਵੇਂ ਚਾਹੁੰਦੇ ਸਨ ਅਨੁਪਮਾ ਹੁਣ ਉਨ੍ਹਾਂ ਕੋਲ ਨਾ ਹੀ ਰਹੇ। ਜਵਾਨੀ ਦੀ ਰਾਖੀ ਕਰਨੀ ਉਨ੍ਹਾਂ ਲਈ ਬੜੀ ਔਖੀ ਜਾਪਦੀ। ਕੀ ਪਤੈ ਕਿਹੜੇ ਪਲ ਕਿਹੜੀ ਘਟਨਾ ਘਟ ਜਾਵੇ। ਦੂਜੇ ਪਾਸੇ ਜਗੀਰ ਨੂੰ ਉਹਦੀ ਲੋੜ ਵੀ ਸੀ। ਮੁਆਵਜੇ ਦੇ ਪੈਸੇ ਨਿਰਲੇਪ ਦੇ ਅਕਾਊਂਟ ਵਿਚ ਆਉਣ ਤੇ ਅਨੁਪਮਾ ਦੇ ਦਸਖਤਾਂ ਦੀ ਲੋੜ ਪੈਣੀ ਹੁੰਦੀ। ਇਸ ਹਾਲਤ ਵਿਚ ਉਹਦਾ ਘਰ ਰਹਿਣਾ ਵੀ ਜਰੂਰੀ ਸੀ। ਪਰ ਉਨ੍ਹਾਂ ਦੀ ਕਮੀਨਗੀ ਚਾਹੁੰਦੀ ਕਿ ਉਹ ਪੇਕਿਆਂ ਤੇ ਸਹੁਰਿਆਂ ਦੇ ਸਫ਼ਰ ਵਿੱਚ ਹੀ ਰੁਝੀ ਰਹੇ।

ਅਨੁਪਮਾ ਨੂੰ ਘਰ ਆਈ ਦੇਖ ਮੰਗਲ ਦੇ ਦਿਲ 'ਚ ਖਿਆਲ ਆਉਂਦਾ ਜਿਵੇਂ ਅਨੁਪਮਾ ਨੂੰ ਜਗੀਰ ਨੇ ਘਰੋਂ ਕੱਢ ਦਿੱਤਾ ਹੈ। ਮੰਗਲ ਉਨ੍ਹਾਂ ਦੀ ਜ਼ਮੀਨ ਦਾ ਹਿਸਾਬ ਲਗਾ ਕੇ ਦੇਖਦਾ। ਉਹ ਹਿਸਾਬ ਲਗਾਉਂਦਾ ਅਨੁਪਮਾ ਦੇ ਹਿੱਸੇ ਕਿੰਨੀ ਕੁ ਜ਼ਮੀਨ ਆਉਂਦੀ ਹੈ। ਪ੍ਰਾਪਰਟੀ ਡੀਲਰਾਂ ਤੋਂ ਪਤਾ ਕਰਕੇ ਉਹਨੂੰ ਗਿਆਨ ਹੁੰਦਾ ਉਥੇ ਇੱਕ ਕਿੱਲੇ ਦੀ ਮਾਰਕੀਟ ਕੀਮਤ ਡੇਢ ਕਰੋੜ ਦੇ ਲਗਭਗ ਸੀ।

ਥੋੜ੍ਹੇ ਥੋੜ੍ਹੇ ਵਕਫ਼ੇ ਨਾਲ ਅਨੁਪਮਾ ਓਧਰੋਂ ਐਧਰ ਤੇ ਐਧਰੋਂ ਓਧਰ ਦਾ ਸਫ਼ਰ ਕਰਦੀ ਰਹੀ। ਮੰਗਲ ਆਪਣੀ ਕਾਰਵਾਈ ਨੂੰ ਅੰਜਾਮ ਦਿੰਦਾ ਰਿਹਾ। ਪਟਵਾਰੀ, ਕਾਨੂੰਗੋ, ਤਹਿਸੀਲਦਾਰ ਸਭ ਨੂੰ ਆਪਣੇ ਹੱਕ ਵਿੱਚ ਕਰਨ ਦਾ ਟਿੱਲ ਲਾਉਂਦਾ ਰਿਹਾ । ਤੀਜੀ ਫੇਰੀ ਵੇਲੇ ਅਨੁਪਮਾ ਦਾ ਠਹਿਰਾਅ ਲੰਮਾ ਹੋ ਜਾਣ ਕਰਕੇ ਮੰਗਲ ਨੂੰ ਰੜਕਣ ਲੱਗ ਪਿਆ। ਇਸ ਵੇਰੀ ਉਹਨੇ ਪੁਲਿਸ ਵਾਲਿਆਂ ਨਾਲ ਵੀ ਗੱਲ ਨਬੇੜਨ ਵਰਗੀ ਗੱਲ ਕਰ ਲਈ।

ਇਕ ਦਿਨ ਅਨੁਪਮਾ ਡਾਕ ਰਾਹੀਂ ਆਈ ਸਰਕਾਰੀ ਚਿੱਠੀ ਨੂੰ ਬੜੇ ਗਹੁ ਨਾਲ ਪੜ੍ਹ ਰਹੀ ਸੀ ਅਤੇ ਅੰਦਰੇ ਅੰਦਰ ਖੁਸ਼ ਹੋ ਰਹੀ ਸੀ। ਕਾਲਜ ਵਾਲਿਆਂ ਉਹਦਾ ਨਿਯੁਕਤੀ ਪੱਤਰ ਭੇਜ ਦਿੱਤਾ ਸੀ। ਉਹਨੂੰ ਛੇਤੀ ਜਾਇਨ ਕਰਨ ਨੂੰ ਕਹਿ ਦਿੱਤਾ ਸੀ। ਚਿੱਠੀ ਨੂੰ ਸੰਭਾਲ ਕੇ ਰਖਦਿਆਂ ਉਹ ਧੋਤੇ ਕੱਪੜਿਆਂ ਦੀਆਂ ਤਹਿਆਂ ਲਗਾਉਣ ਲੱਗ ਪਈ। ਮੰਗਲ ਨੇ ਅਨੁਪਮਾ ਨੂੰ ਬੜੇ ਪਿਆਰ ਨਾਲ ਆਪਣੇ ਕੋਲ ਬੁਲਾਇਆ – "ਬੇਟਾ, ਬਾਤ ਸੁਣ!" ਅਨੁਪਮਾ ਮੰਗਲ ਕੋਲ ਜਾ ਕੇ ਬੈਠ ਗਈ। ਮੰਗਲ ਨੇ ਗੱਲ ਸ਼ੁਰੂ ਕੀਤੀ –

"ਬੇਟਾ, ਹੁਣ ਇਹ ਜਗੀਰ ਦੇ ਅਤਿਆਚਾਰ ਦੀ ਹੱਦ ਐ...ਇਸਤੋਂ ਅੱਗੇ ਤਾਂ ਬੰਦੇ ਦੀ ਸਹਿਣਸ਼ੀਲਤਾ ਜਵਾਬ ਦੇ ਜਾਂਦੀ ਐ। ਪਰ ਘਬਰਾਉਣਾ ਨਹੀਂ ... ਮੈਂ ਸਾਰੀ ਗੱਲ ਕਰ ਲਈ ਐ... ਆਪਾਂ ਕਲ੍ਹ ਨੂੰ ਪੁਲਿਸ ਦੇ ਵਿਮਨ ਸੈੱਲ 'ਚ ਸ਼ਿਕਾਇਤ ਕਰਨ ਚੱਲਾਂਗੇ ...ਉਹ ਐਫ ਆਈ ਆਰ ਦਰਜ ਕਰ ਲੈਣਗੇ...ਜਗੀਰ ਤੇ ਉਹਦਾ ਟੱਬਰ ਉਹਨਾਂ ਦੀਆਂ ਕਮੀਨਗੀਆਂ ਦੀ ਸਜ਼ਾ ਲਈ ਡੱਕੇ ਜਾਣਗੇ...ਕਿੰਨੀ ਕੁ ਦੇਰ ਬੰਦਾ ਬਰਦਾਸ਼ਤ ਕਰਦਾ ਰਹੇਗਾ ।"

ਅਨੁਪਮਾ ਕਾਟਵੀਆਂ ਨਜ਼ਰਾਂ ਨਾਲ ਮੰਗਲ ਵੱਲ ਦੇਖਦਿਆਂ ਬੋਲੀ "ਚਾਚਾ ਜੀ, ਉਸ ਪਰਿਵਾਰ ਨੂੰ ਤੰਗ ਕਰਨ ਵਾਸਤੇ ਹਥਿਆਰ ਬਣੌਣੈ ਤਾਂ ਤੁਸੀਂ ਆਪਣਾ ਕੋਈ ਹਥਿਆਰ ਬਣਾਉ, ਅਨੁਪਮਾ ਨੂੰ ਹਥਿਆਰ ਨਹੀਂ ਬਣਾਉਣਾ ।"

ਇੰਨਾ ਆਖ ਕੇ ਅਨੁਪਮਾ ਆਪਣੀ ਨਿਯੁਕਤੀ ਵਾਲੀ ਥਾਵੇਂ ਜਾਇਨ ਕਰਨ ਲਈ ਜਾਣ ਵਾਸਤੇ ਤਿਆਰੀ ਕਰਨ ਵਿੱਚ ਰੁਝ ਗਈ...

## ਕਵਿਤਾਵਾਂ / ਚਰਨਜੀਤ ਸਿੰਘ ਪੰਨੂੰ

### ਮਾਇਆ

ਮਾਇਆ ਜਾਲ
ਹੈ ਸਭ ਪਾਸਾਰਾ।
ਸੁਪਨਾ ਹੈ ਸਭ
ਮਾਇਆ ਝੂਠੀ।
ਮਾਇਆ ਹੈ ਠਗਣੀ
ਠੱਗੇ ਜਾਉਗੇ,
ਮਾਇਆ ਹੈ ਨਾਗਨੀ,
ਡੰਗੇ ਜਾਉਗੇ,
ਬਚੋ ਇਸ ਤੋਂ,
ਪਾ ਦਿਓ ਸਾਰੀ ਮਾਇਆ,
ਮਾਇਆ ਦੀ ਗੋਲਕ ਵਿਚ।

### ਜੰਨਤ

'ਮੈਂ ਪੰਡਿਤ ਹਾਂ,
ਰਿੱਧੀਆਂ ਸਿੱਧੀਆਂ ਦਾ ਮਾਲਕ,
ਜੰਨਤ ਵਿਚ ਬੰਗਲੇ ਦੀ
ਵਿਵਸਥਾ ਦਾ ਅਧਿਕਾਰੀ ਹਾਂ,
ਦੇ ਦਿਓ ਮੈਨੂੰ ਰਾਹਦਾਰੀ।'
'ਕੰਨ ਪਕੜ ਲੈ...,
ਜਾਗਦਿਆਂ ਨੂੰ ਸੁਆ ਦਿੱਤਾ ਤੂੰ,
ਕਥਾ ਸੁਣਾ ਕੇ,
ਭਟਕਿਆਂ ਨੂੰ ਕੁਰਾਹੇ ਪਾ ਦਿੱਤਾ ਤੂੰ,
ਮੈਨੂੰ ਭੁਲਾ ਦਿੱਤਾ ਤੂੰ।'
ਧਰਮਰਾਜ ਅੱਗ ਬਬੂਲਾ ਹੋ ਗਿਆ।

'ਮੈਂ ਚਾਲਕ ਹਾਂ ਲਾਰੀ ਦਾ,
ਸੁਰਗਾਂ ਦੇ ਪਰਮਿਟ ਦਾ ਹੱਕਦਾਰ।'
ਬੱਸ ਡਰਾਈਵਰ ਦੀ ਪੇਸ਼ੀ ਹੋਈ।
'ਵੈੱਲਕਮ! ਵੈੱਲ ਡੱਨ! ਥੈਂਕ ਯੂ,
ਧੰਨਵਾਦ!
ਲੱਖਾਂ ਪਾਂਧੀਆਂ ਨੂੰ ਰੱਬ ਯਾਦ
ਕਰਾਇਆ ਤੂੰ,
ਬਹਿਸ਼ਤ ਪਹੁੰਚਾਇਆ ਤੂੰ।
ਮੇਰਾ ਸਾਇਲ ਦਾਇਰਾ ਫੈਲਾਇਆ ਤੂੰ,
ਮੇਰਾ ਏਕਾਧਿਕਾਰ ਗਲੋਬ ਵਧਾਇਆ ਤੂੰ।



ਸ਼ਾਬਾਸ਼! ਥੈਂਕ ਯੂ,
ਸਾਰਾ ਬਹਿਸ਼ਤ ਹਵਾਲੇ ਤੇਰੇ,
ਲੈ ਫੜ ਸਾਂਭ ਕੁੰਜੀਆਂ ਤੇ ਐਸ਼ ਕਰ।'

### ਕਾਂ ਹੰਸ

ਨਹੀਂ ਮਿਲਦੀਆਂ ਹੁਣ ਛਪੜੀਆਂ,
ਮਨ ਅੰਤਰ ਨਹਾਉਣ ਵਾਲੀਆਂ,
ਕਾਂ ਨੂੰ ਹੰਸ ਬਣਾਉਣ ਵਾਲੀਆਂ।
ਹੁਣ ਕਾਂ ਫਸ ਜਾਂਦਾ ਹੈ ਵਿਚਾਰਾ,
ਨਕਲੀ ਸਾਧਾਂ ਦੇ ਤੰਤਰ ਮੰਤਰ,
ਆਕਰਸ਼ਿਕ ਡੇਰਿਆਂ ਦੇ
ਚਿੱਕੜ ਗਾਰੇ ਵਿਚ ਲੱਥ ਪਥ,
ਡੁੱਬ ਜਾਂਦਾ ਹੈ,
ਗੋਤੇ ਖਾਂਦਾ ਕੋਹ ਕੋਹ ਕੇ ਮਰਦਾ,
ਗੁਆ ਬੈਠਦਾ ਆਪਣੀ ਦ੍ਰਿਸ਼ਟੀ,
ਆਪਣਾ ਮੂਲ, ਆਪਣਾ ਵਜੂਦ।

### ਜਾਂਗਲੀ

ਮੈਂ ਮਾਡਲ ਹਾਂ
ਆਧੁਨਿਕ ਮਾਡਰਨ ਨਮੂਨਾ।
ਚੀਚ ਵਹੁਟੀ ਦੀ ਤਲਾਸ਼ ਵਿਚ,
ਇੰਦਰਜਾਲ ਜੰਗਲ ਲੰਘਦਿਆਂ,
ਸੁਪਨਿਆਂ ਨੂੰ ਫੜਦਿਆਂ,
ਕੱਖ ਚਿੰਬੜ ਗਏ ਮੇਰੇ ਸਿਰ,
ਸਿੰਗ ਨਿਕਲ ਆਏ ਮੇਰੇ ਮੱਥੇ,
ਤਿਣਕੇ ਅਟਕ ਗਏ ਮੇਰੇ ਵਾਲੀਂ,
ਜੰਗਲ ਉੱਗ ਆਏ ਮੇਰੇ ਅੰਦਰ,
ਮੈਂ ਜਾਂਗਲੀ ਨਹੀਂ।

## ਸੁਪਨਾ / ਰੀਨਾ ਬਾਤਿਸ਼

ਦਿਲ ਵਿਚ
ਦਫਨਾਇਆ ਪਿਆ ਹੈ
ਇਕ ਸੁਪਨਾ
ਇਕ ਜਜ਼ਬਾਤ
ਸੁੱਤਿਆਂ ਜਾਗਦਿਆਂ
ਉਠਦਿਆਂ ਬਹਿੰਦਿਆਂ
ਕਰਦੀ ਰਹਾਂ ਵਿਲਾਪ
ਕਬਰ ਵਿਚ
ਦਫਨਾਇਆ ਵੀ ਉਹ
ਸੁਪਨਾ ਮੇਰਾ ਹਾਉਕੇ ਲੈਂਦਾ
ਇੱਕੋ ਗੱਲ ਉਹ ਵਾਰ ਵਾਰ
ਬਸ ਮੈਨੂੰ ਕਹਿੰਦਾ ਰਹਿੰਦਾ
ਕਢ ਕੇ ਮੈਨੂੰ
ਕਬਰ ਦੇ ਵਿਚੋਂ
ਕਿਉਂ ਜਿਉਂਦਾ
ਨਹੀਂ ਕਰ ਲੈਂਦੀ
ਤੂੰ ਬਸ ਮੇਰੀ ਉਂਗਲ ਫੜ ਲੈ
ਬਾਂਹ ਮੈਂ ਆਪੇ
ਫੜ ਲਊਂ ਤੇਰੀ
ਇੱਕ ਜੀਅ ਕਰੇ
ਮੈਂ ਸੁਣਲਾਂ ਉਸਦੀ
ਇਕ ਜੀਅ ਕਰੇ
ਕਰਦਾਂ ਅਣਦੇਖਾ
ਸੰਸਕਾਰਾਂ ਦੇ ਵਿਚ
ਫਸਿਆਂ ਹੋਇਆਂ
ਦੇਣਾ ਪੈ ਰਿਹਾ
ਦੋਚਿਤੀ ਦਾ ਲੇਖਾ.....

## ਚਾਰ ਬੂੰਦਾਂ / ਮਨਜਿੰਦਰ ਕਮਲ

ਇੱਕ ਖ਼ੂਨ ਦੀਆਂ ਚਾਰ ਬੂੰਦਾਂ
ਟਿੱਡਾ , ਸੋਮਾ , ਪੀਤੂ, ਕਰਤਾਰਾ

ਟਿੱਡਾ
ਆਪਣੇ ਮੁੜੇ ਹੋਏ ਪੈਰਾਂ ਨੂੰ
ਲੀਰਾਂ ਦਰ ਲੀਰਾਂ ਨਾ ਬੰਨ੍ਹ ਕੇ ਰੱਖਦਾ
ਸੜਕ ਤੇ ਚੱਲਦਿਆਂ ਲੀਰਾਂ ਘਸਦੀਆਂ
ਟਿੱਡਾ ਲੀਰਾਂ ਦੀ ਕਦਰ ਜਾਣਦਾ

ਤੇ ਸੋਮਾ
ਬੰਦ ਤਾਲਿਆਂ ਦੀ ਚੌਂਕੀਦਾਰੀ ਕਰਦਾ
ਉਸਦੀ ਡਾਂਗ ਨਾਲ ਪੂਰਾ ਅੱਡਾ ਖੜ੍ਹਕਦਾ
ਉਹ ਹਰ ਘਰ ਦੀ ਰਾਖੀ ਪੂਰੀ ਨੀਝ ਨਾਲ ਕਰਦਾ
ਪਰ ਉਸਦਾ ਆਪਣਾ ਘਰ
ਸਾਰੀ ਰਾਤ ਖੁੱਲਾ ਰਹਿੰਦਾ
ਕੁੱਤਿਆਂ ਬਿੱਲਿਆਂ ਲਈ
ਸੋਮਾ ਕਈ ਵਾਰ ਸੋਚਦਾ
ਕੀ ਮੈਂ ਵਿਆਹ ਕੁੱਤਿਆਂ ਬਿੱਲਿਆਂ ਲਈ
ਕਰਾਇਆ ਸੀ

ਤੇ ਪੀਤੂ ਤਨਖ਼ਾਹ ਤੇ ਨਹੀਂ
ਰੋਟੀ ਤੇ ਆਥੜੀ ਕਰਦਾ
ਰੋਟੀ ਫੜ੍ਹਦਿਆਂ ਕਦੇ ਹੱਥ ਲੱਗ ਜਾਂਦਾ
ਉਹ ਗੱਡੇ ਤੇ ਚੜਿਆ ਗੱਡੇ ਦਾ ਮਾਲਕ ਬਣਦਾ
ਪੀਤੂ ਅਈਨੇ 'ਚ ਹੀ ਖੁਸ਼ ਰਹਿੰਦਾ

ਤੇ ਕਰਤਾਰਾ
ਕਿੱਲਿਆਂ ਦੇ ਕਿੱਲੇ ਝੋਨਾ ਲੌਂਦਾ
ਮੱਕੀਆਂ ਗੁੱਡਦਾ ਚਰ੍ਹੀਆਂ ਕੁਤਰਦਾ
ਜੱਟ ਉਸਨੂੰ ਟੋਕੇ ਦੀਆਂ ਛੁਰੀਆਂ ਦੱਸਦੇ
ਪਰ ਕਰਤਾਰਾ ਜੱਟਾਂ ਨੂੰ ਫਰੇਬੀ ਦੱਸਦਾ
ਰਜਿਸਟਰੀ ਵੇਲੇ ਡੇੜ ਕਿੱਲਾ
ਤੇ ਝੋਨੇ ਦੀ ਲਵਾਈ ਵੇਲੇ ਕਿੱਲਾ

ਕਰਤਾਰਾ ਕਰਤਾਰ ਵਾਂਗ ਗੱਲਾਂ ਕਰਦਾ
ਇੱਕ ਖ਼ੂਨ ਦੀਆਂ ਚਾਰ ਬੂੰਦਾਂ
ਟਿੱਡਾ ਸੋਮਾ ਪੀਤੂ ਕਰਤਾਰਾ।

## ਤਲਖੀਆਂ ਦੁਸ਼ਵਾਰੀਆਂ / ਪਰਮਜੀਤ ਕੌਰ ਭੁਲਾਣਾ

ਜਿੰਦਗੀ ਦੀਆਂ ਸਭ ਤਲਖੀਆਂ ਦੁਸ਼ਵਾਰੀਆਂ
ਹੁਣ ਸਾਨੂੰ ਲੱਗਣ ਲੱਗੀਆਂ ਨੇ ਕਿਉਂ ਪਿਆਰੀਆਂ

ਜਿਹੜੀ ਪਹਿਲਾਂ ਕਿਸੇ ਦੀ ਤੂੰ ਵੀ ਨਹੀਂ ਸੀ ਜਰ ਸਕਦੇ
ਹੁਣ ਜਰ ਲਈਆਂ ਸਭ ਬਿਨਾਂ ਕਸੂਰੋਂ ਸਾਰੀਆਂ

ਹਰ ਇਕ ਪੀੜ ਜਿੰਦਗੀ ਵਿੱਚ ਹੁਣ ਸਹਿਣੀ ਆ ਗਈ
ਹੁਣ ਦੁੱਖ ਦੀਆਂ ਪੰਡਾਂ ਵੀ ਨਹੀਂ ਲਗਦੀਆਂ ਭਾਰੀਆਂ

ਅਸੀਂ ਕਦੇ ਵੀ ਕਿਸੇ ਨੂੰ ਮਾੜਾ ਨਹੀਂ ਹੁਣ ਕਹਿੰਦੇ ਹਾਂ
ਭਾਵੇਂ ਲੱਖ ਕਰਦਾ ਰਹੇ ਉਹ ਸਾਡੇ ਨਾਲ ਹੁਸ਼ਿਆਰੀਆਂ


ਅਸੀਂ ਆਪਣੇ ਅੰਦਰ ਦੀ ਹਰ ਖਾਹਿਸ਼ ਮਾਰ ਲਈ
ਸਭ ਮੁੱਕ ਗਈਆਂ ਇੱਛਾਵਾਂ ਜੋ ਸੀ ਮਨ ਵਿੱਚ ਪਾਲੀਆਂ

ਜਦ ਦਾ ਹਰ ਇਕ ਨਾਲ ਹੁਣ ਰੁੱਸਣਾ ਛੱਡ ਦਿੱਤਾ
ਹੁਣ ਤਾਂ ਗੈਰ ਵੀ ਸਿਫਤਾਂ ਕਰਦੇ ਪਏ ਨੇ ਬਾਹਲੀਆਂ

ਅਸੀਂ ਆਪਣੇ ਆਪ ਨੂੰ ਹੈ ਹੁਣ
ਇੰਨਾ ਸਮਝਾ ਲਿਆ ਹੁਣ ਫਰਕ ਨਹੀਂ ਪੈਂਦਾ

ਜਿੰਦਗੀ ਵਾਲੀਆਂ ਇਹਨਾਂ ਬਾਜੀਆਂ ਦਾ
ਅਸੀਂ ਜਿੱਤ ਲਈਆਂ ਉਹ ਬਾਜੀਆਂ ਜਾਂ ਨੇ ਹਾਰੀਆਂ

ਜਿੰਦਗੀ ਦੀਆਂ ਸਭ ਤਲਖੀਆਂ ਦੁਸ਼ਵਾਰੀਆਂ
ਹੁਣ ਸਾਨੂੰ ਲੱਗਣ ਲੱਗੀਆਂ ਨੇ ਕਿਉਂ ਪਿਆਰੀਆਂ



ਜਿਸ ਪਿੰਡ ਵਿੱਚ ਮੈਂ 17 ਸਾਲ ਪੜ੍ਹਾਇਆ, ਉਸ ਪਿੰਡ ਦਾ ਇੱਕ ਐਮ.ਐਲ.ਏ ਸੀ। ਕੁੱਝ ਸਮੇਂ ਲਈ ਜਦੋਂ ਉਸ ਦੀ ਪਾਰਟੀ ਸੱਤਾ ਵਿੱਚ ਆਈ ਤਾਂ ਉਹ ਮੰਤਰੀ ਵੀ ਰਿਹਾ। ਮੇਰੇ ਨਾਲ ਦੇ ਦੋ ਮਾਸਟਰ ਤੇ ਤੀਜਾ ਮੁੱਖ ਅਧਿਆਪਕ ਅਕਸਰ ਹੀ ਉਸ ਦੀ ਕੋਠੀ ਹਾਜ਼ਰੀ ਲਵਾਉਣ ਜਾਂਦੇ। ਮੁੱਖ ਅਧਿਆਪਕ ਤਾਂ ਉਸਦਾ ਖਾਸਾ ਹੀ ਉਪਾਸ਼ਕ ਸੀ ਕਿਉਂਕਿ ਉਸ ਦੀ ਬਦਲੀ ਆਪਣੇ ਹੀ ਪਿੰਡ ਵਿੱਚ ਐਮ.ਐਲ.ਏ. ਦੀ ਸਿਫਾਰਸ਼ ਨਾਲ ਹੀ ਹੋਈ ਸੀ। ਕੋਈ ਵੀ ਗੱਲ ਹੁੰਦੀ ਮੁੱਖ ਅਧਿਆਪਕ ਆਖਦਾ " ਸਰਦਾਰ ਜੀ ਨੇ ਕਿਹੈ ਬਈ ਸਾਰੇ ਮਾਸਟਰ ਸਮੇਂ ਸਿਰ ਸਕੂਲ ਆਇਆ ਕਰਨ। "

"ਸਰਦਾਰ ਜੀ ਨੇ ਕਿਹੈ ਕੋਈ ਮਾਸਟਰ ਪੀਰੀਅਡ ਵਿਹਲਾ ਨਾ ਛੱਡੇ।" "ਸਰਦਾਰ ਜੀ ਨੇ ਕਿਹੈ ਦੋ ਗੜਵੀਆਂ ਤੋਂ ਵੱਧ ਦੁੱਧ ਨਾ ਮੰਗਵਾਇਆ ਜਾਵੇ।" "ਸਰਦਾਰ ਜੀ ਨੇ ਕਿਹੈ....." ਅਸਲ ਗੱਲ ਇਹ ਸੀ ਕਿ ਉਸਨੇ ਜਿਹੜਾ ਕੁੱਝ ਅਧਿਆਪਕਾਂ ਤੋਂ ਕਰਵਾਉਣਾ ਹੁੰਦਾ, ਸਰਦਾਰ ਜੀ ਦਾ ਡਰ ਪਾ ਕੇ ਕਰਵਾਉਂਦਾ। ਕਈ ਵਾਰੀ ਮੈਨੂੰ ਉਸ ਦੀਆਂ ਗੱਲਾਂ ਤੇ ਹਾਸੀ ਵੀ ਆਉਂਦੀ ਕਿਉਂਕਿ ਮੈਨੂੰ ਤਾਂ ਨਾ ਲੇਟ ਆਉਣ ਤੇ ਨਾ ਹੀ ਵਿਹਲੇ ਬੈਠਣ ਦੀ ਮੁੱਢ ਤੋਂ ਹੀ ਆਦਤ ਸੀ। ਇੱਕ ਵਾਰ ਜਦੋਂ ਚੋਣਾਂ ਆਈਆਂ ਤਾਂ ਉਹ ਹਲਕੇ ਵੱਲੋਂ ਵਿਧਾਇਕ ਦੀ ਚੋਣ ਲੜ ਰਿਹਾ ਸੀ। ਮੇਰੇ ਤਿੰਨਾਂ ਸਾਥੀਆਂ ਨੇ ਮੈਨੂੰ ਚੋਣ ਫੰਡ ਵਿੱਚ ਹਿੱਸਾ ਪਾਉਣ ਲਈ ਕਿਹਾ। 'ਭਰਾਵੋ! ਮੇਰਾ ਤਾਂ ਆਵਦਾ ਗੁਜ਼ਾਰਾ ਮੁਸ਼ਕਲ ਨਾਲ ਹੁੰਦੈ, ਮੈਂ ਕਿਸੇ ਨੂੰ ਕੀ ਦੇ ਸਕਦਾਂ!' ਮੈਂ ਸਾਫ਼ ਜਵਾਬ ਦੇ ਦਿੱਤਾ ਸੀ। ਮੇਰਾ ਅਸਲ ਵਿੱਚ ਉਹਨਾਂ ਦਿਨਾਂ ਵਿੱਚ ਮੇਰੀ ਹਾਲਤ ਬਹੁਤ ਤੰਗ-ਦਸਤੀ ਵਾਲੀ ਸੀ। ਤਨਖਾਹ ਥੋੜ੍ਹੀ ਸੀ ਘਰਦਿਆਂ ਤੋਂ ਅੱਡ ਹੋ ਕੇ ਮੈਂ ਇੱਕ ਕਮਰੇ ਦੇ ਮਕਾਨ ਵਿੱਚ ਕਿਰਾਏ ਤੇ ਰਹਿੰਦਾ ਸੀ। ਪਤਨੀ ਤੇ ਦੋ ਬੱਚੇ ਸਨ। ਭੈਣਾਂ ਦੇ ਵਿਆਹ ਤੇ ਲਏ ਕਰਜ਼ੇ ਦੀਆਂ ਕਿਸ਼ਤਾਂ ਭਰਨ ਪਿੱਛੋਂ ਤਨਖ਼ਾਹ ਅੱਧੀ ਰਹਿ ਜਾਂਦੀ। ਮੈਨੂੰ ਯਾਦ ਹੈ ਕਿ ਮੈਂ ਛੱਤ ਵਾਲਾ ਪੱਖਾ ਵੀ ਕਿਸ਼ਤਾਂ ਤੇ ਲਿਆ ਸੀ। ਫਿਰ ਜਦੋਂ ਉਹ ਚੋਣ ਜਿੱਤ ਗਿਆ ਤਾਂ ਵਧਾਈ ਦੇਣ ਲਈ ਨੋਟਾਂ ਦਾ ਹਾਰ ਪਾ ਕੇ ਆਉਣ ਲਈ ਫਿਰ ਮੈਥੋਂ ਹਿਸੇ ਦੀ ਮੰਗ ਕਰਨ ਲੱਗੇ। ਉਦੋਂ ਵੀ ਨਾ ਮੈਂ ਉਹਨਾਂ ਕੋਈ ਪੈਸਾ ਦਿੱਤਾ ਤੇ ਨਾ ਹੀ ਹਾਰ ਪਾਉਣ ਲਈ ਉਹਨਾਂ ਦੇ ਨਾਲ ਗਿਆ। 'ਕੋਈ ਨੀ.... ਕਿਤੇ ਪੈ ਜਾਂਦਾ ਹੁੰਦਾ ਕੰਮ....।' ਉਹ ਮੈਨੂੰ ਅਕਸਰ ਇਸ ਭਾਵਨਾ ਨਾਲ ਚਿਤਾਰਦੇ ਤੇ ਤਾੜਦੇ ਜਿਹੇ ਰਹਿੰਦੇ। ਮੈਨੂੰ ਆਪਣੇ ਕੰਮ ਤੇ ਮਾਣ ਸੀ। 'ਜਦੋਂ ਲੋੜ ਪਈ, ਦੇਖੀ ਜਾਊ!' ਮੈਂ ਘੇਸਲ ਜਿਹੀ ਵੱਟੀ ਰਖਦਾ। ਉਦੋਂ ਸਕੂਲ ਧਰਮਸ਼ਾਲਾ ਵਿੱਚ ਲੱਗਦਾ ਸੀ। ਜਦੋਂ ਕੋਈ ਜੰਞ ਆਉਂਦੀ ਤਾਂ ਸਕੂਲ ਬੰਦ ਰਹਿੰਦਾ। ਧਰਮਸ਼ਾਲਾ ਜਿਸ ਨੂੰ ਉਹ 'ਥ੍ਹਾਈ' ਕਹਿੰਦੇ, ਦੀਆਂ ਛੱਤਾਂ ਚੋਂਦੀਆਂ ਸਨ ਤੇ ਬਦਲਣ ਵਾਲੀਆਂ ਸਨ। ਇਕ ਦਿਨ ਮੈਂ ਜਮਾਤ ਵਿੱਚ ਪੜ੍ਹਾ ਰਿਹਾ ਸਾਂ ਤਾਂ ਛੱਤ ਉੱਤੇ ਬੰਦਿਆਂ ਦੀ ਪੈੜ-ਚਾਲ ਜਿਹੀ ਸੁਣੀ " ਚਲੋ ਹੋਊ ਕੋਈ...।"

ਮੈਂ ਬਹੁਤਾ ਖਿਆਲ ਜਿਹਾ ਨਾ ਕੀਤਾ। ਮੈਂ ਬਲੈਕ ਬੋਰਡ ਉੱਪਰ ਚਾਕ ਨਾਲ ਸਵਾਲ ਸਮਝਾਉਣ ਵਿੱਚ ਵਿਅਸਤ ਸਾਂ। ਕੁੱਝ ਚਿਰ ਬਾਅਦ ਇੱਕ ਮੁੰਡਾ ਜਮਾਤ ਵਿੱਚ ਆ ਕੇ ਕਹਿਣ ਲੱਗਾ, " ਜੀ! ਥੋਨੂੰ ਹੈੱਡ ਸਾਹਿਬ ਨੇ ਛੱਤ ਤੇ ਬੁਲਾਇਐ!" 'ਕਹਿ ਦੇ ਬਈ ਆਉਂਦੇ ਐ!' ਬਿਨਾਂ ਕੋਈ ਕਾਹਲ ਕੀਤਿਆਂ ਮੈਂ ਹੱਥਲਾ ਸੁਆਲ ਪੂਰਾ ਕੀਤਾ, ਬੱਚਿਆਂ ਨੂੰ ਹੋਮ ਵਰਕ ਲਈ ਰਕਮਾਂ ਬੋਰਡ ਤੇ ਲਿਖੀਆਂ ਤੇ ਨਲਕੇ ਤੋਂ ਹੱਥ ਧੋ ਕੇ ਛੱਤ ਤੇ ਜਾਣ ਲੱਗਾ। ਉਦੋਂ ਤੱਕ ਮੰਤਰੀ ਸਾਹਿਬ ਜਾ ਚੁੱਕੇ ਸਨ। ਰੁਮਾਲ ਨਾਲ ਹੱਥ ਪੂੰਝਦਾ ਮੈਂ ਦਫ਼ਤਰ ਵਿੱਚ ਮੁੱਖ ਅਧਿਆਪਕ ਕੋਲ ਚਲਾ ਗਿਆ। " ਕਮਾਲ ਐ ਥੋਡੇ ਵਾਲੀ ਵੀ...ਸਰਦਾਰ ਸਾਹਿਬ ਛੱਤ ਵੇਖਣ ਆਏ ਸੀ। ਸਾਰਾ ਸਟਾਫ਼ ਆ ਗਿਆ.. ਤੁਸੀਂ ਬੁਲਾਏ ਤੋਂ ਵੀ ਨਹੀਂ ਆਏ।" 'ਮੈਂ ਕੰਮ ਕਰਾ ਰਿਹਾ ਸੀ.. ਚਾਕ ਨਾਲ ਹੱਥ ਲਿਬੜੇ ਸਨ, ਧੋ ਕੇ ਆਇਆਂ ਨਾਲੇ ਤੁਸੀਂ ਸਿਆਣੇ ਬੰਦੇ ਹੈਗੇ ਸੀ ਬਥੇਰੇ।' ਉਹ ਕੁੱਝ ਚਿਰ ਔਖਾ ਭਾਰਾ ਰਿਹਾ। ਮੈਂ ਆਪਣੇ ਕੰਮ ਵਿੱਚ ਮਸਤ ਰਹਿੰਦਾ। ਸਰਕਾਰ ਨਵੀਂ-ਨਵੀਂ ਬਣੀ ਸੀ ਬਦਲੀਆਂ ਦਾ ਸਮਾਂ ਆ ਗਿਆ। ਨਵੀਂ ਬਣੀ ਸਰਕਾਰ ਨੇ ਆਪਣੇ ਚਹੇਤੇ ਅਧਿਆਪਕਾਂ ਨੂੰ ਨੇੜੇ ਲਿਆਉਣ ਖਾਤਰ ਲੰਮੀ ਠਾਹਰ ਵਾਲੇ ਅਧਿਆਪਕਾਂ ਦੀਆਂ ਬਦਲੀਆਂ ਕਰਨ ਦਾ ਫੈਸਲਾ ਕਰ ਲਿਆ। ਸਾਰੇ ਜਿਲ੍ਹੇ ਵਿੱਚ ਹਫੜਾ ਦਫੜੀ ਪੈ ਗਈ। ਅਧਿਆਪਕ ਮੰਤਰੀ ਸਾਹਿਬ ਕੋਲ ਨੇੜੇ ਬਦਲੀ ਕਰਵਾਉਣ ਲਈ ਸਿਫਾਰਸ਼ ਵਾਸਤੇ ਨੱਠ-ਭੱਜ ਕਰਨ ਲੱਗੇ। ਮੈਨੂੰ 17 ਸਾਲ ਦੀ ਲੰਮੀ ਠਾਹਰ ਕਾਰਨ ਦੂਰ ਬਦਲੀ ਹੋਣ ਦਾ ਫਿਕਰ ਵੱਢ-ਵੱਢ ਖਾਣ ਲੱਗਾ ਪਰ ਕਿਹੜੇ ਮੂੰਹ ਨਾਲ ਮੰਤਰੀ ਕੋਲ ਜਾਂਦਾ। ਮੈਂ ਤਾਂ ਕਦੀ ਉਸਦੇ ਮੱਥੇ ਵੀ ਨਹੀਂ ਲੱਗਿਆ ਸੀ। ਅਖੀਰ ਘਰ ਤੋਂ 10 ਕੁ ਮੀਲ ਦੂਰ ਇੱਕ ਸਕੂਲ ਵਿੱਚ ਲੰਮੀ ਠਾਹਰ ਵਾਲੇ ਅਧਿਆਪਕ ਨਾਲ ਆਪਸੀ ਬਦਲੀ ਦੀ ਅਰਜੀ ਦੇ ਦਿੱਤੀ। ਬਦਲੀ ਹੋਣ ਤੇ ਮੈਂ ਸਕੂਲੋਂ ਫਾਰਗ ਹੋ ਕੇ ਸਦੇਹਾਂ ਹੀ ਫਿਰਨੀ ਤੇ ਜਾ ਰਿਹਾ ਸਾਂ ਕਿ ਮੇਰੇ ਇੱਕ ਵਿਦਿਆਰਥੀ ਦਾ ਪਿਤਾ ਮਿਲ ਗਿਆ।

"ਮਾਸਟਰ ਜੀ! ਅੱਜ ਕਿਵੇਂ ਸਦੇਹਾਂ ਈ ਮੁੜੇ ਜਾਨੇ ਓ ?" 'ਮੇਰੀ ਬਦਲੀ ਹੋ ਗਈ ਮੈਂ ਕਿਹਾ।' 'ਹੈਂ! ਐਂ ਕਿਵੇਂ ਹੋ ਗਈ ਬਦਲੀ ? ਚਲੋ ਆਪਾਂ ਮੰਤਰੀ ਸਾਹਿਬ ਕੋਲ ਚਲਦੇ ਆਂ। ਐਂ ਕਿਵੇਂ ਜਾਣ ਦਿੰਨੇ ਆ ਥੋਨੂੰ ?' "ਨਹੀਂ ਕਰਤਾਰ ਸਿਹਾਂ.. ਆਪਣੇ ਕਿਹੜਾ ਇੱਥੇ ਨਾਨਕੇ ਐਂ.. ਚਾਰ ਮੀਲ ਇੱਧਰ ਕਿ ਉੱਧਰ..।" ਉਸਦੇ ਦੇ ਬਹੁਤ ਜੋਰ ਦੇਣ ਦੇ ਬਾਵਜੂਦ ਮੈਂ ਉਸਦੀ ਗੱਲ ਨਹੀਂ ਮੰਨੀ ਸੀ। ਅਗਲੇ 16 ਸਾਲ ਅਗਲੇ ਪਿੰਡ ਵਿੱਚ ਨੌਕਰੀ ਕਰਨ ਤੋਂ ਬਾਅਦ ਮੈਂ ਸੇਵਾ ਮੁਕਤ ਹੋ ਗਿਆ। ਅੱਜ ਵੀ ਸ਼ੁਕਰ ਕਰਦਾ ਹਾਂ ਕਿ ਸਾਰੀ ਨੌਕਰੀ ਦੌਰਾਨ ਮੈਨੂੰ ਕਿਸੇ ਦੀ ਜੀ ਹਜ਼ੂਰੀ ਨਹੀਂ ਕਰਨੀ ਪਈ।

## ਅੱਛੇ ਦਿਨ ਉਦੋਂ ਆਉਣਗੇ / ਡਾ. ਗੁਰਪ੍ਰੀਤ ਕੌਰ

ਕਿਸਾਨ  ਆਪਣੀ ਜਿਣਸ ਦਾ
ਜਦੋਂ ਖ਼ੁਦ ਮੁੱਲ ਪਾਉਣਗੇ
ਅੱਛੇ ਦਿਨ ਉਦੋਂ ਆਉਣਗੇ।

ਹੱਕ ਆਪਣੇ ਹਾਸਲ ਕਰ
ਬੇਫਿਕਰ ਹੋ ਕਿਸਾਨ
ਜਦੋਂ ਚੈਨ ਦੀ ਨੀਂਦਰ ਸੌਣਗੇ
ਅੱਛੇ ਦਿਨ ਉਦੋਂ ਆਉਣਗੇ।

ਘਰ-ਘਰ ਨੌਕਰੀ ਹੋਊ
ਹਰ ਚੁੱਲ੍ਹੇ ਪੱਕਦੀ ਰੋਟੀ ਹੋਊ
ਜਦੋਂ ਮਜ਼ਦੂਰ ਨਾ ਭੁੱਖੇ ਸੌਣਗੇ
ਅੱਛੇ ਦਿਨ ਉਦੋਂ ਆਉਣਗੇ।

ਨਸ਼ਿਆਂ ਨੂੰ ਤਿਆਗ ਨੌਜਵਾਨ
ਸਿੱਖਿਆ, ਖੇਡਾਂ ਦੇ ਖੇਤਰ 'ਚ
ਜਦੋਂ ਨਾਮ ਆਪਣਾ ਚਮਕਾਉਣਗੇ
ਅੱਛੇ ਦਿਨ ਉਦੋਂ ਆਉਣਗੇ।

ਹਿੰਦੂ, ਮੁਸਲਿਮ, ਸਿੱਖ, ਇਸਾਈ
ਦਾ ਨਾ ਪਾੜਾ ਹੋਊ
ਮੇਰੀ-ਮੇਰੀ ਤੇਰੀ-ਤੇਰੀ
ਦਾ ਨਾ ਸਾੜਾ ਹੋਊ
ਸਾਰੇ ਮਿਲ ਇੱਕੋ ਰੱਬ ਦਾ
ਨਾਅਰਾ ਲਾਉਣਗੇ
ਅੱਛੇ ਦਿਨ ਉਦੋਂ ਆਉਣਗੇ।



## ਮਜ਼ਦੂਰ ਔਰਤ / ਸੀਮਾ ਜੈ ਵਿਸ਼ਾਲ



ਕੰਮ ਤੋਂ ਘਰ ਉਹ ਪਰਤ ਆਉਂਦੀ
ਸ਼ਾਮ ਦਾ ਰੰਗ ਅੰਬਰਾਂ ਉੱਤੇ ਜਦ ਉਤਰਦਾ
ਫੈਕਟਰੀ ਦੀ ਕਾਲਖ ਲਹਿ ਜਾਵੇ
ਅੱਖਾਂ, ਮੂੰਹ, ਸਿਰ ਦੇ ਵਾਲਾਂ ਨੂੰ
ਸਾਰੇ ਜਿਸਮ ਨੂੰ ਪਾਣੀ ਨਾਲ ਧੋ ਦਿੰਦੀ ਹੈ
ਚੁੱਲੇ ਦੇ ਧੂੰਏ 'ਚ ਧੁਖਣ ਲਈ
ਪਥਰਾਏ ਬੁੱਲ੍ਹਾਂ ਨਾਲ ਫੂਕ ਮਾਰਦੀ ਅੱਗ ਜਲਾਉਂਦੀ
ਰੋਟੀ ਪਕਾਉਂਦੀ ਕਿਸੇ ਤਪਦੇ ਦਰਿਆ ਦੇ ਕੰਡੇ
ਦਫਨਾਏ ਸੁਫਨਿਆਂ ਦੇ ਰੰਗਾਂ ਨੂੰ
ਫਰੋਲਣ ਲਗ ਜਾਂਦੀ ਹੈ ਵਿਛੜਿਆ ਇੱਕ ਸੁਫਨਾ
ਉਸ ਦੀ ਤਲੀ ਤੇ ਆ ਬੈਂਦਾ
ਮੀਂਹ 'ਚ ਉਸਰਦੀ ਧਰਤੀ ਵਾਂਗ
ਖੁਦ ਨੂੰ ਉਹ ਸੰਵਾਰਦੀ ਨੀਲੇ ਅਸਮਾਨ ਉਤੇ ਬੈਠ
ਚੰਨ ਨਾਲ ਬਾਤਾਂ ਪਾਉਂਦੀ
ਢਿੱਡ ਆਪਣੇ ਅੰਦਰ ਇੱਕ ਨਵਾਂ ਸੂਰਜ ਰੱਖ
ਨਿੱਘੀ ਨੀਂਦ ਦੇ ਪੰਘੂੜੇ 'ਚ ਬਹਿੰਦਾ
ਉਸ ਨੇ ਪਾਇਆ ਹੀ ਸੀ ਕਿ ਹਿੱਕ ਪਾੜਵਾਂ ਸਰਾਪ
ਲਹੂ-ਲੁਹਾਣ ਉਸ ਨੂੰ ਕਰ ਜਾਂਦਾ
ਵਾਣ ਦੇ ਮੰਜੇ ਉਤੇ ਪਈ
ਢਿੱਡ ਅੰਦਰ ਅਸਤ ਹੋਏ ਸੂਰਜ ਉੱਤੇ ਹੱਥ ਰੱਖ
ਉਹ ਅਪਣੇ ਅੰਗਾਂ ਨੂੰ ਸਮੇਟਦੀ
ਇੱਕ ਹੋਰ ਸਵੇਰ ਦੀ ਤਲਾਸ਼ ਕਰਦੀ
ਹਨ੍ਹੇਰੇ ਦੀ ਬੁਕਲ 'ਚ ਸੌਂ ਜਾਂਦੀ ਹੈ
ਓ ਰੱਬਾ !
ਮੇਰੇ ਪਿੰਡ ਦੀ ਮਜ਼ਦੂਰ ਔਰਤ  ਨੂੰ ਜਦ ਜਨਮ ਤੂੰ ਦੇਵੇਂਗਾ
ਇੱਕ ਤਵੀਤ ...ਉਸ ਦੇ ਗਲ ਚ ਪਾਵੀਂ
ਟੁੱਟੇ ਸੁਫਨਿਆਂ ਨੂੰ ਪੁਗਾਉਣ ਲਈ।
ਜ਼ਿੰਦਗੀ ਨੂੰ ਜਿਉਣ ਲਈ।

## ਉਦੱਮਤਾ / ਮਨਦੀਪ ਕੌਰ ਭੰਮਰਾ



ਮਨੁੱਖਤਾ ਦੇ ਇਤਿਹਾਸ ਦਾ
ਸਦੀਵੀ ਗੌਰਵ ਉਸਦੀ
ਉੱਦਮਤਾ ਦਾ ਉਹ ਸਦੀਵੀ
ਪਹਿਲੂ ਹੈ, ਜਿਸ ਉੱਪਰ ਚੱਲ ਕੇ
ਮਨੁੱਖਤਾ ਅੱਜ ਇਸ ਅਜ਼ੀਮ
ਪੜਾਅ ਉੱਤੇ ਪੁੱਜੀ ਹੈ...!

ਆਦਿ ਮਨੁੱਖ ਤੋਂ ਲੈ ਕੇ ਨਾਨਕ,
ਬੁੱਧ, ਈਸਾ
ਅਤੇ ਹਜ਼ਰਤ ਮੁਹੰਮਦ ਸਮੇਤ ਸਾਰੇ ਪੈਗ਼ੰਬਰਾਂ
ਦੇ ਕਦਮਾਂ ਨੇ ਧਰਤੀਆਂ ਉੱਪਰਲੇ
ਜੰਗਲ਼ਾਂ ਨੂੰ ਜਿਸ ਹਿੰਮਤ
ਦਲੇਰੀ ਅਤੇ ਸੂਝਬੂਝ ਸੰਗ
ਗਾਹਿਆ ਹੋਵੇਗਾ
ਮੈਂ ਤਾਂ ਉਹਨਾਂ ਅੱਗੇ
ਨਤਮਸਤਕ ਹਾਂ...!

ਜਿਹੜੀ ਹਿੰਮਤ ਸੰਗ
ਮਨੁੱਖ ਦੇ ਮਹਾਨ ਪੂਰਵਜਾਂ ਨੇ
ਮਹਾਂਸਾਗਰਾਂ ਉੱਪਰ ਆਪਣੇ
ਬਾਦਬਾਨਾਂ ਸੰਗ ਯਾਤਰਾ ਕੀਤੀ ਹੋਵੇਗੀ
ਉਹ ਵੀ ਮੈਨੂੰ ਆਚੰਭਿਤ ਕਰਦੀ ਹੈ
ਮੈਂ ਕੋਲੰਬਸੀ ਪ੍ਰਤਿਭਾ ਦੀ ਕਾਇਲ ਹਾਂ...!

ਨੀਲਗਗਨ ਵਿੱਚ ਉਡਾਰੀਆਂ
ਮਾਰਦੀ ਮਨੁੱਖੀ ਸ਼ਕਤੀ
ਵੀ ਮਨੁੱਖ ਦੀ ਕੁਤਬੀ ਸੂਝ ਦੇ ਸਿਤਾਰੇ
ਵਿੱਚ ਅਦਭੁਤ ਚਮਕ ਦੇ ਰਹੀ ਹੈ

ਮੇਰਾ ਕੋਟੀ ਕੋਟਿ ਹੈ ਉਹਨਾਂ
ਮਹਾਨ ਖਗੋਲ
ਵਿਗਿਆਨੀਆਂ ਨੂੰ ਵੀ...!

ਬੇਅੰਤ ਪ੍ਰਾਪਤੀਆਂ ਅਤੇ
ਅਣਥੱਕ ਕੀਤੇ ਕਾਰਜਾਂ ਦੇ ਬਾਵਜੂਦ
ਹਾਲੇ ਵੀ ਸਮਾਜ ਨੇ ਆਮ ਮਨੁੱਖ ਦੇ
ਚੰਗਾ ਜਿਉਣ ਦੇ ਤੌਰ-ਤਰੀਕੇ
ਭਾਲਣ ਵਾਲ਼ੇ ਲੋਕਾਂ ਦੀ ਤਲਾਸ਼
ਕਰਨਾ ਕਰਨੀ ਹੈ ...!

ਆਪਣੇ ਇਸ ਕਾਰਜ ਦੀ ਸਿੱਧੀ ਲਈ
ਮੈਂ ਵੀ ਬੇਹਤਰੀਨ ਤੋਂ ਬੇਹਤਰੀਨ
ਅਤੇ ਸੁਹਿਰਦ, ਕੋਮਲਭਾਵੀ
ਪਰ ਬੇਹੱਦ ਮਜ਼ਬੂਤ ਇਰਾਦੇ ਦੇ ਲੋਕਾਂ
ਦੀ ਤਲਾਸ਼ ਕਰਨ ਵਿੱਚ ਜੁੱਟੀ ਹੋਈ ਹਾਂ
ਜੁੱਟੀ ਰਹਾਂਗੀ ਤਾਂ ਜੋ
ਮਨੁੱਖ ਚੰਗਾ ਜਿਉਂ ਸਕੇ...!

ਇਸ ਕਾਰਜ ਲਈ ਮਨੁੱਖ ਹੀ
ਸਰਬਉੱਤਮ ਪ੍ਰਾਣੀ ਹੋ ਸਕਦਾ ਹੈ
ਆਪੋ ਆਪਣੀ ਸਰਬਉੱਚਤਾ ਦੀ
ਤਲਾਸ਼ ਲਈ ਸਾਨੂੰ ਗਿਆਨ ਦੇ ਸਾਗਰ
ਵਿੱਚ ਤਾਰੀਆਂ ਲਾਉਣੀਆਂ ਪੈਣਗੀਆਂ
ਅੰਤਰਮਨਾਂ ਦਾ ਆਸਰਾ ਸਹਾਈ ਹੋਵੇ...!

ਕਿਸਾਨੀ ਯੁੱਧ ਦੇ ਮੋਰਚੇ ਵਿੱਚ
ਅੰਦੋਲਨਕਾਰੀ ਮਹਾਨ ਲੋਕ
ਅਜਿਹੇ ਹੀ ਯਤਨਾਂ ਵਿੱਚ
ਰੁੱਝੇ ਹੋਏ ਹਨ
ਪੰਜਾਬ ਨੇ ਆਪਣੀ
ਹਸਤੀ ਦੁਨੀਆਂ ਭਰ
ਵਿੱਚ ਦਰਸਾ ਦਿੱਤੀ ਹੈ
ਅਸੀਂ ਸਾਰੇ ਪੰਜਾਬੀ
ਮਨਾਂ ਦੇ ਖੂੰਜਿਆਂ ਵਿੱਚੋਂ
ਵਿਤਕਰਿਆਂ ਦੀ
ਸਾਰੀ ਮੈਲ਼ ਧੋ ਦੇਣੀ ਹੈ ...!

# ਹਿੰਦੀ ਕਹਾਣੀ

## ਬੁਰਾ ਆਦਮੀ / ਪ੍ਰਗਿਆ (ਦਿੱਲੀ)



ਅੱਜ ਮੈਂ ਮਨ ਵਿਚ ਠਾਣ ਲਿਆ ਹੈ ਕਿ ਟੁੱਟੇਜਾ ਸਰ ਸ਼ਾਮ ਨੂੰ ਕੋਈ ਗੇੜਾ ਲਗਵਾਉਣਗੇ ਤਾਂ ਸਾਫ਼ ਮਨਾ ਕਰ ਦਿਆਂਗਾ, ਕਈ ਦਿਨਾਂ ਤੋਂ ਦੇਖ ਰਿਹਾ ਹਾਂ ਉਹ ਮੇਰੇ ਨਾਲ ਇੰਜ ਹੀ ਕਰ ਰਹੇ ਹਨ, ਸਵੇਰ ਵੇਲੇ ਫੀਲਡ ਦਾ ਕੰਮ ਕਰਨ ਜਾਣ ਲਗੇ ਕਿੰਨੀ ਵਾਰੀ ਪੁੱਛਦਾ ਹਾਂ, "ਕੋਈ ਐਮਰਜੈਂਸੀ ਸਰ?" ਮੋਢੇ ਮਾਰ ਕੇ ਨਾ ਕਰ ਦਿੰਦੇ ਹਨ, ਪਰ ਸ਼ਾਮ ਹੁੰਦੇ ਹੀ ਜਿਵੇਂ ਹੀ ਬੈਗ ਵਿੱਚ ਦੁਪਹਿਰ ਤੋਂ ਧੂੜ ਖਾਂਦਾ ਰੋਟੀ ਦਾ ਡੱਬਾ ਰੱਖਣ ਲੱਗਦਾ ਹਾਂ ਆਵਾਜ਼ ਆਉਂਦੀ ਹੈ, "ਦਵਿੰਦਰ, ਆ ਫਲਾਣੇ ਸਾਹਿਬ ਦੀ ਮੋਟੀ ਕਿਸ਼ਤ ਦੀ ਤਰੀਕ ਖ਼ਤਮ ਹੋ ਗਈ ਹੈ, ਜਾ ਕੇ ਫਲਾਣੀ ਜਗ੍ਹਾ ਤੋਂ ਲੈ ਕੇ ਆ." "ਕਲਾਈਂਟ ਨੇ ਹੁਣੇ ਬੁਲਾਇਆ ਹੈ" "ਐਮਰਜੰਸੀ ਹੈ।"ਕੰਮ ਕਰਦੇ ਹੋਏ ਮੈਨੂੰ ਇਕ ਲੰਮਾ ਵਕਤ ਹੋ ਗਿਆ ਹੈ, ਪਰ ਜੋ ਦਿਲ ਵਿਚ ਹੈ ਉਸ ਨੂੰ ਚਿਹਰੇ ਦੇ ਭਾਵਾਂ ਤੋਂ ਅਲਗ ਰੱਖਣ ਦਾ ਹੁਨਰ ਨਹੀਂ ਸਿੱਖ ਸਕਿਆ, ਮੇਰਾ ਬੌਸ ਬੀਮਾ ਕੰਪਨੀ ਦਾ ਇਕ ਸਫ਼ਲ ਅਜੈਂਟ ਹੈ, ਗਾਹਕ ਨੂੰ ਕੋਈ ਸਕੀਮ ਵੇਚਣੀ ਹੋਵੇ ਜਾਂ ਮੇਰੇ ਚਿਹਰੇ ਦੇ ਭਾਵ ਪੜ੍ਹਨੇ ਹੋਣ, ਉਹ ਦੋਨਾਂ ਵਿਚ ਮਾਹਿਰ ਹੈ, ਕਈ ਵਾਰ ਮੈਂ ਚਾਹੁੰਦਾ ਹਾਂ ਕਿ ਉਹ ਮੇਰਾ ਦਿਲ ਵੀ ਪੜ੍ਹੇ, ਪਰ ਉਸ ਦਾ ਅਸੂਲ ਹੈ, ਦਿਲ ਪੜ੍ਹੇਗਾ ਤਾਂ ਕੰਮ ਧੰਦਾ ਚੌਪਟ ਹੋ ਜਾਏਗਾ, ਰੋਜ਼ ਸ਼ਾਮ ਨੂੰ ਕਿਸੇ ਉਲਟੀ ਦਿਸ਼ਾ ਵੱਲ ਭੇਜਣ ਕਰਕੇ ਮੈਂ ਅਕਸਰ ਘਰ ਦੇਰ ਨਾਲ ਪਹੁੰਚਦਾ ਹਾਂ, ਉਂਝ ਤਾਂ ਆਥਣ ਨੂੰ ਰਾਤ ਵਿਚ ਢਲਣ ਦੀ ਆਦਤ ਹੁੰਦੀ ਹੈ, ਪਰ ਮੈਂ ਇਸ ਦੇਰ ਤੇ ਡੂੰਘੀ ਰਾਤ ਦੀ ਆਦਤ ਨਹੀਂ ਚਾਹੁੰਦਾ ਹਾਂ, ਦਫਤਰ ਸ਼ਹਿਰ ਦੇ ਇਕ ਕੋਨੇ ਵਿਚ ਹੈ ਅਤੇ ਰਹਿਣ ਦਾ ਟਿਕਾਣਾ ਦੂਜੇ ਕੋਨੇ ਵਿੱਚ, ਮੈਂ ਇਹਨਾਂ ਦੋਨਾਂ ਵਿੱਚ ਫਿਰਕੀ ਵਾਂਗ ਘੁੰਮਦਾ ਹਾਂ, ਅੱਜ ਵੀ ਓਹੀ ਹੋਇਆ ਜਿਸ ਦਾ ਮੈਨੂੰ ਅੰਦਾਜ਼ਾ ਸੀ, ਕਲਾਇੰਟ ਦਾ ਘਰ ਦਿੱਲੀ ਨਾਲ ਲੱਗਦੇ ਇੱਕ ਰਾਜ ਵਿਚ, ਮੇਰਾ ਟਿਕਾਣਾ ਦੂਜੇ ਰਾਜ ਵਿੱਚ, ਯਾਨੀ ਬੌਸ ਦੀ ਕਿਰਪਾ ਨਾਲ ਅੱਜ ਸਾਮ ਮੈਂ ਤਿੰਨ ਰਾਜਾਂ ਵਿਚ ਭਟਕਦਾ ਫਿਰਾਂਗਾ, ਬੌਸ ਦਾ ਕੀ ਹੈ ਜ਼ਬਾਨ ਹਿਲਾ ਦਿੱਤੀ, ਕਲਾਇੰਟ ਦਾ ਘਰ ਮੇਰੇ ਘਰ ਤੋਂ ਇੱਕ ਲੰਮੀ ਦੂਰੀ ਤੇ ਹੈ, ਪੌਣੇ ਛੇ ਤਾਂ ਦਫਤਰ ਵਿਚ ਹੀ ਵਜ ਗਏ, ਕੰਮ ਪੂਰਾ ਹੁੰਦੇ ਨਾ ਹੁੰਦੇ ਪੂਰਾ ਦਿਨ ਢਲ ਗਿਆ, "ਸਾਲੀ ਇਹ ਵੀ ਕੋਈ ਜ਼ਿੰਦਗੀ ਹੈ, ਰੋਜ਼ ਮਰੋ ਖਪੋ ਜ਼ਿੰਦਾ ਰਹੋ ਫਿਰ ਦੁਬਾਰਾ ਮਰਨ ਖਪਣ ਨੂੰ, ਅੱਜ ਹੀ ਜੇ ਕਿਸੇ ਵਧੀਆ ਜਗ੍ਹਾ ਕੰਮ ਮਿਲ ਜਾਵੇ ਤਾਂ ਲੱਤ ਮਾਰਾਂ ਅਜਿਹੀ ਨੌਕਰੀ ਨੂੰ", ਮੇਰੀ ਖਿੱਝ ਬੁੜਬੁੜ ਕਰਨ ਲੱਗੀ, ਗੁੱਸੇ ਅਤੇ ਲਾਚਾਰੀ ਦੇ ਵੇਲੇ ਇਹ ਬੁੜਬੁੜ ਮੇਰੀ ਸੱਚੀ ਸਾਥੀ ਸੀ, ਤੇ ਇਹ ਬੁੜਬੁੜ ਨਜਾਇਜ਼ ਵੀ ਨਹੀਂ ਸੀ, ਹੁਣ ਮੇਰੇ ਇਲਾਕੇ ਵੱਲ ਜਾਣ ਲਈ ਰਾਤ ਨੂੰ ਸਾਧਨ ਬਹੁਤ ਘੱਟ ਰਹਿ ਜਾਣਗੇ, ਜਾਂ ਤਾਂ ਮੈਂ ਇਸ ਤਕਲੀਫ਼ ਨੂੰ ਆਪਣਾ ਭਾਗ ਮੰਨ ਲਵਾਂ, ਜਾਂ ਫੇਰ ਆਣ ਵਾਲੇ ਵਕਤ ਲਈ ਤਿਆਰ ਹੋ ਜਾਵਾਂ, ਵਕਤ ਬਚਾਉਣ ਲਈ ਮੈ ਕਲਾਇੰਟ ਦੇ ਘਰ ਤੋਂ ਨਿਕਲਦੇ ਹੀ ਕੈਬ ਕਰ ਲਈ, ਕਲਾਇੰਟ ਦੇ ਘਰ ਤੋਂ ਮੇਰਾ ਟਿਕਾਣਾ ਕੋਈ ਅੱਸੀ ਕਿਲੋ ਮੀਟਰ ਦੂਰ ਹੈ, ਕੈਬ ਸ਼ਹਿਰ ਦੇ ਭੀੜ ਭਰੇ ਟਰੈਫ਼ਿਕ ਵਿਚ ਸੰਘਰਸ਼ ਕਰਦੀ ਰੁਕ-ਰੁਕ ਕੇ ਅੱਗੇ ਵੱਧ ਰਹੀ ਸੀ, ਜਿਵੇਂ ਦੁਨੀਆਂ ਭਰ ਦਾ ਸਾਰਾ ਟ੍ਰੈਫ਼ਿਕ ਇਸ ਗੱਡੀ ਨੂੰ ਰੋਕਣ ਲਈ ਸੀ ਇਕੱਠਾ ਹੋ ਗਿਆ ਸੀ, ਮੋਬਾਈਲ ਦੀ ਬੈਟਰੀ ਲੋਅ ਹੋਣ ਅਤੇ ਕੈਬ ਵਿਚ ਮੇਰੇ ਵਾਲੀ ਚਾਰਜਿੰਗ ਪਿਨ ਨਾ ਮਿਲਣ ਕਰਕੇ ਮੇਰਾ ਦਿਲ ਫਿਰ ਤੜਫਿਆ, ਕੁਝ ਦੇਰ ਵਿੱਚ ਅੱਗੇ ਵੱਧਦੀ ਹੋਈ ਕੈਬ ਸੀਮੇਂਟ ਦੇ ਜੰਗਲਾਂ ਨੂੰ ਪਿੱਛੇ ਛੱਡਣ ਲੱਗੀ, ਬਾਹਰ ਦੇਖਦੇ-ਦੇਖਦੇ ਮੇਰੀ ਅੱਖਾਂ ਚ ਨੀਂਦ ਉਤਰਨ ਲੱਗੀ, ਰਾਤ ਨੇ ਕੈਬ ਵਿੱਚ ਉਤਰ ਕੇ ਮੈਨੂੰ ਆਪਣੀ ਬਾਂਹਾਂ ਵਿਚ ਸਮੇਟ ਲਿਆ, ਕਿੰਨੀ ਦੇਰ ਮੈਂ ਬੇਸੁਧ ਪਿਆ ਰਿਹਾ, ਕੈਬ ਵਿੱਚ ਅਜੀਬ ਜਿਹੀ ਘਰਘਰ ਦੀ ਆਵਾਜ਼ ਅਤੇ ਉਸ ਦੇ ਇਕ ਝਟਕੇ ਨਾਲ ਰੁਕਣ ਨਾਲ ਮੇਰੀ ਨੀਂਦ ਖੁੱਲ੍ਹ ਗਈ। "ਸਾਹਿਬ ਜੀ ਤੁਸੀਂ ਕੋਈ ਹੋਰ ਗੱਡੀ ਦੇਖ ਲਵੋ, ਇਸ ਨੂੰ ਤਾਂ ਠੀਕ ਕਰਨਾ ਪਏਗਾ, ਪਤਾ ਨਹੀਂ ਕਿੰਨਾ ਟਾਇਮ ਲੱਗ ਜਾਵੇ, ਜੇ ਮੇਰੇ ਤੋਂ ਠੀਕ ਨਾ ਹੋਈ, ਤਾਂ ਇਥੇ ਕੌਣ ਮਿਲੇਗਾ, ਨਾ ਬੰਦਾ ਨਾ ਬੰਦੇ ਦੀ ਜਾਤ। "ਕੈਬ ਦਾ ਡਰਾਇਵਰ ਪਰੇਸ਼ਾਨੀ ਵਿੱਚ ਬੋਲਿਆ

ਘਟ ਰਹੀ ਦੂਰੀ, ਘਰ ਪਹੁੰਚਣ ਦਾ ਭਰੋਸਾ ਅਤੇ ਸੀਟ ਤੇ ਰਿਲੈਕਸ ਹੋ ਕੇ ਅੱਧੇ ਲੰਮੇ ਪੈਣ ਦਾ ਇਤਮੀਨਾਨ ਕੈਬ ਡਰਾਇਵਰ ਦੇ ਇਨ੍ਹਾਂ ਸ਼ਬਦਾਂ ਨੇ ਚੌਪਟ ਕਰ ਦਿੱਤਾ, ਅਗਲੇ ਹੀ ਪਲ ਮੈਂ ਆਪਣੇ ਆਪ ਨੂੰ ਇੱਕ ਸੁੰਨਸਾਨ ਜਗਾ ਤੇ ਪਾਇਆ,

"ਕੀ ਮਤਲਬ ਦੂਜੀ ਕੈਬ ਕਰ ਲਵਾਂ, ਖ਼ਰਾਬ ਗੱਡੀ ਲੈ ਕੇ ਤੁਰਿਆ ਹੀ ਕਿਉਂ ਤੂੰ?"

ਕੁਝ ਦੇਰ ਸ਼ਾਂਤ ਰਹੀ ਮੇਰੀ ਚਿੜਚਿੜਾਹਟ ਨੇ ਫੇਰ ਸਿਰ ਚੱਕਿਆ, ਡਰਾਇਵਰ ਸਵਾਰੀਆਂ ਦੇ ਨਖ਼ਰੇ ਝਗੜੇ ਆਦੀ ਸੀ ਚੁੱਪ ਰਿਹਾ, ਮੈਂ ਮੋਬਾਇਲ ਕੱਢ ਕੇ ਦੂਜਾ ਕੈਬ ਕਰਨਾ ਚਾਹਿਆ, ਬੈਟਰੀ ਲੋਅ ਸੀ, ਮਾਮਲਾ ਵਿਚ ਅਟਕ ਜਾਣ ਦਾ ਖ਼ਤਰਾ ਦੇਖ ਮੈਂ ਮੋਬਾਈਲ ਵਾਲਾ ਹੱਥ ਝਟਕਿਆ ਤੇ ਫਿਰ ਚਿੜਚਿੜਾ ਕੇ ਬੋਲਿਆ "ਮਰਵਾ ਦਿੱਤਾ ਅੱਜ ਤੂੰ"

"ਮੇਰੇ ਫੋਨ ਤੋਂ ਕਰਵਾ ਲਓ ਬੁੱਕ", ਡਰਾਇਵਰ ਨੇ ਮੇਰੀ ਪਰੇਸ਼ਾਨੀ ਸਮਝ ਕੇ ਆਪਣਾ ਫੋਨ ਅੱਗੇ ਕੀਤਾ,

"ਬਸ ਬਸ ਰਹਿਣ ਦੇ ਨਹੀਂ ਚਾਹੀਦੀ ਤੇਰੀ ਮਿਹਰਬਾਨੀ" ਮੈਂ ਖਾ ਜਾਣ ਵਾਲੀ ਅੱਖਾਂ ਨਾਲ ਉਸਨੂੰ ਘੂਰਿਆ

ਅਤੇ ਪੈਸੇ ਦੇ ਕੇ ਰੋਹਬ ਨਾਲ ਅੱਗੇ ਵਧ ਗਿਆ,

ਇਥੋਂ ਮੇਰੇ ਟਿਕਾਣੇ ਦੀ ਦੂਰੀ ਅੱਠ ਨੌਂ ਕਿਲੋਮੀਟਰ ਸੀ, ਇਥੇ ਆਟੋ ਰਿਕਸ਼ਾ ਜਾਂ ਬੱਸ ਦੀ ਉਮੀਦ ਕਰਨੀ ਬੇਕਾਰ ਸੀ, ਸਾਮ ਵੇਲੇ ਇੱਕਾ-ਦੁੱਕਾ ਬੈਟਰੀ ਰਿਕਸ਼ਾ ਮਿਲ ਜਾਂਦੇ ਸਨ, ਫੇਰ ਵੀ ਕੁਝ ਆਸ ਰੱਖ ਕੇ ਕਿਸੇ ਆਟੋ ਦੇ ਮਿਲ ਜਾਣ ਦੀ ਉਮੀਦ ਵਿੱਚ ਅੱਗੇ ਵੱਧ ਗਿਆ, ਮੇਰੇ ਲੱਖ ਚਾਹੁਣ ਤੇ ਵੀ ਰਾਹ ਖਹਿੜੇ ਪੈ ਚੁੱਕੀ ਸੀ, ਇਧਰ ਭੁੱਖ ਆਂਦਰਾਂ ਨਾਲ ਲੜ ਰਹੀ ਸੀ ਅਤੇ ਮੈਂ ਰਸਤੇ ਤੇ ਦੂਰੀ ਨਾਲ।

ਮੇਰੇ ਸ਼ਹਿਰ ਦਾ ਇਹ ਇਲਾਕਾ ਪੁਰਾਣੀ ਬਸੀ ਹੋਈ ਕਾਲੋਨੀਆਂ ਦੀ ਤਰ੍ਹਾਂ ਰੌਲ਼ੇ-ਰੱਪੇ ਨਾਲ ਨਹੀਂ ਅਬਾਦ ਹੋਇਆ ਸੀ, ਪੁਰਾਣੀਆਂ ਵਸੀਆਂ ਕਾਲੋਨੀਆਂ ਅਕਸਰ ਦਿਨੀਂ ਹੀ ਨਹੀਂ ਰਾਤ ਨੂੰ ਵੀ ਗੁਲਜ਼ਾਰ ਰਹਿੰਦੀਆਂ ਹਨ, ਨਾਲ-ਨਾਲ ਜੁੜੇ ਘਰਾਂ ਵਿਚ ਸਾਹ ਲੈਣ ਤੋਂ ਲੈ ਕੇ ਅਗਲੇ ਕਿਨ੍ਹਾਂ ਮੋਰਚਿਆਂ ਤੇ ਜੰਗ ਲੜੀ ਜਾਏਗੀ ਇਹ ਗੱਲਾਂ ਵੀ ਪਰਦੇ ਪਿੱਛੇ ਨਹੀਂ ਰਹਿੰਦੀਆਂ, ਪਰ ਇਹ ਜਗ੍ਹਾ ਅਜੇ ਇਹਨਾਂ ਰੰਗਾਂ ਵਿੱਚ ਨਹੀਂ ਰੰਗੀਂ ਸੀ, ਸ਼ਹਿਰ ਦੇ ਸਿਰੇ ਤੇ ਬਿਲਡਰਾਂ ਵੱਲੋਂ ਤੇਜ਼ੀ ਨਾਲ ਉਸਾਰਿਆ ਜਾ ਰਹੀਆਂ ਬਹੁ-ਮੰਜ਼ਿਲਾਂ ਇਮਾਰਤਾਂ ਹੌਲੀ-ਹੌਲੀ ਇਸ ਇਲਾਕੇ ਨੂੰ ਭਰ ਰਹੀਆਂ ਸਨ, ਪਰ ਫਿਰ ਵੀ ਇਥੇ ਜ਼ਿਆਦਾ ਬੰਦੋਬਸਤ ਅਸਥਾਈ ਸਨ, ਉਹ ਮਜ਼ਦੂਰ ਜਿਹੜੇ ਇਸ ਇਲਾਕੇ ਵਿਚ ਇਕ ਬਸਤੀ ਦਾ ਖ਼ਾਬ ਬੁਣ ਰਹੇ ਸਨ, ਕੁਝ ਵਕਤ ਬਾਅਦ ਨਾ ਜਾਣੇ ਕਿਹੜੇ ਹੋਰ ਖ਼ਾਬਾਂ ਨੂੰ ਪੂਰਾ ਕਰਨ ਲਈ ਜਾਣ ਅਣਜਾਣ ਰਾਹਾਂ ਤੇ ਤੁਰ ਪੈਣਗੇ, ਉਹ ਸਾਰੇ ਬਿਲਡਰ ਜਿਹੜੇ ਹੁਣ ਆਪਣੇ ਵਕਤ ਦੇ ਇੱਕ ਵੱਡੇ ਸੁਪਨੇ ਨੂੰ ਵੇਚਣ ਦੀ ਫ਼ਿਰਾਕ ਵਿੱਚ ਸਨ ਉਹ ਇਸ ਤੋਂ ਵੀ ਵੱਡੇ ਸੁਪਨਿਆਂ ਦੀ ਤਲਾਸ਼ ਵਿਚ ਭਜਣ ਭਜਾਈ ਦੇ ਮਨਸੂਬੇ ਬਣਾਈ ਬੈਠੇ ਹਨ, ਉਨ੍ਹਾਂ ਦੇ ਬੁਣੇ ਸੁਪਨਿਆਂ ਨੂੰ ਵੇਚਣ ਵਾਲੇ ਅਜੈਂਟਾਂ ਦੀ ਜਮਾਤ ਜਿਹੜੇ ਸੁਵਿਧਾਜਨਕ ਤੰਬੂਆਂ ਵਿੱਚ ਬੈਠੀ ਸੀ ਉਹ ਪਹਿਲਾਂ ਹੀ ਅਸਥਾਈ ਸਨ।

ਕੁਝ ਖ਼ੁਆਬ ਤਾਂ ਲੱਗ-ਭਗ ਤਿਆਰ ਹੀ ਸਨ, ਰੋਜ਼ ਕਿਸੇ ਦਾ ਹੋ ਜਾਣ ਦੀ ਰਾਹ ਤੱਕਦੇ, ਅਤੇ ਸਾਮ ਨੂੰ ਥੱਕ ਕੇ ਊਂਘਣ ਲੱਗਦੇ, ਇੰਜ ਕੁਝ ਕਿਲੋਮੀਟਰ ਦੇ ਅੱਤਧਾ ਵਸਿਆ ਅੱਧਾ ਉਜੜਿਆ ਇਕ ਮਹੱਲਾ ਵੀ ਸੀ ਜੋ ਹੁਣ ਤੱਕ ਆਪਣੇ ਮੋਢਿਆਂ ਤੇ ਆਪਣੇ ਪੁਰਾਣੇ ਪਿੰਡ ਦਾ ਨਾਂ ਢੋ ਰਿਹਾ ਸੀ,

ਮੇਨ ਰੋਡ ਤੋਂ ਅੰਦਰ ਵੱਲ ਕੁਝ ਕਿਲੋਮੀਟਰ ਤੇ ਸੁਪਨਿਆਂ ਦੇ ਇਸ ਆਲੀਸ਼ਾਨ ਬੀਆਬਾਨ ਵਿੱਚ ਅਜਿਹੇ ਦੋ-ਮਹੱਲੇ ਰੋਸ਼ਨ ਸਨ, ਸਾਮ ਹੁੰਦੇ-ਹੁੰਦੇ ਪੂਰਾ ਇਲਾਕਾ ਕਿਸੇ ਧੁੰਦ ਦੀ ਚਾਦਰ ਵਿਚ ਸਿਮਟ ਜਾਂਦਾ, ਇਲਾਕੇ ਦੀ ਮਰਘਟ ਦੇਖ ਕੇ ਮੇਰੇ ਜਿਸਮ ਵਿਚ ਕੰਬਣੀ ਜੀ ਫੈਲ ਗਈ, ਮੇਰੀ ਚਾਲ ਕੁਝ ਹੋਰ ਤੇਜ਼ ਹੋ ਗਈ, ਅਚਾਨਕ ਮੇਰੇ ਕੋਲ ਦੀ ਪੁਲਸ ਦੀ ਗੱਡੀ ਤੇਜ਼ੀ ਨਾਲ ਨਿਕਲ ਗਈ, ਮੇਰੇ ਕਦਮ ਰੁਕ ਗਏ ਮੈਂ ਫਿਰ ਬੁੜ-ਬੁੜ ਕਰਨ ਲੱਗਿਆ।

ਸ਼ਹਿਰਾਂ ਵਿਚ ਅਪਰਾਧ ਅੰਕੜਾ ਅਖੀਰ ਕਿੱਥੇ ਜਾ ਕੇ ਰੁਕੇਗਾ ਹਰ ਰੋਜ਼ ਦਿਨ ਦੇ ਚਵੀ ਘੰਟੇ ਅਪਰਾਧਾਂ ਦੀਆਂ ਵੱਧਦੀਆਂ ਘਟਨਾਵਾਂ ਜਿਵੇਂ ਸ਼ਹਿਰਾਂ ਵਿਚ ਕੋਈ ਮੁਕਾਬਲਾ ਚਲ ਰਿਹਾ ਹੋਵੇ ਕੀ ਕਿਹੜਾ ਸ਼ਹਿਰ ਜ਼ਿਆਦਾ ਅਪਰਾਧੀ ਹੈ, ਅਣਗਿਣਤ ਕਤਲ, ਵਹਿਸ਼ੀ ਬਲਾਤਕਾਰ, ਲੁੱਟ ਦੇ ਨਵੇਂ-ਨਵੇਂ ਹੱਥਕੰਡੇ, 15 ਰੁਪਏ ਕੋਈ ਕੀਮਤ ਹੁੰਦੀ ਹੈ ਜ਼ਿੰਦਗੀ ਦੀ, ਪਰ ਨਹੀਂ ਕੀਮਤ ਹਰ ਹਾਲ ਵਿਚ ਵਸੂਲੀ ਜਾਏਗੀ, ਪਰਸੋਂ ਟੀ ਵੀ ਤੇ ਚੀਖ-ਚੀਖ ਕੇ ਦੱਸ ਰਹੇ ਸਨ ਕਿ ਜ਼ਿੰਦਗੀ 15 ਰੁਪਏ ਤੇ ਦੇ ਭਾਅ ਵਿਕ ਗਈ।

ਕਈ ਵਾਰ ਲੱਗਦਾ ਹੈ ਕਿ ਬੰਦੇ ਘੱਟ ਹਨ ਅਤੇ ਅਪਰਾਧ ਜ਼ਿਆਦਾ, ਹਰ ਚਮਕਦਾ ਸ਼ੀਸ਼ਾ ਪਿੱਠ ਵੱਲੋਂ ਮੈਲਾ, ਜੰਦਿਗੀ ਜੀਉਣਾ ਜਿਵੇਂ ਰੋਜ਼ ਆਪਣੇ ਆਪ ਨੂੰ ਕਿਸੇ ਖ਼ਤਰੇ ਵਿੱਚ ਪਾਉਣਾ, ਕਿਸੇ ਜ਼ਮਾਨੇ ਵਿੱਚ ਮੈਂ ਕਵਿਤਾਵਾਂ ਲਿਖਦਾ ਸੀ, ਪਰ ਹੁਣ? ਸ਼ਹਿਰ ਨੇ ਮੇਰੇ ਸ਼ਬਦਾਂ ਦਾ ਕਤਲ ਕਰ ਮੈਨੂੰ ਕਲਾਇੰਟ ਦੇ ਟਾਰਗੇਟ ਹੇਠਾਂ ਕੁਚਲ ਦਿੱਤਾ ਹੈ, ਇਸ ਵਾਰ ਦੀ ਬੜਬੜ ਸੁੰਨਸਾਨ ਰਸਤੇ ਤੇ ਜ਼ਿਆਦਾ ਆਜ਼ਾਦ ਸੀ, ਪਰ ਜਿਵੇਂ ਹੀ ਲੁੱਟ ਮਾਰ ਸ਼ਬਦ ਜ਼ਬਾਨ ਤੇ ਆਇਆ, ਮੈਂ ਹੱਥ ਲਾ ਕੇ ਆਪਣਾ ਪਰਸ ਵੇਖਿਆ, ਰੋਡ ਕਿਤੇ ਵੱਧ ਸੁੰਨਸਾਨ ਨਜ਼ਰ ਆਉਣ ਲੱਗਾ, ਪੁਲਿਸ ਦੀ ਵੈਨ ਮੇਰੇ ਕੋਲੋਂ ਬਹੁਤ ਦੂਰ ਜਾ ਚੁੱਕੀ ਸੀ, ਉਂਗਲਾਂ ਮੋਬਾਈਲ ਵੱਲ ਵਧੀਆ ਪਰ ਰੁਕ ਗਈਆਂ, ਚਾਰ ਪਰਸੈਂਟ ਦੀ ਬੈਟਰੀ ਮੈਂ ਬੇਕਾਰ ਗਵਾਉਣਾ ਨਹੀਂ ਚਾਹੁੰਦਾ ਸੀ ।

ਚਲਦੇ-ਚਲਦੇ ਉਹਨਾਂ ਦਿਨਾਂ ਦੇ ਬਾਰੇ ਸੋਚਣ ਲੱਗਿਆ ਜਦੋਂ ਥਾਂ ਥਾਂ ਤੇ ਪੀ ਸੀ ਓ ਲੱਗੇ ਹੋਏ ਸਨ, ਮੋਬਾਈਲ ਨਾ ਵੀ ਹੋਵੇ ਖ਼ਤਰਾ ਨਹੀਂ, ਗੱਲਾਂ ਦੀ ਤਾਰ ਟੁੱਟਦੀ ਹੀ ਨਹੀਂ ਸੀ, ਪੀ ਸੀ ਓ ਦਾ ਮਤਲਬ ਵਸੋਂ ਵੀ, ਕੁਝ ਬੰਦੇ, ਚਾਹ ਦੀ ਰੇਹੜੀ, ਨਾਲ ਛੋਟੀ-ਮੋਟੀ ਕੋਈ ਦੁਕਾਨ, ਇਕ ਸੁਵਿਧਾ ਦੂਜੀ ਸੁਵਿਧਾ ਨੂੰ ਕਿਵੇਂ ਖਤਮ ਕਰ ਦਿੰਦੀ ਹੈ, ਮੇਰੇ ਅੱਗੇ ਇਕ ਟੈਂਪੂ ਵਿਚ ਉਨੀਂਦਰਾ ਬੈਠਾ ਪਰਿਵਾਰ ਮੇਰੇ ਵੱਲ ਵੇਖੇ ਬਿਨਾ ਨਿਕਲ ਗਿਆ, ਸੜਕ ਵੀ ਉਨ੍ਹਾਂ ਨੂੰ ਵੇਖ ਕੇ ਹੈਰਾਨ ਸੀ, ਆਪਣੇ ਆਪ ਨੂੰ ਇਕੱਲਾ ਵੇਖ ਕੇ ਵੀ ਰਾਹਤ ਦੀ ਸਾਹ ਲਈ, "ਸ਼ੁਕਰ ਹੈ ਕਿ ਮੈਂ ਇਕੱਲਾ ਹੀ ਹਾਂ, ਪਰਿਵਾਰ ਨਾਲ ਨਹੀਂ ਹੈ, ਨਹੀਂ ਤਾਂ ਹਰ ਰੋਜ਼ ਮੇਰੀ ਉਡੀਕ ਵਿੱਚ ਘਰਦੇ ਵੀ ਪਰੇਸ਼ਾਨ ਹੁੰਦੇ"

ਪੈਦਲ ਤੁਰਦੇ-ਤੁਰਦੇ ਮੈਂ ਕਾਫੀ ਰਸਤਾ ਨਾਪ ਲਿਆ, ਅਗੇ ਇਕ ਛੋਟਾ ਜਿਹਾ ਬਾਜ਼ਾਰ ਸੀ ਜਿਸ ਦੀਆਂ ਸਾਰੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ, ਬਾਜ਼ਾਰ ਰੋਡ ਦੇ ਦੂਜੇ ਪਾਸੇ ਸੀ, ਤੇ ਮੈਂ ਦੂਜੇ ਪਾਸੇ ਜਿਸ ਪਾਸੇ ਕੋਈ ਦੁਕਾਨ

ਨਹੀਂ ਸੀ, ਕੁਝ ਦੂਰ ਹੀ ਮੈਨੂੰ ਜਵਾਨ ਮੁੰਡੇ ਖੜੇ ਦਿਖਾਈ ਦਿੱਤੇ, ਮਨ ਵਿੱਚ ਕੋਈ ਚੰਗਾ ਖਿਆਲ ਨਾ ਆਇਆ,

ਮੈਨੂੰ ਇਕੱਲੇ ਨੂੰ ਵੇਖ ਕੇ ਕਿਤੇ ਇਹ ਹਮਲਾਵਰ ਨਾ ਹੋ ਜਾਣ, ਮੇਰਾ ਸਾਹ ਤੇਜ ਹੋ ਗਏ, ਅਤੇ ਮੇਰੀ ਚਾਲ ਆਪਣੇ ਆਪ ਹੀ ਤਰਤੀਬਵਾਰ ਹੋ ਗਈ, ਇਕੱਲ ਨਾਲ ਨਿਬੜਨ ਦੀ ਇਹ ਵਿਲੱਖਣ ਕਲਾ ਹੈ, ਜੇ ਤੁਸੀਂ ਬਚ ਗਏ ਤਾਂ ਤੁਹਾਡੀ ਕਲਾ ਸਫਲ ਨਹੀਂ ਤਾਂ ਬੇਕਾਰ, ਮੁੰਡਿਆਂ ਨੇ ਅਜੀਬ ਨਜ਼ਰਾਂ ਨਾਲ ਵੇਖਿਆ ਜਿਨ੍ਹਾਂ ਨੂੰ ਮੈਂ ਮਹਿਸੂਸ ਤਾਂ ਕੀਤਾ ਪਰ ਆਪਣੇ ਆਪ ਤੇ ਹਾਵੀ ਨਹੀਂ ਹੋਣ ਦਿੱਤਾ, ਪਹਿਲਾਂ ਮੈਂ ਉਹਨਾਂ ਦੇ ਕੋਲ ਦੀ ਲੰਘਿਆ, ਮੇਰਾ ਦਿਲ ਜ਼ੋਰ ਦੀ ਕੰਬ ਗਿਆ, ਥੋੜ੍ਹਾ ਅੱਗੇ ਵੱਧਦੇ ਹੀ ਮੈਂ ਆਪਣੀ ਪਿੱਠ ਤੇ ਕਈ ਅੱਖਾਂ ਚੁੱਭਦੀਆਂ ਮਹਿਸੂਸ ਕੀਤੀਆਂ, ਪਰ ਫੇਰ ਇਕ ਬੇਸ਼ਰਮ ਹਾਸੇ ਨੇ ਮੈਨੂੰ ਲਾਹਣਤ ਪਾ ਕੇ ਮੁਕਤੀ ਪਾਈ, ਮੇਰੀਆਂ ਸਾਹਾਂ ਅੱਗੇ ਜਾ ਕੇ ਵੀ ਉੱਪਰ ਥੱਲੇ ਹੀ ਰਹੀਆਂ, ਸੜਕ ਹਨੇਰੇ ਵਿੱਚ ਤਰਦੀ ਪਈ ਸੀ, ਮੈਂ ਯਾਦਾਂ ਦਾ ਦਰਵਾਜ਼ਾ ਧੱਕਿਆ, ਇਹ ਜਾਣਨਾ ਚਾਹਿਆ ਕਿ ਪਹਿਲੀ ਵਾਰ ਕਦੋਂ ਹਨੇਰੇ ਨੇ ਮੈਨੂੰ ਬੇਚੈਨ ਕੀਤਾ ਸੀ, ਕਾਫੀ ਦੇਰ ਯਾਦਾਂ ਦੀ ਧੂੜ ਨੂੰ ਝਾੜਿਆ ਆ ਤੇ ਮਹਿਸੂਸ ਕੀਤਾ ਕਿ ਬਾਲ ਪਨ ਤੋਂ ਹੀ ਹਨੇਰੇ ਦੇ ਨਾਲ ਅਣਗਿਣਤ ਸ਼ੰਕਾਵਾਂ ਦੇ ਬੀਜ ਬੋ ਦਿੱਤੇ ਜਾਂਦੇ ਹਨ, ਮੇਰੀ ਬੜਬੜ ਨੇ ਹੁਣ ਫੇਰ ਸਕਲ ਹਾਸਲ ਕਰ ਲਈ ਸੀ, ਉਮਰ ਦੇ ਨਾਲ ਇਨ੍ਹਾਂ ਬੀਜਾਂ ਦਾ ਪੁੰਗਰਣਾ ਅਤੇ ਜੰਗਲ ਵਿੱਚ ਬਦਲ ਜਾਣ ਦਾ ਚੱਕਰ ਚਲਦਾ ਰਹਿੰਦਾ ਹੈ, ਆਖਿਰ ਬਚਪਨ ਦੇ ਕਿਹੜੇ ਹੱਥਾਂ ਵਿੱਚ ਸ਼ੰਕਾਵਾਂ ਦੇ ਜੰਗਲ ਕੱਟਣ ਦੀ ਦਾਤਰੀ ਆਉਂਦੀ ਹੋਵੇਗੀ, ਹਨੇਰੇ ਵਿੱਚ ਅੱਗੇ ਤੁਰਦਾ ਹੈ ਮੇਰਾ ਮਨ ਬੇਚੈਨ ਹੋ ਗਿਆ, ਦਿਲ ਵਿੱਚ ਜਿਵੇਂ ਬੜੀ ਤੇਜ਼ ਭਾਫ਼ ਪੈਦਾ ਹੋਈ ਜਿਸ ਨੇ ਮੇਰੀ ਛਾਤੀ ਵਿਚ ਛਾਲੇ ਪਾ ਦਿੱਤੇ। ਹਨੇਰਾ, ਰਾਤ ਅਤੇ ਸੜਕ, ਮੈਂ ਇਨ੍ਹਾਂ ਛਾਲਿਆਂ ਤੇ ਲੱਗਾਉਣ ਲਈ ਮਲ੍ਹਮ ਕਿਥੋਂ ਲੈ ਆਉਂਦਾ, ਮੈਂ ਮੋਬਾਈਲ ਫੋਨ ਬਾਹਰ ਕੱਢਿਆ। ਉਸ ਨੇ ਗਿਆਰਾਂ ਵਜੇ ਦਾ ਵਖਤ ਵਖਾਇਆ, ਮੈਂ ਕਿਸੇ ਜ਼ਾਲਮ ਦੀ ਤਰਾਂ ਉਸ ਨੂੰ ਤੱਕਦਾ ਰਿਹਾ, ਮਰਦੇ ਹੋਏ ਬੰਦੇ ਦੀ ਚੀਖ ਵਾਂਗ ਫੋਨ ਟਮਟਮਾਇਆਂ ਅਤੇ ਬੰਦ ਹੋ ਗਿਆ।

ਇਕ ਪਲ ਰੁਕ ਕੇ ਮੈਂ ਹਨੇਰੇ ਨੂੰ ਟਟੋਲਿਆ ਉਹ ਬੜੇ ਠਰੰਮੇ ਦੇ ਨਾਲ-ਨਾਲ ਮਾਹੌਲ ਵਿਚ ਫੈਲ ਚੁੱਕਾ ਸੀ, ਮੱਧਮ ਰੌਸ਼ਨੀ ਉਸ ਅੱਗੇ ਦਮ ਤੋੜ ਰਹੀ ਸੀ ਅਤੇ ਆਲੇ ਦੁਆਲੇ ਕਿੰਨੇ ਹੀ ਰਹੱਸਮਈ ਆਕਾਰ ਮੈਨੂੰ ਆਪਣੇ ਪੰਜਿਆਂ ਵਿਚ ਜਕੜਨ ਲਈ ਅੱਗੇ ਵੱਧ ਰਹੇ ਸਨ। ਮੈਂ ਆਪਣੀ ਸਪੀਡ ਵਧਾ ਦਿੱਤੀ, ਅੱਗੇ ਇਕ ਮਹੱਲਾ ਉਸ ਤੋਂ ਬਾਅਦ ਇਕ ਲੰਮਾ ਸੁੰਨਸਾਨ ਰਸਤਾ ਤੇ ਫੇਰ ਜਾ ਕੇ ਮੇਰਾ ਟਿਕਾਣਾ। ਹਨ੍ਹੇਰੇ ਦੇ ਪੰਜਿਆਂ ਤੋਂ ਬਚਣ ਲਈ ਮੈਂ ਆਪਣੀ ਗਤੀ ਤੇਜ ਕਰ ਲਈ, ਕੁਝ ਦੇਰ ਵਿਚ ਹੀ ਮੇਰੇ ਭਜਦੇ ਪੈਰ ਸਾਹੋ-ਸਾਹ ਹੋ ਗਏ।

ਰਾਤ ਵੇਲੇ ਫਾਸਲੇ ਕਿੰਨੇ ਵੱਧ ਜਾਂਦੇ ਹਨ ਇਹ ਵਕਤ ਮੈਨੂੰ ਦੱਸ ਰਿਹਾ ਸੀ, ਮੈਂ ਰੁਕਿਆ ਨਹੀਂ ਅੱਗੇ ਵੱਧਦਾ ਰਿਹਾ, ਅਚਾਨਕ ਮੇਰੇ ਨੇੜੇ ਦੀ ਇਕ ਆਕਾਰ ਬਦਹਵਾਸੀ 'ਚ ਭੱਜਿਆਂ, ਮੈਂ ਲਗਭਗ ਡਿੱਗਦੇ-ਡਿਗਦੇ ਬਚਿਆ ਪਰ ਮੇਰੀ ਚੀਕ ਹਨੇਰੇ ਨੂੰ ਚੀਰਦੀ ਹੋਈ ਦੂਰ ਤਕ ਨਿਕਲ ਗਈ, ਸੋਚਣ ਸਮਝਣ ਦੀ ਤਾਕਤ ਜਿਵੇਂ ਸੁੰਨ ਹੋ ਗਈ ਸੀ, ਉਸ ਆਕਾਰ ਦੇ ਇਨਸਾਨ ਹੋਣ ਤੇ ਮੈਨੂੰ ਸ਼ੱਕ ਹੋਇਆ, ਕਿੰਨੀ ਵਾਰ ਹਨੇਰੇ ਤੋਂ ਵੀ ਵੱਡੇ ਹਨੇਰੇ ਦਾ ਖਿਆਲ ਸਾਡੇ ਹੋਸ਼ ਉਡਾ ਦਿੰਦਾ ਹੈ, ਮੈਂ ਹੈਰਾਨ ਜਿਹਾ ਕਿਸੇ ਸੁਰਖਿਅਤ ਥਾਂ ਤੇ ਪਹੁੰਚਣ ਦੀ ਕਾਹਲ ਅਤੇ ਰੋਸ਼ਨੀ ਵੀ ਭਾਲ ਵਿਚ ਡਗਮਗਾਉਂਦੇ ਕਦਮਾਂ ਨਾਲ ਅੱਗੇ ਵੱਧ ਰਿਹਾ ਸੀ। ਅਚਾਨਕ ਇਕ ਚੀਕ ਸੁਣਾਈ ਦਿੱਤੀ, ਇਸ ਵਾਰ ਮੈਂ ਨਹੀਂ ਚੀਕਿਆ ਸੀ, ਮੈਂ ਠਿਠਕ ਗਿਆ ਆਕਾਰ ਅਤੇ ਇਨਸਾਨ ਜਿਵੇਂ ਇਕ ਦੂਜੇ ਵਿਚ ਮਿਲ ਜਾਣ ਦੀ ਤਰਕੀਬ ਲੱਭ ਰਹੇ ਸਨ, ਮੈਂ ਮੁੜਿਆ, ਪਰ ਫੇਰ ਅੱਗੇ ਵੱਧਿਆ, ਫੇਰ ਰੁਕਿਆ ਅਤੇ ਹੌਸਲਾ ਕਰਕੇ ਚੀਕ ਦੀ ਦਿਸ਼ਾ ਵੱਲ ਵੱਧ ਪਿਆ, ਉਸ ਆਕਾਰ ਦੀ ਮਰੀਅਲ ਜਿਹੀਆਂ ਕਰਾਹਾਂ ਮੈਨੂੰ ਰਸਤੇ ਦਾ ਪਤਾ ਦੇ ਰਹੀਆਂ ਸਨ, ਹਨੇਰੇ ਵਿੱਚ ਬੇਸ਼ੱਕ ਕੁਝ ਦਿੱਖਦਾ ਨਹੀਂ ਪਰ ਆਵਾਜ਼ਾਂ ਦੇ ਰਸਤੇ ਬਹੁਤ ਰੌਸ਼ਨ ਹੁੰਦੇ ਹਨ।

ਥੋੜੀ ਦੂਰ ਹੀ ਦੂਜੇ ਰੋਡ ਦੇ ਪਿਛਲੇ ਪਾਸੇ ਇਕ ਅੰਡਰ ਪਾਸ ਦਿਸਿਆ, ਜਿਥੇ ਇੱਕ ਮਾਮੂਲੀ ਜਿਹਾ ਬਲਬ ਆਪਣੀ ਪੂਰੀ ਤਾਕਤ ਨਾਲ ਵੀ ਬਸ ਟਿਮਟਮਾ ਜਿਹਾ ਰਿਹਾ ਸੀ, ਉਹ ਆਕਾਰ ਵੀ ਐਨ ਓਥੇ ਨਜ਼ਰ ਆਇਆ, ਮੈਂ ਸੜਕ ਪਾਰ ਕਰ ਕੇ ਉਸ ਸਾਈਡ ਪਹੁੰਚਿਆ, ਉਸ ਦੀ ਪਿੱਠ ਮੇਰੇ ਵੱਲ ਸੀ, ਮੇਰੀ ਆਮਦ ਤੋਂ ਅਣਜਾਣ ਉਹ ਆਪਣੀ ਸੱਟ ਸਹਿਲਾ ਰਹੀ ਸੀ, ਉਸ ਦੇ ਜਿਸਮ ਤੇ ਪਏ ਤੰਗ ਕੁਰਤੇ ਅਤੇ ਮੋਢਿਆਂ ਤੇ ਡਿਗਦੇ ਵਾਲਾਂ ਉਸ ਨੇ ਮੈਨੂੰ ਉਸ ਦੀ ਅੱਲੜ ਉਮਰ ਦਾ ਅੰਦਾਜ਼ਾ ਦਿੱਤਾ, ਮੈਂ ਹੋਲੀ ਜਿਹੀ ਉਸ ਦੇ ਮੋਢੇ ਤੇ ਹੱਥ ਰੱਖਿਆ, ਉਸ ਦੇ ਸਰੀਰ ਵਿਚ ਭਿਆਨਕ ਕਾਂਬਾ ਛਿੜਿਆ ਉਸ ਨੇ ਪੂਰੀ ਤਾਕਤ ਲਾ ਕੇ ਮੋਢੇ ਤੋਂ ਹੱਥ ਨੂੰ ਝਟਕਿਆਂ ਤੇ ਚੀਕ ਮਾਰ ਕੇ ਬਿਨਾਂ ਪਿੱਛੇ ਵੇਖੇ ਅੱਗੇ ਵੱਲ ਨੱਸੀ, ਅੱਗੇ ਘੁੱਪ ਹਨੇਰਾ ਸੀ ਹਨੇਰੇ ਵਿੱਚ ਉਹ ਗੁੰਮ ਗਈ, ਉਸ ਦੀ ਇਸ ਹਰਕਤ ਨਾਲ ਮੈਂ ਹੈਰਾਨ ਰਹਿ ਗਿਆ, ਕੁਝ ਪਲ ਦੀ ਚੁੱਪ ਤੋਂ ਬਾਅਦ ਮੈਂ ਉਸ ਨੂੰ ਆਵਾਜ਼ ਦੇਣ ਲੱਗਾ ਮੈਨੂੰ ਡਰ ਸੀ ਕਿ ਕਿਤੇ ਉਹ ਬਹੁਤ ਅੱਗੇ ਨਾ ਨਿਕਲ ਜਾਵੇ, "ਤੂੰ ਭੱਜ ਕਿਉਂ ਰਹੀ ਹੈ? ਇਹ ਜਗ੍ਹਾ ਸਹੀ ਨਹੀਂ ਹੈ ਤੇਰੇ ਲਈ, ਸੁਣ ਰਹੀ ਹੈਂ?"

ਕੋਈ ਜਵਾਬ ਨਹੀਂ ਆਇਆ, ਨਿਰਾਸਤਾ ਵਿੱਚ ਵੀ ਮੈਂ ਕੁੜੀ ਦੀ ਦਿਸ਼ਾ ਵੱਲ ਵੱਧਿਆ, ਓਥੋਂ ਮੈਨੂੰ ਕੁੜੀ ਦੇ ਰੋਣ ਦੀ ਆਵਾਜ਼ ਆਈ, ਉਸ ਨੇ ਮੈਨੂੰ ਅੰਦਰ ਤਕ ਹਲੂਣ ਕੇ ਰੱਖ ਦਿੱਤਾ, ਉਸ ਦਾ ਤਣਾਉ ਮੈਨੂੰ ਹਨੇਰੇ ਵਰਗਾ ਡੂੰਘਾ ਮਹਿਸੂਸ ਹੋਇਆ, ਜਿਸ ਨੂੰ ਪਾਰ ਕਰਨਾ ਮੇਰੇ ਲਈ ਅਸੰਭਵ ਸੀ ਫੇਰ ਵੀ ਮੈਂ ਕੋਸ਼ਿਸ਼ ਜਾਰੀ ਰੱਖੀ।

"ਵੇਖ ਤੂੰ ਡਰ ਨਾ, ਨੱਸ ਨਾ। ਇਥੇ ਆ .... ਚੰਗਾ ਮੈਂ ਹੀ ਆਉਂਦਾ ਹਾਂ ਤੇਰੇ ਕੋਲ" "ਏਥੇ ਨਾ ਆਉਣਾ, ਮੇਰੇ ਕੋਲ",

ਉਸ ਨੇ ਸਾਫ-ਸਾਫ ਕਿਹਾ।

"ਮੇਰਾ ਯਕੀਨ ਕਰ- ਮੈ ਮਾੜਾ ਬੰਦਾ ਨਹੀਂ ਹਾਂ, ਮੈਂ ਓਥੇ ਹੀ ਖੜ੍ਹਾ ਹਾਂ, ਨਹੀਂ ਆ ਰਿਹਾ ਤੇਰੇ ਕੋਲ, ਠੀਕ ਹੈ, ਹੁਣ ਤਾਂ ਵਾਪਸ ਆ ਜਾ ਇੱਦਾਂ ਨਾ ਕਰ",

ਉਹ ਕੁਝ ਨਹੀ ਬੋਲੀ।

"ਇੰਨੀ ਰਾਤ ਨੂੰ ਏਥੇ ਕੀ ਕਰ ਰਹੀ ਹੈ, ਇਸ ਬੀਆਬਾਨ ਵਿਚ?"

ਇਸ ਵਾਰ ਵੀ ਕੋਈ ਜਵਾਬ ਨਹੀਂ ਆਇਆ, ਪਰ ਰੋਣ ਦੀ ਆਵਾਜ਼ ਆਈ ਜਿਸ ਨੂੰ ਸੁਣ ਕੇ ਮੇਰਾ ਦਿਲ ਜ਼ੋਰ ਦੀ ਧੜਕਿਆ

"ਵੇਖ ਇਹ ਜਗ੍ਹਾ ਤੇਰੇ ਲਈ ਠੀਕ ਨਹੀਂ ਹੈ, ਵਾਪਸ ਆ ਜਾ।"

ਮੈਂ ਵੇਖਦਾ ਰਿਹਾ ਪਰ ਉਹ ਨਹੀਂ ਆਈ "ਮੇਰੀ ਗੱਲ ਮੰਨ ਲੈ, ਇੰਨੀ ਰਾਤ ਨੂੰ ਇਥੇ ਰੁਕਣਾ ਸਹੀ ਨਹੀਂ, ਤੇ ਮੈਂ ਤੈਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾਵਾਂਗਾ, ਵੈਸੇ ਮੈਨੂੰ ਵੀ ਏਥੇ ਨਹੀਂ ਹੋਣਾ ਚਾਹੀਦਾ ਸੀ ਇੰਨੀ ਰਾਤ ਨੂੰ, ਸੁਣ ਰਹੀ ਹੈ ਤੂੰ ਅਤੇ ਇਹ ਚੰਗੀ ਗੱਲ ਨਹੀਂ , ਤੈਨੂੰ ਵੀ ਇਥੇ ਨਹੀਂ ਹੋਣਾ ਚਾਹੀਦਾ ਸੀ, ਵੇਖ ਰੋ ਨਾ।"

ਬੋਲਦੇ-ਬੋਲਦੇ ਮੈਂ ਰੁਮਾਲ ਕੱਢ ਕੇ ਮੱਥੇ ਤੇ ਆਇਆ ਪਸੀਨਾ ਪੂੰਝਿਆ, ਮੇਰੀ ਆਵਾਜ਼ ਕੰਬ ਰਹੀ ਸੀ, ਬੇਚੈਨੀ, ਘਬਰਾਹਟ ਅਤੇ ਆਵੇਗ ਨਾਲ ਮੇਰੀ ਆਵਾਜ਼ ਭਰ ਗਈ, ਮੈਂ ਮਹਿਸੂਸ ਕੀਤਾ ਕਿ ਮੇਰੀ ਆਵਾਜ਼ ਮੇਰੇ ਧੁਰ ਅੰਦਰ ਤੋਂ ਆ ਰਹੀ ਸੀ, ਕਿੰਨਾ ਮੁਸ਼ਕਿਲ ਹੁੰਦਾ ਹੈ ਇਹ ਸਾਬਤ ਕਰਨਾ ਕਿ ਤੁਸੀਂ ਜੋ ਕਹਿ ਰਹੇ ਹੋ ਓਹ ਸੱਚ ਹੈ, ਦੂਜੇ ਪਾਸਿਓਂ ਆਵਾਜ਼ ਦਾ ਕੋਈ ਸਿਰਾ ਨਾ ਲੱਭਿਆ, ਮਨ ਵਿਚ ਖਿਆਲ ਆਇਆ, "ਛੱਡ ਦਿੰਦਾ ਇਹਨੂੰ ਇਥੇ ਹੀ।

"ਨਹੀਂ, ਬਿਲਕੁਲ ਨਹੀਂ", ਮਨ ਨੇ ਝਿੜਕਿਆ

"ਸੁਣ, ਤੂੰ ਡਰ ਨਾ, ਇਥੇ ਆ ਜਾ, ਰਤਾ ਵੀ ਨਾ ਘਬਰਾ, ਦਸ ਮੈਨੂੰ ਕੀ ਗੱਲ ਹੈ, ਮੈਨੂੰ ਪਤਾ ਹੈ ਤੂੰ ਡਰੀ ਹੋਈ ਹੈ, ਕਿਸੇ ਤੋਂ ਰੁੱਸ ਕੇ ਆਈ ਹੈ ਕੀ?"

ਇਸ ਵਾਰ ਪੈਰਾਂ ਦੀ ਥਾਪ ਮੇਰੇ ਵੱਲ ਪਹੁੰਚੀ, ਉਹ ਅੰਡਰ ਪਾਸ ਵੱਲ ਵਾਪਸ ਆ ਰਹੀ ਸੀ, ਆਪਣੀ ਬੇਚੈਨੀ ਵਿਚ ਮੈਂ ਬਿਲਕੁਲ ਚੁੱਪ ਰਿਹਾ ਕਿ ਕਿਤੇ ਮੇਰੇ ਬੋਲ ਉਸ ਦਾ ਇਰਾਦਾ ਬਦਲ ਦੇਣ। ਉਹ ਸੰਗਦੇ ਹੋਏ ਨੇੜੇ ਆਉਂਦੀ ਗਈ, ਜਦ ਉਹ ਮੇਰੇ ਤੋਂ ਇਕ ਹੱਥ ਦੀ ਦੂਰੀ ਤੇ ਸੀ ਤਾਂ ਮੈਂ ਕਿਹਾ,

"ਮੈਂ ਤੈਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗਾ, ਯਕੀਨ ਰੱਖ।"

ਉਹ ਚੁੱਪ ਸੀ, ਰੋਣ ਕਰਕੇ ਕੁਝ ਕੁਝ ਦੇਰ ਬਾਅਦ ਉਸ ਦੀ ਸਿਸਕੀ ਨਿਕਲ ਰਹੀ ਸੀ, ਜਿਸ ਤੋਂ ਮੈਨੂੰ ਬਹੁਤ ਕੁਝ ਸਮਝਣਾ ਤੇ ਜਾਣਨਾ ਸੀ, ਉਹ ਹਾਲੇ ਵੀ ਕੰਬ ਰਹੀ ਸੀ, ਉਸਦੀ ਸਾਹ ਤੇਜ਼ ਚਲ ਰਹੀ ਸੀ, ਮੈਂ ਉਸ ਦੇ ਚਿਹਰੇ ਵੱਲ ਵੇਖਿਆ ਤਾਂ ਉਸ ਦੀਆਂ ਅੱਖਾਂ ਸੁਜੀਆਂ ਨਜ਼ਰ ਆਈਆਂ, ਸੱਜੀ ਅੱਖ ਦੇ ਉੱਪਰ ਸੱਟ ਦਾ ਨਿਸ਼ਾਨ ਵੀ ਸੀ, ਮੇਰੀ ਘਬਰਾਹਟ ਬਹੁਤ ਵੱਧ ਰਹੀ ਸੀ, ਫੇਰ ਵੀ ਮੈਂ ਪੂਰੀ ਤਾਕਤ ਨਾਲ ਕਿਹਾ

"ਮੈਂ ਮਾੜਾ ਬੰਦਾ ਨਹੀਂ ਹਾਂ"

"ਮੈਂ ਤੁਹਾਨੂੰ ਜਾਣਦੀ ਹਾਂ"

ਮੈਂ ਚੌਂਕ ਗਿਆ

"ਮੈਨੂੰ ?.....ਕਿਵੇਂ?...."

ਪੂਰਾ ਸਤਰਕ ਹੋ ਕੇ ਮੈਂ ਉਸ ਦਾ ਚਿਹਰਾ ਟਟੋਲਣ ਲੱਗਾ। ਮੈਨੂੰ ਹੈਰਾਨੀ ਹੋਈ, ਕਿੱਥੇ ਵੇਖਿਆ ਹੈ ਇਸ ਨੂੰ? ਕੌਣ ਹੈ ਇਹ? ਮੈਂ ਕਦੋਂ ਕਿਵੇਂ ਮਿਲਿਆ ਇਸ ਨੂੰ? ਮਨ ਵਿੱਚ ਅਨੇਕਾਂ ਸਵਾਲ ਟਪਣ ਲੱਗੇ।

"ਤੁਸੀਂ ਇੰਨੀ ਰਾਤ ਨੂੰ ਇਥੇ ਕੀ ਕਰ ਰਹੇ ਹੋ?"

ਉਸ ਨੇ ਮੈਨੂੰ ਇੰਜ ਪੁੱਛਿਆ ਜਿਵੇਂ ਬਹੁਤ ਚੰਗੀ ਤਰ੍ਹਾਂ ਜਾਣਦੀ ਹੋਵੇ, ਪਰ ਮੈਨੂੰ ਉਹ ਯਾਦ ਕਿਉਂ ਨਹੀਂ ਆ ਰਹੀ, ਮੈਂ ਮਹਿਸੂਸ ਕੀਤਾ ਕੀ ਉਸ ਦੀ ਆਵਾਜ਼ ਅਤੇ ਉਸ ਦਾ ਸਰੀਰ ਪਹਿਲਾਂ ਨਾਲੋਂ ਕੁਝ ਸਥਿਰ ਹੋਇਆ ।

"ਤੂੰ ਮੈਨੂੰ ਜਿਵੇਂ ਜਾਣਦੀ ਹੈ ?", ਆਖਿਰ ਮੈਂ ਉਸ ਨੂੰ ਪਛਾਣਨ ਵਿੱਚ ਨਾਕਾਮ ਰਹਿਣ ਤੇ ਆਪਣੀ ਅੱਖ ਦੀ ਹਾਰ ਮੰਨ ਲਈ,

"ਤੁਹਾਨੂੰ ਯਾਦ ਨਹੀਂ ਮੈਂ? ... ਪਹਿਲਾਂ ਤੁਸੀਂ ਸਾਡੀ ਮੁਹੱਲੇ ਵਿਚ ਰਹਿੰਦੇ ਸੀ, ਦੀਕਸ਼ਤ ਅੰਕਲ ਦੇ ਘਰ ਆਉਂਦੇ ਸੀ, ਉਹੀ ਤਾਂ ਮੇਰਾ ਘਰ ਸੀ, ਯਾਦ ਨਹੀਂ ਤੁਹਾਨੂੰ ਉਸ ਮੁਹੱਲੇ ਵਿੱਚ ਮੇਰੇ ਪਾਪਾ ਦੀ ਦੁਕਾਨ ਸੀ।"

ਦਿਮਾਗ ਤੇ ਜੋਰ ਮਾਰਿਆ ਤਾਂ ਦੀਕਸ਼ਤ ਜੀ ਯਾਦ ਆਏ, ਭਲੇ ਬੰਦੇ ਸਨ, ਉਹ ਦੁਕਾਨ ਅਤੇ ਉਸ ਦਾ ਇਕ ਪੈਰ ਤੋਂ ਲਾਚਾਰ ਦੁਕਾਨਦਾਰ ਵੀ ਯਾਦ ਆਇਆ, ਉਸ ਦੀ ਸੋਹਣੀ ਵਹੁਟੀ ਵੀ ਯਾਦ ਆਈ, .... ਯਾਦ ਆਈ ਉਨ੍ਹਾਂ ਦੇ ਨਾਲ ਰਹਿੰਦੀ ਕੁੜੀ।

"ਔਹ, ਤੂੰ..... ਹਾਂ ਹਾਂ ਯਾਦ ਆ ਗਿਆ ਮੈਨੂੰ, ਕਮਾਲ ਹੈਂ ਤੂੰ ਮੈਨੂੰ ਪਛਾਣ ਲਿਆ, ਕਿੰਨੇ ਘੁੱਪ ਹਨ੍ਹੇਰੇ ਵਿਚ ਵੀ ?"

ਇਕ ਪਲ ਦੀ ਰਾਹਤ ਤੋਂ ਬਾਅਦ ਮੈਂ ਫਿਰ ਤੋਂ ਬੇਚੈਨ ਹੋ ਗਿਆ, ਪਛਾਣ ਦਾ ਘੇਰਾ ਕਿੰਨਾ ਚਿੰਤਾਜਨਕ ਹੁੰਦਾ ਹੈ।

"ਤੂੰ ਘਰ ਤੋਂ ਇੰਨੀ ਦੂਰ, ਇੰਨੀ ਰਾਤ ਨੂੰ ਇੱਥੇ ਕੀ ਕਰ ਰਹੀ ਹੈ ?"

ਸਵਾਲ ਦੇ ਜਵਾਬ ਵਿੱਚ ਉਹ ਚੁੱਪ ਖੜੀ ਰਹੀ, ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

"ਘਰ ਕਿਉਂ ਨਹੀਂ ਜਾਂਦੀ ?.... ਚਲ ਮੈਂ ਨਾਲ ਚਲਦਾ ਹਾਂ, ਮੇਰੇ ਤੇ ਯਕੀਨ ਰੱਖ ਤੈਨੂੰ ਘਰ ਛਡ ਦੇਵਾਂਗਾ।"

ਮੈਂ ਕਿਹਾ ਪਰ ਮੇਰੇ ਸ਼ਬਦਾਂ ਨਾਲ ਉਸ ਦੀ ਚੁੱਪ ਨਹੀਂ ਪਿਘਲੀ, ਸ਼ਾਇਦ ਮੇਰੇ ਸਵਾਲਾਂ ਨੇ ਉਸ ਨੂੰ ਲੱਕੜ ਦੀ ਗੁੱਡੀ

ਬਣਾ ਦਿੱਤਾ ਸੀ, ਮੈਂ ਕੁਝ ਦੇਰ ਖੜ੍ਹਾ ਰਿਹਾ, ਉਹ ਵੀ ਖੜੀ ਰਹੀ, ਮੈਂ ਹੈਰਾਨ ਸੀ ਕਿ ਉਸ ਨੂੰ ਕਿਤੇ ਵੀ ਜਾਣ ਦੀ ਕਾਹਲ ਨਹੀਂ ਸੀ, ਮੇਰੇ ਕੋਲ ਦੋ ਹੀ ਰਾਹ ਸਨ ਜਾਂ ਤਾਂ ਮੈਂ ਇਸ ਨੂੰ ਇਥੇ ਛੱਡ ਕੇ ਆਪਣੇ ਰਾਹ ਤੁਰ ਪਵਾਂ ਤੇ ਜਾਂ ਇਸ ਨੂੰ ਇਸ ਦੇ ਘਰ ਪਹੁੰਚਾ ਆਂਵਾਂ।

"ਚਲ...."

"ਨਹੀਂ, ਮੈਂ ਘਰ ਨਹੀਂ ਜਾਵਾਂਗੀ"

"ਪਰ ਕਿਉਂ?"

ਉਸ ਨੇ ਡੂੰਘੀ ਸਾਹ ਦਾ ਇਕ ਘੁੱਟ ਭਰਿਆ

"ਬਸ......"

"ਇਹ ਕੀ ਗੱਲ ਹੋਈ, ਦੇਖ ਘਰ ਵਿੱਚ ਕਈ ਵਾਰ ਕਈ ਗੱਲਾਂ ਹੋ ਜਾਂਦੀਆਂ ਹਨ, ਤਾਂ ਕੀ ਕੋਈ ਘਰ ਛੱਡ ਦਿੰਦਾ ਹੈ?"

"ਨਹੀਂ ਮੈਂ ਨਹੀਂ ਜਾਵਾਂਗੀ ਤੁਸੀਂ ਜਾਣਾ ਹੈ ਤਾਂ ਜਾਉ।"

ਇਸ ਵਾਰ ਉਸ ਦੇ ਸ਼ਬਦ ਸਖ਼ਤ ਸਨ, ਮੈਂ ਮਹਿਸੂਸ ਕੀਤਾ ਕਿ ਉਸਦੇ ਸ਼ਬਦਾਂ ਨੇ ਮੇਰੇ ਪੈਰਾਂ ਵਿਚ ਜੰਜੀਰਾਂ ਬੰਨ ਦਿੱਤੀਆਂ ਸਨ, ਏਦਾਂ ਲਗਿਆ ਜਿਵੇਂ ਥੱਲੇ ਜ਼ਮੀਨ ਹੀ ਨਹੀਂ ਹੈ।

"ਵੇਖ ਮੈਂ ਇਸ ਤਰ੍ਹਾਂ ਨਹੀਂ ਜਾ ਸਕਦਾ, ਖਾਸ ਤੌਰ ਤੇ ਹੁਣ ਤਾਂ ਬਿਲਕੁਲ ਨਹੀਂ।"

"ਮੈਨੂੰ ਦੱਸ ਕੀ ਗੱਲ ਹੈ?", ਮੈਂ ਕਿਹਾ

ਮੇਰੀ ਫ਼ੈਸਲਾਕੁਨ ਅਵਾਜ਼ ਸੁਣ ਕੇ ਉਹ ਬੋਲੀ

"ਤੁਸੀਂ ਮੇਰੇ ਨਾਲ ਬੈਠ ਸਕਦੇ ਹੋ ਥੋੜ੍ਹੀ ਦੇਰ?"

ਝਿਜਕਦਾ ਹੋਇਆ ਉਸ ਦਾ ਸਵਾਲ ਮੈਨੂੰ ਘੂਰਨ ਲੱਗਾ

"ਇੱ....ਥੇ?...ਆਂ.... ਹਾਂ-ਹਾਂ"

ਕੁੜੀ ਦੇ ਮਿਲ ਜਾਣ ਨਾਲ ਕੁਝ ਦੇਰ ਲਈ ਹਨੇਰਾ ਗਾਇਬ ਹੋ ਗਿਆ ਸੀ, ਪਰ ਉਸ ਸਵਾਲ ਨਾਲ ਉਹ ਫਿਰ ਤੋਂ ਛਾ ਗਿਆ ਸੀ, ਰਾਤ ਕਿੰਨੀ ਕਾਲੀ ਹੋ ਗਈ ਸੀ, ਮੈਂ ਫੇਰ ਸ਼ੰਕਾਵਾਂ ਵਿੱਚ ਘਿਰਨ ਲੱਗ ਗਿਆ, ਹਨੇਰਾ ਜਗ੍ਹਾ-ਜਗ੍ਹਾ ਹਮਲਾਵਰ ਹੋ ਕੇ ਬੈਠ ਗਿਆ ਸੀ, ਮੈਂ ਕੁੜੀ ਦਾ ਸਾਥ ਨਹੀਂ ਛੱਡਿਆ, ਅੰਡਰਪਾਸ ਤੋਂ ਨਿਕਲ ਕੇ ਅਸੀਂ ਅੱਗੇ ਵੱਧੇ, ਮੇਰਾ ਯਕੀਨ ਕਹਿੰਦਾ ਸੀ ਕਿ ਰਾਤ ਦੇ ਸਫ਼ਰ ਨੇ ਕਲੈਂਡਰ ਵਿੱਚ ਨਵਾਂ ਦਿਨ ਜਗਾ ਦਿੱਤਾ ਸੀ, ਬੈਠਣ ਲਈ ਜਗ੍ਹਾ ਲੱਭਦੇ ਹੋਏ ਅਸੀਂ ਕੁਝ ਦੂਰ ਚੁਪਚਾਪ ਚਲਦੇ ਰਹੇ, ਕਾਫ਼ੀ ਦੂਰ ਇਕ ਘੁੱਪ ਹਨੇਰੇ ਵਿੱਚ ਡੁੱਬਿਆ ਹੋਇਆ ਪਾਰਕ ਦਿਸਿਆ, ਪਾਰਕ ਤਾਂ ਕੀ ਉਜਾੜ ਹੀ ਸੀ, ਟੁੱਟੀ ਕੰਧ ਤੋਂ ਟੱਪ ਕੇ ਅਸੀਂ ਇਕ ਖਸਤਾ ਹਾਲ ਬੈਂਚ ਤੇ ਬਹਿ ਗਏ।

ਦੂਰ ਦੂਰ ਤਕ ਰੌਸ਼ਨੀ ਦਾ ਕੋਈ ਜੁਗਨੂੰ ਵੀ ਨਹੀਂ, ਉੱਪਰ ਚੰਨ ਦਾ ਬਰੀਕ ਜਿਹਾ ਟੁਕੜਾ ਅਤੇ ਥੱਲੇ ਅਸੀਂ ਦੋਨੋਂ, ਉਥੇ ਬੈਠ ਕੇ ਮੈਨੂੰ ਆਪਣੀਆਂ ਲੱਤਾਂ ਦੀ ਜ਼ਬਰਦਸਤ ਥਕਾਣ ਦਾ ਅਹਿਸਾਸ ਹੋਇਆ। ਦੋਨਾਂ ਹੱਥਾਂ ਨਾਲ ਮੈਂ ਆਪਣੀਆਂ ਲੱਤਾਂ ਨੂੰ ਘੁਟਣਾ ਸ਼ੁਰੂ ਕੀਤਾ।

"ਨਾਂ ਕੀ ਹੈ ਤੇਰਾ?"

"ਮੇਰਾ ਨਾਮ ਯਸ਼ੂ ਹੈ ਤੁਸੀਂ ਭੁੱਲ ਗਏ?"

"ਇਥੇ ਇਕੱਲੇ ਡਰ ਤਾਂ ਨਹੀਂ ਲੱਗ ਰਿਹਾ?"

'ਪਹਿਲਾਂ ਲੱਗ ਰਿਹਾ ਸੀ.... ਹੁਣ....'

ਯਸ਼ੂ ਦੇ ਲਫ਼ਜ਼ਾਂ ਨੇ ਅਖੀਰ ਮੇਰੇ ਯਕੀਨ ਦੀ ਡੋਰ ਨੂੰ ਫੜ ਲਿਆ ਸੀ।

"ਮੈਂ ਘਰ ਤੋਂ ਨੱਸ ਆਈ ਹਾਂ, ਹੁਣ ਮੇਰਾ ਉਥੇ ਜੀ ਨਹੀਂ ਲੱਗਦਾ"

ਮੈਂ ਹਨੇਰੇ ਵਿੱਚ ਉਸਦੇ ਚਿਹਰੇ ਦੀ ਲਕੀਰਾਂ ਲੱਭੀਆਂ, ਉਹਨਾਂ ਵਿੱਚ ਘਰ ਨਾਲ ਪਿਆਰ ਦਾ ਮੈਨੂੰ ਕੋਈ ਨਿਸ਼ਾਨ ਨਾ ਦੇਖਿਆ, ਉਹ ਮੁਸ਼ਕਲ ਨਾਲ 15 16 ਸਾਲ ਦੀ ਹੋਵੇਗੀ, ਮੈਂ ਹੈਰਾਨ ਰਹਿ ਗਿਆ, ਹੁਣ ਮੈਂ ਕੀ ਕਰਾਂਗਾ, ਮੇਰਾ ਦਿਮਾਗ ਚਾਰ ਗੁਣੀ ਰਫਤਾਰ ਨਾਲ ਕੰਮ ਕਰ ਰਿਹਾ ਸੀ, ਇਥੇ ਆਸ-ਪਾਸ ਕੋਈ ਫੋਨ ਵੀ ਨਵੀਂ ਨਹੀਂ ਹੋਵੇਗਾ, ਤੇ ਜੇ ਫੋਨ ਹੁੰਦਾ ਵੀ ਤਾਂ ਵੀ ਮੇਰੇ ਕੋਲ ਉਸ ਦੇ ਘਰ ਦਾ ਨੰਬਰ ਕਿੱਥੇ ਹੈ, ਕਿਵੇਂ ਖ਼ਬਰ ਕਰਾਂ ਉਸ ਦੇ ਘਰ, ਮੇਰੀਆਂ ਫਿਕਰਾਂ ਨੂੰ ਬਿਲਕੁਲ ਵੀ ਆਰਾਮ ਨਹੀਂ ਸੀ।

"ਅੱਜ ਪਾਪਾ ਨੇ ਮੈਨੂੰ ਬਹੁਤ ਮਾਰਿਆ.... ਮੈਂ ਨਹੀਂ ਜਾਵਾਂਗੀ ਘਰ।"ਉਸ ਦੀ ਦ੍ਰਿੜਤਾ ਵੇਖ ਕੇ ਮੈਨੂੰ ਕੋਈ ਜਵਾਬ ਨਾ ਸੁਝਿਆ, ਪਰ ਮੇਰੀ ਚੁੱਪ ਕਿਤੇ ਉਸ ਨੂੰ ਚੁਭ ਨਾ ਜਾਵੇ ਅਤੇ ਕਾਰਣ ਪੁੱਛਣਾ ਗਲਤ ਨਾ ਲੱਗੇ ਇਸ ਲਈ ਮੈਂ ਕਿਹਾ, "ਹਾਂ ਹੁੰਦਾ ਹੈ ਕਈ ਵਾਰ ਏਦਾਂ ਵੀ"

ਕੁਝ ਦੇਰ ਤੱਕ ਸਾਡੇ ਵਿੱਚ ਲੰਮੀ ਚੁੱਪ ਛਾਈ ਰਹੀ ਫੇਰ ਉਹ ਬੋਲੀ

"ਮੈਂ ਤੁਹਾਨੂੰ ਕਦੇ ਕਿਹਾ ਨਹੀਂ, ਪਰ ਤੁਸੀਂ ਮੈਨੂੰ ਬਹੁਤ ਚੰਗੇ ਲੱਗਦੇ ਹੋ।"

ਸੁਣ ਕੇ ਮੈਂ ਹੜਬੜਾਇਆ, ਉਸ ਦੀ ਉਮਰ ਮੇਰੇ ਨਾਲੋਂ ਬਹੁਤ ਘੱਟ ਹੈ, ਕੁਝ ਪਲ ਰੁਕ ਕੇ ਮੈਂ ਬੋਲਿਆ

"ਹਾਂ ਇਸ ਵਿੱਚ ਕੀ ਖਾਸ ਹੈ, ਤੂੰ ਵੀ ਬਹੁਤ ਚੰਗੀ ਹੈ।"

"ਨਹੀਂ..... ਮੈਨੂੰ ਸੱਚੀ ਤੁਸੀਂ ਬਹੁਤ ਪਸੰਦ ਹੋ, ਜਦੋਂ ਤੁਸੀਂ ਗਲੀ ਵਿਚ ਮੈਨੂੰ ਦਿੱਖਦੇ ਸੀ ਤਾਂ ਮੇਰਾ ਦਿਲ ਕਰਦਾ ਸੀ ਕੀ ਤੁਹਾਡੇ ਨਾਲ ਗੱਲ ਕਰਾਂ।"

ਇਸ ਵਾਰ ਕੁੜੀ ਦੀ ਆਵਾਜ਼ ਘੱਟ ਕੰਬੀ, ਸ਼ਰਮਾਈ ਤਾਂ ਬਿਲਕੁਲ ਵੀ ਨਹੀਂ, ਹੁਣ ਉਹ ਪੂਰੀ ਤਰਾਂ ਨਾਲ ਸ਼ਾਂਤ ਹੋ ਚੁੱਕੀ ਸੀ, ਮੇਰੇ ਯਕੀਨ ਦੀ ਹੱਦ ਦੇ ਅੰਦਰ ਉਸ ਦੇ ਕਾਂਬੇ, ਰੋਣੇ ਅਤੇ ਡਰ ਦੀ ਦੀਵਾਰ ਢਹਿ ਗਈ ਸੀ।

"ਪਰ ਅਸੀਂ ਤਾਂ ਕਦੇ ਮਿਲੇ ਹੀ ਨਹੀਂ ਅਸੀਂ ਕੀ ਗੱਲ

ਕਰਾਂਗੇ''


ਹੁਣ ਤਕ ਮੈਂ ਇਹ ਜਾਣ ਲਿਆ ਸੀ ਕਿ ਇਸ ਨਾਲ ਝਿੜਕ ਕੇ ਗੱਲ ਨਹੀਂ ਕੀਤੀ ਜਾ ਸਕਦੀ ਅਤੇ ਇਸ ਵੇਲੇ ਕੁਝ ਵੀ ਸਮਝਾਣਾ ਬੇਕਾਰ ਹੋਵੇਗਾ, ਇਸ ਬੀਆਬਾਨ ਵਿੱਚ ਉਸ ਨੂੰ ਇਕੱਲਾ ਕਿਵੇਂ ਛੱਡਾਂ ਇਹੀ ਸੋਚ ਕੇ ਉਸ ਦੀ ਗੱਲਬਾਤ ਪੂਰੇ ਸੰਜਮ ਨਾਲ ਸੁਣਦਾ ਰਿਹਾ, ਤਾਂ ਕਿ ਉਸ ਨੂੰ ਲੱਗੇ ਕਿ ਮੇਰੀ ਉਸ ਦੀ ਗੱਲਾਂ ਵਿਚ ਦਿਲਚਸਪੀ ਹੈ, ਉਸ ਕੋਲ ਅਨੰਤ ਗੱਲਾਂ ਸਨ, ਧਰਤੀ ਤੋਂ ਲੈ ਕੇ ਚੰਨ ਦੀਆਂ, ਹਵਾਵਾਂ ਤੋਂ ਲੈ ਕੇ ਦਰਿਆਵਾਂ ਦੀਆਂ, ਅੱਗ ਤੋਂ ਲੈ ਕੇ ਫੁੱਲ ਦੀਆਂ, ਜਿਸ ਰਫਤਾਰ ਨਾਲ ਉਹ ਬੋਲਦੀ ਜਾ ਰਹੀ ਸੀ, ਮੇਰੀ ਫਿਕਰ ਵੱਧਦੀ ਜਾ ਰਹੀ ਸੀ। ਮੈਂ ਆਪਣੀ ਫ਼ਿਕਰ ਨੂੰ ਛੁਪਾਉਣ ਦਾ ਪੂਰਾ ਜਤਨ ਕਰ ਰਿਹਾ ਸੀ।

"ਮੈਂ ਕਦੀ ਇਨ੍ਹੇਂ ਤਾਰੇ ਇਕੱਠੇ ਨਾਲ ਨਹੀਂ ਦੇਖੇ, ਤਾਰੇ ਤਾਂ ਕੀ ਰਾਤ ਦੇ ਇਸ ਵੇਲੇ ਤਾਂ ਮੈਂ ਕਦੇ ਅਸਮਾਨ ਵੀ ਨਹੀਂ ਵੇਖਿਆ, ਕਿੰਨਾ ਸੋਹਣਾ ਹੈ ਇਹ ਅਸਮਾਨ''

ਉਹ ਪੂਰੀ ਬੇਫਿਕਰੀ ਨਾਲ ਅਸਮਾਨ ਨੂੰ ਵੇਖ ਰਹੀ ਸੀ, ਮੈਂ ਸੋਚਣ ਲੱਗਾ ਕਿੰਨਾ ਫਰਕ ਹੈ ਕੁਝ ਦੇਰ ਪਹਿਲਾਂ ਦੀ ਅਤੇ ਹੁਣ ਬੈਂਚ ਉਤੇ ਮੇਰੇ ਨਾਲ ਬੈਠੀ ਕੁੜੀ ਵਿਚ, ਮੂੰਹ ਚੱਕ ਕੇ ਅਸਮਾਨ ਵੇਖਿਆ ਤਾਂ ਯਾਦ ਆਇਆ ਕਿ ਕਿੰਨੇ ਲੰਮੇ ਸਮੇਂ ਬਾਅਦ ਮੈਂ ਅਸਮਾਨ ਨੂੰ ਵੇਖਿਆ, ਅਸਮਾਨ ਵਿੱਚ ਬਿਖਰੇ ਟੁਕੜੇ ਟੁਕੜੇ ਤਾਰਿਆਂ ਨੂੰ ਵੇਖਦਾ ਰਿਹਾ, ਹਨੇਰਾ ਵੀ ਖੂਬਸੂਰਤ ਹੋ ਸਕਦਾ ਹੈ, ਅੱਜ ਦੇ ਸਾਰੇ ਬੁਰੇ ਅਨੁਭਵਾਂ ਵਿਚ ਇਹ ਪਹਿਲਾਂ ਸਕੂਨ ਦਾ ਪਲ ਮੇਰੇ ਜ਼ਿਹਨ ਵਿੱਚ ਦਰਜ ਹੋਇਆ। ਅਸੀਂ ਦੋਵੇਂ ਬਿਨਾਂ ਕੁਝ ਬੋਲੇ ਆਪਣੇ-ਆਪਣੇ ਹਿੱਸੇ ਦਾ ਅਸਮਾਨ ਤੇ ਅਸਮਾਨ ਦੇ ਹਿੱਸੇ ਦੇ ਤਾਰੇ ਵੇਖਦੇ ਰਹੇ, ਆਥਣ ਹੋਣ ਤੋਂ ਬਾਅਦ ਇਹ ਪਹਿਲਾ ਪਲ ਸੀ ਜਦ ਸਾਰੀਆਂ ਚਿੰਤਾਵਾਂ ਅਸਮਾਨ ਨੇ ਪਰੇ ਧੱਕ ਦਿੱਤੀਆਂ ਸਨ, ਵਕਤ ਹਨੇਰੇ ਦੇ ਤਿੱਖੇ ਸਿਰੇ ਘਸਾਣ ਲੱਗਾ, ਕੁੜੀ ਫੇਰ ਬੋਲਣ ਲੱਗੀ, ਉਸ ਕੋਲ ਕਿੱਸਿਆਂ ਦੀ ਕੋਈ ਕਮੀ ਨਹੀਂ ਸੀ, ਤੇ ਕਿੱਸਿਆਂ ਦੇ ਸਿਰਾਂ ਨੂੰ ਬਿਨਾਂ ਤਰਤੀਬ ਨਾਲ ਜੋੜੇ ਉਹ ਇੱਕ ਪਗਡੰਡੀ ਤੋਂ ਦੂਜੀ ਪਗਡੰਡੀਆਂ ਵਲ ਵੱਧਦੀ ਰਹੀ। ਕੁਝ ਵਕਤ ਬਾਅਦ ਬੋਲਦੇ ਬੋਲਦੇ ਉਸ ਨੇ ਆਪਣੇ ਪੈਰਾਂ ਨੂੰ ਬੈਂਚ ਉੱਤੇ ਇਕੱਠਾ ਕਰ ਕੇ ਰੱਖਿਆ, ਉਹ ਮੇਰੇ ਨੇੜੇ ਆਈ ਤੇ ਮੇਰੇ ਮੋਢੇ ਤੇ ਆਪਣਾ ਸਿਰ ਰੱਖ ਦਿੱਤਾ, ਹੌਲੀ ਹੌਲੀ ਅਸਮਾਨ ਨੂੰ ਵੇਖਦੇ ਹੋਏ ਉਸਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਹ ਸੌਂ ਗਈ।

ਮੈਂ ਚੁੱਪ ਰਿਹਾ, ਆਪਣੇ ਹਿੱਲਣ ਜੁਲਣ ਨੂੰ ਮੈਂ ਬਹੁਤ ਕੰਟ੍ਰੋਲ ਕਰ ਲਿਆ ਤਾਂ ਜੋ ਕੁੜੀ ਦੀ ਨੀਂਦ ਵਿੱਚ ਕੋਈ ਖ਼ਲਲ ਨਾ ਪਵੇ, ਮੈਂ ਆਪਣੇ ਮੋਢੇ ਉੱਚੇ ਕਰ ਲਏ ਤਾਂ ਜੋ ਉਸਦਾ ਸਿਰ ਮੋਢੇ ਉਤੇ ਅਰਾਮ ਨਾਲ ਪਿਆ ਰਹੇ। ਮੈਂ ਉਸਦੇ ਅਰਾਮ ਲਈ ਪੂਰੀ ਕੋਸ਼ਿਸ਼ ਕਰ ਰਿਹਾ ਸੀ, ਕਿ ਇਕਦਮ ਜਿਵੇਂ ਮੇਰਾ ਲਹੂ ਸੁੱਕ ਗਿਆ, ਅਚਾਨਕ ਹੀ ਮਨ ਵਿੱਚ ਖਿਆਲ ਆਇਆ ਕਿ ਜੇਕਰ ਕੋਈ ਇਥੇ ਇਸ ਵਕਤ ਆ ਜਾਵੇ ਤਾਂ ਉਹ ਕੀ ਸੋਚੇਗਾ, ਉਸ ਦੀ ਨਾਬਾਲਗ ਉਮਰ ਤੇ ਆਦਮੀ ਦੀ ਉਮਰ ਦਾ ਮੈਂ, ਕਿਸੇ ਵੀ ਸੋਚਣ ਵਾਲੇ ਦੇ ਮਨ ਵਿੱਚ ਹੋਛੀ ਗੱਲ ਹੀ ਆਵੇਗੀ।

ਸੋਚਦੇ ਹੋਏ ਆਦਤਨ ਮੇਰੇ ਨਹੁੰ ਦੰਦਾਂ ਥੱਲੇ ਚਲੇ ਗਏ ਤੇ ਮੈਂ ਉਨ੍ਹਾਂ ਨੂੰ ਚੱਬਣ ਲੱਗਾ, ਬਚਪਨ ਤੋਂ ਹੀ ਮੇਰੀ ਆਦਤ ਹੈ ਕਿ ਜਦ ਵੀ ਕੋਈ ਮੁਸ਼ਕਲ ਆਉਂਦੀ ਹੈ ਮੈਂ ਆਪਣੇ ਨਹੁੰ ਚੱਬਣ ਲੱਗਦਾ ਹਾਂ, ਮੇਰਾ ਮਨ ਮੈਨੂੰ ਲਾਹਨਤ ਪਾਉਣ ਲੱਗਾ, ਕਿਉਂ ਮੈਂ ਇਸ ਕੁੜੀ ਨੂੰ ਝਿੜਕ ਕੇ ਸਿੱਧਾ ਨਹੀਂ ਕੀਤਾ, ਇਥੇ ਆ ਕੇ ਕਿਉਂ ਬਹਿ ਗਿਆ ਇਹਦੇ ਨਾਲ, ਆਪਣੇ ਸਵਾਲਾਂ ਦੇ ਨਾਲ ਮੈਂ ਕੁਝ ਸਮਾਂ ਬਿਨਾਂ ਹਿਲੇ-ਜੁੱਲੇ ਬੈਠਾ ਰਿਹਾ, ਫਿਰ ਮਨ ਵਿੱਚ ਇੱਕ ਖਿਆਲ ਆਇਆ, "ਇਸ ਕੁੜੀ ਨੇ ਏਦਾਂ ਕਿਉਂ ਕਿਹਾ ਕਿ ਮੈਂ ਉਸਨੂੰ ਬਹੁਤ ਚੰਗਾ ਲੱਗਦਾ ਹਾਂ?'' ਇਸ ਵਾਰ ਮੈਂ ਖੁਲ੍ਹ ਕੇ ਉਸ ਦੇ ਚਿਹਰੇ ਵੱਲ ਵੇਖਿਆ, ਪਰ ਉਸ ਦੇ ਚਿਹਰੇ ਨੇ ਕੋਈ ਜਵਾਬ ਨਾ ਦਿੱਤਾ, ਆਪਣੇ ਮੋਢੇ ਤੇ ਉਸ ਦੇ ਸਿਰ ਦੇ ਭਾਰ ਨੂੰ ਮਹਿਸੂਸ ਕੀਤਾ, ਉਹ ਗੂੜ੍ਹੀ ਨੀਂਦ ਵਿਚ ਸੀ, ਉਹ ਮੇਰੇ ਨਾਲ ਚਿਪਕੀ ਹੋਈ ਸੀ, ਉਸਦੇ ਸਰੀਰ ਦਾ ਸਾਰਾ ਭਾਰ ਮੇਰੇ ਉੱਤੇ ਪੈ ਰਿਹਾ ਸੀ, ਰਾਤ ਦੀ ਉਸ ਹਲਕੀ ਠੰਡ ਵਿੱਚ ਵੀ ਜਿਵੇਂ ਇੱਕ ਗਰਮ ਭਾਫ਼ ਮੇਰੇ ਮੋਢੇ ਨੂੰ ਛੂਹ ਰਹੀ ਸੀ, ਇਹ ਹੀ ਨਹੀਂ ਹੈ ਉਸ ਦੇ ਸਾਹਾਂ ਦੀ ਅਵਾਜ਼ ਨੂੰ ਵੀ ਸੁਣ ਰਿਹਾ ਸੀ, ਮੇਰੇ ਪੂਰੇ ਸਰੀਰ ਵਿੱਚ ਕਾਂਬਾ ਜਿਹਾ ਛਿੜ ਗਿਆ, ਦਿਲ ਵਿਚ ਅਜੀਬ ਜਿਹੀ ਬੇਚੈਨੀ ਹੋਈ, ਮੈਂ ਆਪਣੇ ਸੁੱਕਦੇ ਹੋਏ ਗਲੇ ਅੰਦਰ ਥੁਕ ਲੰਘਾਇਆ, ਮੈਂ ਉਸਦੇ ਬਹੁਤ ਨੇੜੇ ਸੀ, ਮੇਰਾ ਹੱਥ ਉਸਦੇ ਕੁੜਤੇ ਦੇ ਕਿਨਾਰੇ ਨੂੰ ਛੂਹ ਰਿਹਾ ਸੀ, ਥੋੜ੍ਹੀ ਦੇਰ ਬਾਅਦ ਉਹ ਕਿਨਾਰਾ ਮੇਰੇ ਨਹੁੰ ਦੇ ਥੱਲੇ ਸੀ, ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰਾ ਨਹੁੰ ਵੱਡਾ ਹੋ ਰਿਹਾ ਹੈ, ਤਿੱਖਾ, ਖੂੰਖਾਰ ਅਤੇ ਜ਼ਾਲਮ, ਮੈਂ ਡੂੰਘੀ ਸਾਹ ਲਈ, ਆਪਣੇ ਦਿਲ ਦੀ ਧੜਕਣ ਨੂੰ ਮਹਿਸੂਸ ਕੀਤਾ, ਮੈਂ ਵੇਖਿਆ ਉਸ ਬੀਆਬਾਨ ਵਿਚ ਬਹੁਤ ਸਾਰੇ ਨਹੁੰ ਉਗ ਆਏ ਹਨ, ਲਹੂ ਨਾਲ ਭਿੱਜੇ, ਮੈਂ ਬਹੁਤ ਸਾਰੀਆਂ ਡੂੰਘੀਆਂ ਅੱਖਾਂ ਅੰਗਾਰਿਆਂ ਵਾਂਗੂੰ ਚਮਕਦੀਆਂ ਵੇਖੀਆਂ, ਉਸ ਬੀਆਬਾਨ ਵਿਚ ਕਈ ਜੋੜੇ ਹੱਥ ਉਗ ਆਏ ਸਨ, ਚਾਰੇ ਪਾਸੇ ਹਨੇਰਾ ਸੀ, ਮੈਂ ਯਕਦਮ ਆਪਣੀਆਂ ਅੱਖਾਂ ਖੋਲੀਆਂ, ਆਪਣੇ ਸਾਹਾਂ ਨੂੰ ਮਹਿਸੂਸ ਕੀਤਾ, ਮੈਂ ਹੱਥ ਨੂੰ ਵੇਖਿਆ ਅਤੇ ਚੁੱਪ ਚਾਪ ਕੁੜੀ ਦੇ ਕੁੜਤੇ ਦੇ ਕਿਨਾਰੇ ਤੋਂ ਹੱਥ ਹਟਾਇਆ, ਮੇਰੀ ਹਥੇਲੀ ਗਿੱਲੀ ਹੋ ਗਈ ਸੀ, ਮੈਂ ਆਪਣੇ ਹੱਥਾਂ ਨੂੰ ਗੋਡਿਆਂ ਤੇ ਰੱਖਿਆ, ਤੇ ਅੱਖਾਂ ਖੋਲ੍ਹ ਕੇ ਚਾਰੇ ਪਾਸੇ ਵੇਖਿਆ ਉਸ ਬੀਆਬਾਨ ਵਿੱਚ ਕੋਈ ਨਹੀਂ ਸੀ,



ਨਾ ਹੱਥ ਨਾ ਅੱਖਾਂ, ਮੈਂ ਇੱਕ ਹੱਥ ਨਾਲ ਆਪਣੀ ਅੱਖ਼ਾਂ ਨੂੰ ਸਾਫ਼ ਕੀਤਾ ਤੇ ਹੋਲੀ ਜਿਹੀ ਬੋਲਿਆ, "ਮਾੜਾ ਬੰਦਾ'' ਮੈਂ ਹਲਕਾ ਜਿਹਾ ਮੁਸਕਰਾਇਆ, ਫਿਰ ਤੋਂ ਮੈਨੂੰ ਮੇਰੇ ਸ਼ਬਦ ਸੁਣਾਈ ਦਿੱਤੇ, "ਮਾੜਾ

**ਪੰਜਾਬੀ ਅਨੁ…**
**ਹਰਦੀਪ ਸੱਭਰਵਾਲ**

## ਪਤੰਗ / ਡਾ. ਹਰਪਿੰਦਰ ਕੌਰ

ਹਾਂ ਮੈਂ ਪਤੰਗ ਹਾਂ
ਉਡਦੀ ਆਪਣੇ ਮਾਲਕ ਦੇ
ਮਨਚਾਹੇ ਅਸਮਾਨ ਵਿੱਚ
ਉਹ ਉਡਾਉਂਦਾ ਆਪਣੀ
ਮਰਜ਼ੀ ਨਾਲ
ਮੈਂ ਉਡਦੀ ਉਸ ਦੀ
ਮਰਜ਼ੀ ਨਾਲ
ਮੇਰੀ ਡੋਰ ਉਹਦੇ ਹੱਥ ਵਿੱਚ
ਜਿੰਨੀ ਢਿੱਲ ਦਿੰਦਾ
ਉਨਾ ਉਚਾ ਉਡਦੀ
ਜਦ ਉਸ ਨੂੰ
ਇਉਂ ਲਗਦਾ
ਇਹ ਮੇਰੀ ਇਜਾਜ਼ਤ ਬਗੈਰ
ਸਤਰੰਗੀ ਪੀਂਘ, ਪਰਿੰਦਿਆਂ ਸੰਗ
ਨਜ਼ਦੀਕੀ ਵਧਾ ਰਹੀ ਹੈ
ਉਸ ਨੂੰ ਰੋਹ ਇਉਂ ਚੜ੍ਹਦਾ
ਪਲਾਂ ਵਿੱਚ ਹੀ
ਢਿੱਲ ਖਿੱਚ ਦਾ ਰੂਪ ਧਾਰ ਲੈਂਦੀ
ਮਾਲਕ ਦੇ ਹੱਥ ਕੰਬ ਜਾਂਦੇ
ਸਾਰੇ ਪੂਰਬਜ
ਉਸ ਦੇ ਅੰਦਰ ਜਾਗ ਉਠਦੇ
ਤੇ
ਉਹ ਅਗਲੇ ਹੀ ਪਲ
ਧਰਤੀ ਤੇ ਲਿਆ ਸੁੱਟਦਾ
ਪਤੰਗ ਨੂੰ
ਡਰਦਾ ਕਿ ਕਿਤੇ ਕੋਈ
ਕੱਟ ਨਾ ਦੇਵੇ ਉਸ ਦੀ ਡੋਰ
ਹਾਂ ਮੈਂ ਪਤੰਗ ਹਾਂ.......



## ਪੀੜ / ਡਾ. ਜਸਪਾਲ ਕੌਰ



ਉਹ ਤੇ ਸ਼ੌਕੀ ਏ ਦਿਲਲਗੀ ਕਰਨੇ ਦਾ
ਲੋਕੀ ਆਖਦੇ,"ਤੂੰ ਕਿੱਥੇ ਦਿਲ ਲਾ ਲਿਆ!!
ਹੁਣ ਰੋਵੇਂ ਭਰ ਭਰ ਨੈਣ ਕਟੋਰੀਆਂ
ਉਸ ਛਲੀਏ ਨੂੰ ਕਿਉਂ ਪਹਿਲਾਂ ਨਾ
ਵਿਚਾਰਿਆ??"

ਉਸ ਛਲੀਏ ਦੇ ਸਾਂਵਲੇ ਜਿਹੇ ਰੰਗ ਨੇ
ਮੈਨੂੰ ਛਲ਼ ਲਿਆ ਸਈਓ ਨੀ ਵਲ਼ ਲਿਆ
ਗਹਿਰੇ ਜਿਹੇ ਨੈਣਾਂ ਵਾਲੇ
ਚੰਨ ਮਾਹੀ ਵੇਖਿਆ ਤਾਂ
ਬੁਝਿਆ ਸੀ ਇਸ਼ਕ ਜੋ, ਬਲ਼ ਗਿਆ
ਬੋਲ਼ ਉਹਦੇ ਜਾਪੇ ਜੀਕੂੰ
ਸਾਜ਼ ਕੋਈ ਵੰਝਲੀ ਜਿਹਾ
ਮਿੱਠਾ ਮਿੱਠਾ ਕਰ ਸੀਨੇ ਸੱਲ ਗਿਆ

ਫੇਰ ਹੁਣ ਝੱਲੀ ਜਾ ਤੂੰ
ਪੀੜ ਇਹ ਅੜੀਏ ਨੀ
ਇਹੋ ਜਿਹੇ ਜੋਗੀ ਫੇਰਾ ਪਾਂਵਦੇ ਨਾ
ਕਰ ਕਰ ਮਿੱਠੀਆਂ ਇਹ
ਵੱਸ ਕਰ ਲੈਂਦੇ ਦਿਲ
ਦਿਲ ਦੀਆਂ ਫਿਰ ਕਦੇ ਜਾਣਦੇ ਨਾ

ਹਾੜਾ ਮੇਰੇ ਰੱਬਾ
ਮੇਰੇ ਸਾਈਂ ਮੇਰੇ ਰਹਿਬਰ
ਇਕੋ ਖ਼ੈਰ ਮੰਗਾਂ
ਮੇਰੀ ਝੋਲੀ ਮੇਰਾ ਦਿਲਬਰ

ਝੂਠੀਆਂ ਨੇ ਸਈਆਂ
ਇਹ ਸਾਰੀਆਂ ਵਿਚਾਰੀਆਂ
ਦਿਲਲਗੀ, ਦਿਲਲਗੀ
ਕੋਈ ਨਹੀਂਓ ਸਾਈਂ ਮੇਰੇ
ਮੈਂ ਹੀ ਜਾਣਾ ਬਸ ਉਹਦੇ
ਪਿਆਰ ਦੀਆਂ ਖ਼ੁਮਾਰੀਆਂ।

## ਦਿਮਾਗ ਤੋਂ ਉੱਤਰੇ ਲੋਕ / ਸੁਨੀਤਾ ਡਾਗਾ



ਭਾਵੇਂ ਹੀ ਦਿਮਾਗ ਤੋਂ ਉੱਤਰ ਜਾਣ ਲੋਕ
ਦਿਮਾਗ ਖਾਲੀ ਨਹੀਂ ਹੁੰਦਾ
ਕਿੰਨਾ ਕੁਝ ਭਰਿਆ ਹੁੰਦਾ ਹੈ ਉਸ ਵਿਚ
ਅਨਗਿਣਤ ਸਵਾਲ ਰਾਗ ਮੋਹ
ਈਰਖਾ ਬਦਲਾ ਕੂੜਾ ਕਰਕਟ
ਕੋਈ ਫ਼ਰਕ ਨਹੀਂ ਪੈਂਦਾ ਦਿਮਾਗ ਨੂੰ

ਦਿਮਾਗ ਤੋਂ ਉੱਤਰੇ ਲੋਕ
ਹੌਲੀ ਹੌਲੀ ਪੈ ਜਾਂਦੇ ਨੇ
ਸਾਡੀਆਂ ਯਾਦਾਂ ਵਿਚ ਫਿੱਕੇ
ਉਨ੍ਹਾਂ ਦੀਆਂ ਧੁੰਦਲੀਆਂ ਹੁੰਦੀਆਂ ਯਾਦਾਂ
ਨਹੀਂ ਕਰਦਿਆਂ ਸਾਡੇ ਸਾਹਮਣੇ ਕੋਈ ਪ੍ਰਸ਼ਨ
ਜਿਵੇਂ ਜਿਵੇਂ ਉਤਰਨ ਲਗਦੇ ਨੇ ਲੋਕ
ਦਿਮਾਗ ਤੋਂ
ਮਨ ਖਾਲੀ ਖਾਲੀ ਹੋਣ ਲਗਦਾ ਹੈ

ਮੁਸ਼ਕਿਲ ਉਦੋਂ ਹੁੰਦੀ ਹੈ
ਜਦੋਂ ਮਨ ਤੋਂ ਉੱਤਰ ਜਾਂਦੇ ਨੇ ਲੋਕ
ਮਨ ਤੋਂ ਉੱਤਰੇ ਲੋਕ
ਧਾਰ ਲੈਂਦੇ ਨੇ ਇੱਕ ਅਸਹਿ ਖਾਮੋਸ਼ੀ
ਤੁਹਾਨੂੰ ਕਈ ਵਾਰ ਸਵਾਲਾਂ ਦੇ ਘੇਰਿਆਂ ਵਿਚ
ਉਲਝਾ ਕੇ ਬਣਦੇ ਜਾਂਦੇ ਨੇ
ਦੁਖ ਤੇ ਉਦਾਸੀ ਦਾ ਸਬੱਬ

ਉਨ੍ਹਾਂ ਦੇ ਜ਼ਖਮ ਰਿਸਦੇ ਰਹਿੰਦੇ ਨੇ
ਮਨ ਦੇ ਹਨ੍ਹੇਰੇ ਤਹਿਖਾਨਿਆਂ ਦੇ ਵਿਚ
ਤੇ ਸਾਨੂੰ ਪਤਾ ਵੀ ਨਹੀਂ ਲੱਗਦਾ
ਕਿ ਮਨ ਤੋਂ ਉੱਤਰੇ ਲੋਕ
ਕਦੋਂ ਸਾਡੇ ਦਿਮਾਗ ਵਿਚ ਘਰ ਕਰ ਜਾਂਦੇ ਨੇ.....

## ਤੇਰੇ ਜਾਣ ਤੋਂ ਬਾਅਦ ਹੀ / ਤੂਲਿਕਾ ਚੇਤੀਆ ਜੇਨ

ਤੇਰੇ ਜਾਣ ਤੋਂ ਬਾਅਦ ਹੀ
ਸੀਨੇ ਦੇ ਅੰਦਰ ਦੁੱਖ ਤੇ
ਅਫਸੋਸ ਦੀ ਨਦੀ
ਦਸਾਂ ਉਂਗਲੀਆਂ ਵਿਚ
ਚਮਕ ਰਹੇ ਨੇ ਨੀਲੇ ਰੰਗ ਦੇ ਨਛੱਤਰ
ਸੌ ਰਾਤਾਂ ਦੀਆਂ ਮੌਨ ਸਿਸਕੀਆਂ ਬਣ ਕੇ

ਸੀਨੇ ਦੀ ਇਕ ਤਿੱਖੀ
ਕੰਬਣੀ ਛੂਹ ਕੇ
ਚੰਚਲ ਪਲਕਾਂ ਨਾਲ ਨਿਹਾਰਦੇ
ਅਸੀਂ ਏਨੇ ਦਿਨਾਂ ਤੋਂ ਜਿਊਂ ਰਹੇ ਹਾਂ
ਜੰਗਲੀ ਮੁਰਗੇ ਦੀ
ਅਵਾਜ਼ ਦੀ ਸਵੇਰ ਵਿਚ

ਅਸੀਂ ਵਹਿ ਰਹੇ ਸਾਂ
ਆਪਣੇ ਅੰਤਰ ਦੇ ਸੰਨਾਟੇ ਵਿਚ
ਸ਼ਾਮ ਦੀ ਧੁੰਦਲੀ ਰੋਸ਼ਨੀ ਵਿਚ
ਅਸੀਂ ਆਪਣੇ ਲਈ ਹੀ ਹੋ ਗਏ ਸਾਂ
ਆਕਾਸ਼ ਛੂਹਣ ਜਿੰਨੇ ਉਚੇ
ਝਪਟ ਕੇ ਹਵਾ
ਫੜ ਲੈਣ ਜਿੰਨੇ ਉਤਸ਼ਾਹੀ
ਪਾਣੀ ਵਿਚ ਤੁਰਨ ਜਿੰਨੇ ਸਾਹਸੀ

ਜਦੋਂ ਕਿ ਤੇਰੇ ਜਾਣ ਤੋਂ ਬਾਅਦ ਹੀ
ਮੇਰੇ ਸੀਨੇ ਵਿਚ ਮੂੰਹ ਲੁਕਾ ਕੇ ਪਈ ਹੈ
ਸੰਘਣੇ ਦਰਖਤ ਦੀ ਲੰਬੀ ਛਾਂ

ਤੇ ਹਨ੍ਹੇਰੇ ਵਿਚ ਘਿਰੀ
ਬਰਫੀਲੀ ਹਵਾ.....



**ਅਨੁਵਾਦ : ਅ.ਕ.**

## ਰਿਜ਼ਕ ਤੇ ਮਾਂ ਬੋਲੀ / ਸੁਰਿੰਦਰ ਗਿੱਲ ਜੈਪਾਲ



ਪੈਣ ਜੇ ਰਿਜ਼ਕਾਂ ਤੇ ਡਾਕੇ
ਖ਼ੁਦਕੁਸ਼ੀਆਂ ਤੇ ਲੰਮੇ ਫਾਕੇ
ਸਿਆਸੀ ਗਿਰਝਾਂ ਚੂੰਡਣ ਮਾਸ
ਜੀਊਂਦੇ ਰਹਿਣ ਦੀ ਮੁੱਕੇ ਆਸ
ਜੰਮਣ ਭੋਇੰ ਜੇ ਮੁਨਕਰ ਹੋਵੇ
ਦੇਣ ਤੋਂ ਰੋਟੀ
ਉਹ ਧਰਤ ਤਾਂ ਅਸਲੋਂ ਖੋਟੀ
ਸੋਮੇ ਜਦ ਰਿਜ਼ਕ ਦੇ ਮੁੱਕਦੇ
ਝਰਨੇ ਨਹੀਂ ਲਫ਼ਜ਼ਾਂ ਦੇ ਫੁੱਟਦੇ
ਜਿਸ ਮਿੱਟੀ ਵਿੱਚ ਦਾਣੇ ਉੱਗਣ
ਖ਼ਾਬ ਖ਼ਿਆਲ ਉਥੇ ਹੀ ਪੁੱਗਣ
ਜਿੱਥੇ ਹੋਵੇ ਔਖੀ ਗੁਜਰਾਨ
ਉਥੇ ਸੰਸੇ ਵਿਚ ਜ਼ੁਬਾਨ
ਹਿਜਰਤ ਉੱਤੇ ਲੇਖ ਜਿਨ੍ਹਾਂ ਦੇ
ਸਣੇ ਬੋਲੀਆਂ ਰੁਲ਼ ਜਾਣੇ ਨੇ
ਦੇਸ ਤਿਨ੍ਹਾਂ ਦੇ
ਜੋ ਫਟੇਹਾਲ ਮੁਸਾਫਿਰ ਹੋਈਆਂ
ਉਹ ਕੌਮਾਂ
ਅੱਜ ਨਹੀਂ ਤਾਂ ਕੱਲ ਨੂੰ
ਅਤੀਤ ਕਾਲ ਦੇ ਖੰਡਰਾਂ ਉੱਤੇ
ਮਾਰ ਦੁਹੱਥੜ
ਬਹਿ ਕੇ ਰੋਈਆਂ
ਬੀਤ ਗਏ ਦਾ ਵਰਕਾ ਹੋਈਆਂ
ਗ਼ੈਰ ਬੋਲੀ ਦੇ ਦੋ ਚਾਰ ਅੱਖਰ
ਬੰਨ੍ਹ ਕੇ ਪੱਲੇ
ਖੱਟ ਕਮਾ ਕੇ ਪਰਤ ਆਉਣ
ਦੇ ਵਾਅਦੇ ਥੱਲੇ
ਟੱਬਰ ਟੀਰ ਨੂੰ ਦੇ ਧਰਵਾਸ
ਖ਼ਵਰੇ ਕਿੰਨੇ ਸਾਗਰ ਤਰਨੇ
ਪੈਰਾਂ ਵਿੱਚ ਪਰਵਾਸ
ਕਿੱਥੋਂ ਲਏ ਤੇ ਕਿੱਥੇ ਮੁੱਕਣੇ
ਬੋਲੀ ਅਤੇ ਸੁਆਸ
ਸਲਾਮਤ ਜਿੱਥੇ ਨੈਣ ਪ੍ਰਾਣ

ਸੋਈ ਧਰਤ ਹਰਿਆਵਲੀ
ਉਸੇ ਦਾ ਖਾਣ, ਪਾਣ, ਜ਼ੁਬਾਨ।

## ਕਵਿਤਾ / ਰਜਨੀ ਵਾਲੀਆ

ਖੇਤਾਂ ਵਿੱਚੋਂ ਦੂਰ ਪਿਆ ਮੈਨੂੰ,
ਸੂਰਜ ਨਜ਼ਰੀਂ ਆਇਆ।
ਉਸ ਰੌਸ਼ਨ ਕੁਲ ਆਲਮ ਨੂੰ
ਕਰਿਆ ਓ ਸਾਡਾ ਸਰਮਾਇਆ।

ਹੱਲ ਮੋਢੇ ਤੇ ਚੱਕੀ ਤੁਰੇ,
ਆਉਣ ਖੇਤਾਂ ਦੇ ਰਾਜੇ।
ਫਸਲਾਂ ਕਿੱਕਲੀਓ ਕਿੱਕਲੀ,
ਹੋਵਣ ਜੱਟ ਜਦੋਂ ਵੀ ਆਜੇ।
ਵੇਖ ਜਿੰਨ੍ਹਾਂ ਨੂੰ ਬੂਟਾ ਬੂਟਾ,
ਤੀਲਾ ਤੀਲਾ ਲਹਿਰਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ

ਖੇਤਾਂ ਦੇ ਰਸਤੇ ਪਹੀ ਦੇ ਉੱਤੇ,
ਇੱਕ ਸੀਗੀ ਸੰਘਣੀਂ ਬੇਰੀ।
ਜੋ ਛਾਂ ਸਭਨਾਂ ਨੂੰ ਸਾਵੀਂ ਦੇਵੇ
ਨਾ ਕਰੇ ਓ ਤੇਰੀ ਮੇਰੀ।
ਗਰਮੀ ਦੇ ਵਿੱਚ ਖੜਕੇ ਹੇਠਾਂ
ਮਿਲਦਾ ਜਿਸ ਤੋਂ ਸਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ

ਬੜੇ ਹੀ ਸੋਹਣੇ ਦੂਰ ਖੇਤਾਂ ਚੋਂ
ਜਦ ਮੈਨੂੰ ਰੁੱਖ ਨਜਰੀਂ ਪੈਂਦੇ।
ਸ਼ੁੱਧ ਪੌਣ ਮਨ ਸੀਤਲ ਕਰਦੀ
ਟੁੱਟਦੇ ਦੁੱਖ ਨਜਰੀਂ ਪੈਂਦੇ।
ਮੈਂ ਰਾਂਝੇ ਨੇ ਖੇਤੀਂ ਜਾ ਕੇ
ਹੀਰ ਕਿੱਸਾ ਜਦ ਗਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ

ਮੈਨੂੰ ਲੋੜ ਹੈ ਜਿਸਦੀ ਦਮ
ਦਮ ਮੌਲਾ ਓ ਵੀ ਆਈ।
ਬੇਲਾ ਵੀ ਸੀ ਮੱਝੀਆਂ ਵੀ
ਸਨ ਮੈਂਡੀ ਈਦ ਕਰਾਈ।
ਓ ਮੇਰੇ ਤੋਂ ਸ਼ਰਮਾਈ ਤੇ
ਮੈਂ ਵੀ ਸੀ ਸ਼ਰਮਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ

ਸੂਰਜ ਨਿਕਲਿਆ ਅੰਬਰਾਂ ਉੱਤੇ
ਤੇ ਲਾਲੀ ਪੂਰੀ ਛਾਈ।
ਕੱਖਾਂ ਦੀ ਇੱਕ ਕੁੱਲੀ ਵਿੱਚੋਂ
ਆਵਾਜ਼ ਫੱਕਰ ਦੀ ਆਈ।
ਜਦ ਜਾ ਦੇਖਿਆ ਕੁੱਲੀ,
ਅੰਦਰ ਫੱਕਰ ਨੂੰ ਵੀ ਪਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ

ਸੁਬਾ ਸਵੇਰੇ ਜਾ ਖੇਤਾਂ ਵਿੱਚ
ਕੁਦਰਤ ਰਜਨੀ ਨੇ ਮਾਣੀਂ।
ਚਲਦੇ ਖੂਹ ਦੀ ਟਿੰਡ ਵਿੱਚੋਂ
ਸੀ ਭਰਿਆ ਬੁੱਕ ਚ ਪਾਣੀਂ।
ਸਿਰ ਤੇ ਲਿਆ ਦੁਪੱਟਾ ਉਸਨੇ
ਭੋਰਾ ਵੀ ਨਾ ਸਰਕਾਇਆ।
ਖੇਤਾਂ ਵਿੱਚੋਂ ਦੂਰ ਪਿਆ ਮੈਨੂੰ,
ਸੂਰਜ ਨਜ਼ਰੀਂ ਆਇਆ।



## ਗ਼ਜ਼ਲਾਂ / ਕੁਲਵੰਤ ਜੀਰਾ



ਆਖਣ ਨੂੰ ਜੇ ਕੁਝ ਨਹੀ ਕੋਲ,
ਫਿਰ ਤੂੰ ਆਪਣਾ ਮੂੰਹ ਨਾ ਖੋਲ।

ਜੇ ਚਾਹੁਣਾ ਏਂ ਗੱਲ ਦਾ ਮੁੱਲ,
ਪਹਿਲਾਂ ਤੋਲ ਤੇ ਫਿਰ ਤੂੰ ਬੋਲ।

ਫਿਰ ਦੂਜੇ ਤੇ ਉਂਗਲ ਰੱਖ,
ਪਹਿਲਾਂ ਅਪਣਾ ਆਪ ਟਟੋਲ।

ਫਿਰ ਆਖੀਂ ਤੂੰ ਝੂਠਾ ਹਾਂ ਮੈਂ,
ਪਹਿਲਾਂ ਦਿਸਦਾ ਸੱਚ ਫਰੋਲ।

ਕਲਮ ਨਹੀਂ ਇਹ ਤੱਕੜੀ ਮੰਨ,
ਫਰਜ਼ ਨਿਭਾ ਤੇ ਸਾਵਾਂ ਤੋਲ।

ਧਰਮ ਨਹੀਂ ਵਿਗਿਆਨ ਕਿਹੈ,
ਘੁੰਮ ਰਹੀ ਹੈ ਧਰਤੀ ਗੋਲ।

ਯਾਰ ਮਿਲਾਵਟ ਦਾ ਹੈ ਦੌਰ,
ਕਿੱਥੋਂ ਲੱਭਣੈ ਸੱਚ ਨਿਰੋਲ।

ਬਚ ਨਿਕਲਦੈ ਦੋਸ਼ੀ ਸਾਫ,
ਖੁੱਲ੍ਹ ਵੀ ਜਾਵੇ ਬੇਸ਼ਕ ਪੋਲ।

ਬੇ-ਪ੍ਰਵਾਹਾ ਤੇਰੀ ਖ਼ਾਤਰ,
ਸਾਰੀ ਉਮਰਾ ਦਿੱਤੀ ਰੋਲ।

ਜਾਨਵਰ ਨਹੀਂ ਤੂੰ, ਬਣ ਇਨਸਾਨ,
ਕਲੀਆਂ ਤੋੜ ਨਾ ਫੁੱਲ ਮਧੋਲ।

ਗਲਤੀ ਹੈ ਤਾਂ ਮੰਨ ਕੁਲਵੰਤ,
ਜੇ ਸੱਚ ਪੱਲੇ ਫਿਰ ਨਾ ਡੋਲ।

## ਚੁਲ੍ਹੇ ਤੇ / ਮੀਰਾ ਮੇਘਮਾਲਾ

ਤੇਰੇ ਤਾਜ਼ੇ ਨੇ ਜ਼ਖਮ
ਮੇਰੇ ਤਾਂ ਪੁਰਾਣੇ ਨੇ
ਜਖਮਾਂ ਦੇ ਨਿਸ਼ਾਨ
ਸੁਣ ਲੈ
ਭੁੱਖੇ ਬੱਚਿਆਂ ਦੀ
ਖਾਤਿਰ
ਪੱਥਰਾਂ ਨੂੰ
ਉਬਾਲਣ ਬੈਠੀ ਮਾਂ

ਤੇਰੇ ਵਾਂਗ ਹੀ
ਬਲਦੇ ਚੁਲ੍ਹੇ ਦੇ ਸੇਕ ਤੇ
ਖੁਦ ਸਿਕਦੀ
ਇਕ ਮਾਂ ਮੇਰੀ ਵੀ ਸੀ


ਉਹ ਮਨ ਹੀ ਮਨ
ਭਗਵਾਨ ਤੋਂ
ਮੰਨਤ ਮੰਗਦੀ ਸੀ
ਕਿ ਚੁਲ੍ਹੇ ਤੇ ਭਾਂਡੇ ਵਿਚ
ਉਬਾਲਣ ਲਈ ਜੋ
ਪੱਥਰ ਰਖਿਆ ਹੈ
ਉਹ ਚੌਲ ਬਣ ਜਾਏ

ਤੇ ਮੈਨੂੰ ਰਾਤ ਭਰ
ਸੁਣਾਉਂਦੀ ਸੀ
ਪੱਥਰ ਸੋਨਾ ਬਣਨ ਵਾਲੀ
ਇੱਕ ਕਹਾਣੀ
ਤਾਂਕਿ ਮੈਨੂੰ ਜਲਦੀ
ਨੀਂਦ ਆ ਜਾਏ.....



**ਅਨੁਵਾਦ : ਅ.ਕ.**

## ਤੇਰਾ ਸਵਾਲ ਸੀ / ਬੇਬੀ ਕੌਰ



ਤੇਰਾ ਸਵਾਲ ਸੀ
ਮੈਨੂੰ ਕਦੇ ਪਿਆਰ ਹੋਇਆ ਹੈ?
ਹਾਂ.....
ਹੋਇਆ ਹੈ ਨਾ ਪਿਆਰ...
ਆ ਬੈਠ ਮੇਰੇ ਕੋਲ
ਤੈਨੂੰ ਦਸਾਂ....
ਮੈਨੂੰ ਪਿਆਰ ਹੈ
ਕੁਦਰਤ ਦੀ ਕਾਇਨਾਤ ਨਾਲ
ਮੈਨੂੰ ਪਿਆਰ ਹੈ
ਸ਼ਾਂਤ ਜਿਹੀ ਪ੍ਰਭਾਤ ਨਾਲ
ਮੈਨੂੰ ਪਿਆਰ ਹੈ
ਪੰਛੀਆਂ ਦੇ ਚਹਿਕਣ ਨਾਲ
ਮੈਨੂੰ ਪਿਆਰ ਹੈ
ਹਵਾਵਾਂ ਦੇ ਮਹਿਕਣ ਨਾਲ
ਮੈਨੂੰ ਪਿਆਰ ਹੈ
ਮੋਰਾਂ ਦੀ ਤੋਰ ਨਾਲ
ਮੈਨੂੰ ਪਿਆਰ ਹੈ ਸਮੁੰਦਰ ਦੇ ਸ਼ੋਰ ਨਾਲ
ਮੈਨੂੰ ਪਿਆਰ ਹੈ
ਜੰਗਲਾਂ 'ਚ ਭਟਕਣ ਨਾਲ
ਮੈਨੂੰ ਪਿਆਰ ਹੈ
ਪੱਤਿਆਂ ਦੀ ਖੜ ਖੜ ਨਾਲ
ਮੈਨੂੰ ਪਿਆਰ ਹੈ
ਕੀੜਿਆਂ ਦੇ ਭੌਣ ਨਾਲ
ਮੈਨੂੰ ਪਿਆਰ ਹੈ ਪਾਪੀ ਦੇ ਰੋਣ ਨਾਲ
ਮੈਨੂੰ ਪਿਆਰ ਹੈ
ਗਰੀਬ ਦੀ ਮੁਸਕਾਨ ਨਾਲ
ਮੈਨੂੰ ਪਿਆਰ ਹੈ
ਧਰਤੀ ਤੇ ਅਸਮਾਨ ਨਾਲ
ਹੋਰ ਦੱਸ ਕੁੱਝ ਪੁੱਛਣਾ ਹੈ?
ਕਿ ਮੇਰੀਆਂ ਗੱਲਾਂ ਤੇ ਇਤਬਾਰ ਹੈ
ਆ ਤੈਨੂੰ ਦਸਾਂ.....
ਮੈਨੂੰ ਕਾਦਰ ਦੀ ਬਣਾਈ
ਹਰ ਸ਼ੈਅ ਨਾਲ ਪਿਆਰ ਹੈ।

**ਕਹਾਣੀ**

# ਆਪਣੀ ਤੀਮੀਂ / ਸੁਖਵਿੰਦਰ ਸਿੰਘ ਢਿੱਲੋਂ

ਦਲੇਰ ਸਿੰਘ ਵਾਕਿਆ ਹੀ ਬਹੁਤ ਦਲੇਰ ਸੀ। ਅਸਲੀ ਤੇ ਨਸਲੀ ਦਲੇਰ। ਸਿਰਫ ਕਹਿਣੀ ਦਾ ਹੀ ਨਹੀਂ, ਕਥਨੀ ਦਾ ਵੀ ਦਲੇਰ।

ਦਲੇਰ ਸਿੰਘ ਦੀ ਦਲੇਰੀ ਦੇ ਚਰਚੇ ਪਿੰਡ ਵਿੱਚ ਤਾਂ ਹੋਣੇ ਹੀ ਸੀ ਪਰ ਪਿੰਡ ਤੋਂ ਬਾਹਰ ਗੁਆਂਢੀ ਪਿੰਡਾਂ ਦੀਆਂ ਸੱਥਾਂ ਵਿੱਚ ਵੀ ਦਲੇਰ ਦੀ ਦਲੇਰੀ ਦੀਆਂ ਗੱਲਾਂ ਆਮ ਚਲਦੀਆਂ ਸਨ। ਕਈ ਬੰਦੇ ਉਹਨੂੰ ਮੂਰਖ ਵੀ ਆਖਦੇ ਸੀ ਪਰ ਇਹ ਕੋਈ ਗਲਤ ਗੱਲ ਨਹੀਂ ਸੀ। ਮੂਰਖ ਤੇ ਬਹਾਦਰੀ ਨੇੜੇ-ਤੇੜੇ ਹੀ ਖੜ੍ਹਦੇ ਹਨ। ਅਸਲ ਵਿੱਚ ਦਲੇਰ ਤਾਂ ਉਹੀ ਮੰਨਿਆ ਜਾਵੇਗਾ ਜਿਹੜਾ ਮੌਕੇ 'ਤੇ ਦਲੇਰੀ ਦਿਖਾਵੇ। ਇਹ ਗੱਲ ਵੱਖਰੀ ਹੈ ਕਿ ਕੋਈ ਚਾਹੇ ਮੂਰਖ ਵੀ ਕਹੀ ਜਾਵੇ।

ਇੱਕ ਵਾਰੀ ਦਲੇਰ ਸਿੰਘ ਦੀ ਪਿੰਡੋਂ ਦੂਰ ਜਿਹੜੀ ਜਮੀਨ ਟਿੱਬਿਆਂ ਵਿੱਚ ਹੈ ਉਥੋਂ ਕਿਸੇ ਨੇ ਵੱਡੀ ਖਾਲ਼ ਦਾ ਨੱਕਾ ਚੋਰੀ ਕਰ ਲਿਆ। ਜਦ ਤੜਕੇ ਦਲੇਰ ਸਿੰਘ ਨੇ ਦੇਖਿਆ ਤਾਂ ਦਾਤਣ ਮੂੰਹ 'ਚ ਪਾ ਕੇ ਉਨ੍ਹੀ ਪੈਰੀਂ ਬਾਜੀਗਰ ਬਸਤੀ ਵਿੱਚ ਪਹੁੰਚ ਗਿਆ ਤੇ ਸਾਰੇ ਕਬਾੜੀਆਂ ਦੇ ਘਰਾਂ ਵਿੱਚ ਇਉਂ ਤਲਾਸ਼ੀ ਲੈਂਦਾ ਫਿਰੇ ਜਿਵੇਂ ਰਾਤ ਕੋਈ ਬਹੁਤ ਵੱਡਾ ਡਾਕਾ ਵੱਜਿਆ ਹੋਵੇ। ਜਦ ਕਿਸੇ ਨੇ ਪੁੱਛਿਆ ਕਿ ਚੋਰੀ ਕੀ ਹੋਈ ਹੈ ਤਾਂ ਅੱਗੋਂ ਨੱਕੇ ਦਾ ਨਾਮ ਸੁਣ ਕੇ ਕਬਾੜੀਆਂ ਦਾ ਹਾਸਾ ਨਿਕਲ ਗਿਆ ਪਰ ਦਲੇਰ ਸਿੰਘ ਹਿੰਡ ਦਾ ਪੱਕਾ ਸੀ। ਆਖਰ ਨੱਕਾ ਉਹਨੇ ਇੱਕ ਕਬਾੜੀਏ ਦੇ ਘਰੋਂ ਲੱਭ ਹੀ ਲਿਆ। ਉਹਦੇ ਘਰੋਂ ਨੱਕਾ ਚੁੱਕ ਕੇ ਉਹ ਸਿੱਧਾ ਸਰਪੰਚ ਦੇ ਘਰ ਗਿਆ ਤੇ ਸਰਪੰਚ ਨੂੰ ਲੈ ਕੇ ਥਾਣੇ। ਦੁਪਹਿਰ ਨੂੰ ਪੁਲਸ ਨੇ ਕਬਾੜੀਆ ਚੱਕ ਲਿਆ ਤੇ ਆਥਣੇ ਅੰਗਰੇਜੀ ਦੀ ਬੋਤਲ ਤੇ ਪੰਜ ਸੌ ਰੁਪੱਈਆ ਲੈ ਕੇ ਛੱਡਿਆ। ਜਦ ਪਿੰਡ ਵਿੱਚ ਉਹਨੂੰ ਕਿਸੇ ਨੇ ਪੁੱਛਿਆ ਕੀ ਇੱਕ ਨੱਕੇ ਪਿੱਛੇ ਤੂੰ ਥਾਣੇ ਤੱਕ ਪਹੁੰਚ ਗਿਆ। ਨੱਕਾ ਤਾਂ ਦੋ ਸੌ ਦਾ ਹੋਊ ਪਰ ਪੁਲਸ ਨੂੰ ਹਜਾਰ ਰੁਪੱਈਆ ਦੇ ਕੇ ਕਬਾੜੀਆ ਚੁਕਾਇਆ ਤੇ ਮਿਲਿਆ ਕੀ ਸਵਾਹ? ਅੱਗੋਂ ਦਲੇਰ ਸਿੰਘ ਕਹਿੰਦਾ, 'ਗੱਲ ਸਹੇ ਦੀ ਨੀ, ਪਹੇ ਦੀ ਆ ਬਾਈ, ਜੇ ਮੈਂ ਐਨੇ ਕੁ ਹੱਥ ਨਾ ਲਵਾਉਂਦਾ ਤਾਂ ਕੱਲ੍ਹ-ਕਲੌਂ ਨੂੰ ਬੜੀ ਚੀਜ਼ ਨੂੰ ਹੱਥ ਪਾਉਣਗੇ, ਨਾਲੇ ਸੱਪ ਨਾਲੋਂ ਸਪੋਲੀਆ ਮਾਰਨਾ ਸੌਖੈ'। ਗੱਲ ਤਾਂ ਦਲੇਰ ਸਿੰਘ ਦੀ ਵਾਕਿਆ ਹੀ ਸਹੀ ਤੇ ਸਿਆਣੀ ਸੀ ਪਰ ਪਿੰਡ ਦੇ ਬੰਦੇ ਉਹਦੀ ਦਲੇਰੀ ਨੂੰ ਮੂਰਖਤਾ ਨਾਲ ਜਮ੍ਹਾਂ-ਘਟਾਓ ਕਰਕੇ ਹੀ ਦੇਖਦੇ ਸਨ।

ਇੱਕ ਬਾਰ ਦਲੇਰ ਸਿੰਘ ਦੁਸਹਿਰੇ ਨੂੰ ਚਨਾਥਲ ਦੇ ਮੇਲੇ 'ਤੇ ਕੱਲਾ ਹੀ ਚਲਾ ਗਿਆ। ਉਥੇ ਪੀਤੀ-ਖਾਧੀ ਵਿੱਚ ਕਿਸੇ ਸ਼ਰਾਬੀ ਟੋਲੇ ਨਾਲ ਉਹਦੀ ਖੜਕ ਗਈ। ਦਲੇਰ ਸਿੰਘ ਨੇ ਉਹ ਚਾਰ-ਪੰਜ ਬੰਦੇ ਕੱਲੇ ਨੇ ਹੀ ਐਨੇ ਕੁੱਟੇ ਕਿ ਥਾਣੇਦਾਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਥਾਣੇਦਾਰ ਕਹੇ ਕਿ ਇਹ ਤਿੰਨ-ਚਾਰ ਬੰਦਿਆਂ ਦਾ ਕੰਮ ਹੈ ਪਰ ਕੁੱਟ ਖਾਣ ਵਾਲੇ ਕਹਿਣ ਕਿ ਉਹ ਕੱਲਾ ਹੀ ਸੀ। ਆਖਰ ਦਲੇਰ ਸਿੰਘ ਨੇ ਆਪ ਥਾਣੇਦਾਰ ਮੂਹਰੇ ਜਾ ਕੇ ਜੁਰਮ ਕਬੂਲ ਕੀਤਾ ਤੇ ਪੈਸੇ ਦੇ ਕੇ ਰਜਾਮੰਦੀ ਕਰਵਾਈ। ਕਹਿੰਦੇ



ਜਦੋਂ ਨਵਾਂ ਸ਼ਹਿਰੀ ਥਾਣੇਦਾਰ ਫੈਸਲਾ ਕਰਵਾ ਰਿਹਾ ਸੀ ਤਾਂ ਉਹ ਦਲੇਰ ਸਿੰਘ ਵੱਲ ਤੇ ਉਹਦੇ ਖੁੱਲ੍ਹੇ ਹੱਥ-ਪੈਰਾਂ ਵੱਲ ਵੇਖ-ਵੇਖ ਕੇ ਡਰੀ ਜਾਵੇ।

ਆਪਣੀ ਜਮੀਨ ਤੇ ਸੰਦਾ ਤਾਂ ਹਰ ਕਿਸਾਨ ਨੂੰ ਪਿਆਰਾ ਹੁੰਦਾ ਹੈ ਪਰ ਦਲੇਰ ਸਿੰਘ ਦਾ ਆਪਣੀ ਜਮੀਨ ਤੇ ਸੰਦੇ ਨਾਲ ਪਿਆਰ ਕੁਝ ਜ਼ਿਆਦਾ ਹੀ ਸੀ। ਜੇ ਕੋਈ ਵਾਹੁਣ ਲੱਗਾ ਹਲ਼ਾਂ ਜਾਂ ਹੈਰੋਂ ਦਾ ਥੋੜ੍ਹਾ-ਬਹੁਤਾ ਹਿੱਸਾ ਉਹਦੀ ਵੱਟ ਨਾਲ ਲਾ ਦਿੰਦਾ ਤਾਂ ਬੰਦਾ ਚਲਦਾ ਟਰੈਕਟਰ ਰੋਕ ਕੇ ਪਹਿਲਾਂ ਵੱਟ ਨੂੰ ਮਿੱਟੀ ਲਾਉਂਦਾ ਸੀ। ਉਹਨੂੰ ਪਤਾ ਸੀ ਕਿ ਜੇ ਜਾਨ ਬਚੀ ਰਹੂ ਖੇਤੀ ਵੀ ਤਾਂ ਹੀ ਹੋਊ। ਇਕ ਬਾਰ ਸਾਂਝੀ ਵੱਟ ਵਾਲਿਆਂ ਦਾ ਟਰੈਕਟਰ ਨਵਾਂ ਰੱਖਿਆ ਭਈਆ ਚਲਾ ਰਿਹਾ ਸੀ। ਉਹਨੇ ਚਾਹੇ ਗਲਤੀ ਨਾਲ ਕਹਿ ਲਓ ਜਾਂ ਜਾਣ ਬੁੱਝ ਕੇ, ਦਲੇਰ ਸਿੰਘ ਦੀ ਵੱਟ ਨਾਲ ਹੈਰੋਂ ਲਾ ਕੇ ਮਿੱਟੀ ਲਾਹ ਗਿਆ। ਉਦੋਂ ਦਲੇਰ ਸਿੰਘ ਦਾ ਸਾਂਝੀ ਖੇਤ ਵਿੱਚ ਹੀ ਸੀ। ਉਹਨੇ ਉਸੇ ਵਕਤ ਜਾ ਕੇ ਦਲੇਰ ਸਿੰਘ ਨੂੰ ਦੱਸ ਦਿੱਤਾ। ਬਸ ਫੇਰ ਤਾਂ ਟਰੈਕਟਰ ਚਲਾਉਣ ਵਾਲੇ ਭਈਏ ਦੀ ਉਹ ਗਤ ਬਣੀ ਕਿ ਉਹ ਥੱਲੇ ਪਿਆ ਕਹੇ, 'ਮਾਫ ਕਰਦੋ ਸਰਦਾਰ ਜੀ, ਗਲਤੀ ਹੋ ਗਿਆ, ਹਾਏ ਸਰਦਾਰ ਜੀ ਮਰ ਗਿਆ, ਛੱਡ ਦੋ ਸਰਦਾਰ ਜੀ...'।

ਭਈਆ ਪੂਰੇ ਦਸ ਦਿਨ ਮੰਜੇ ਤੋਂ ਨਾ ਉੱਠਿਆ। ਇਸ ਕੇਸ ਦਾ ਫੈਸਲਾ ਵੀ ਲੈ ਦੇ ਕੇ ਹੀ ਨਿਬੜਿਆ ਸੀ। ਹੁਣ ਭਈਆ ਜਦ ਵੀ ਖੇਤ ਵਾਹੁੰਦਾ ਹੈ ਤਾਂ ਦਲੇਰ ਸਿੰਘ ਦੀ ਵੱਟ ਤੋਂ ਫੁੱਟ ਪਰੇ ਹੋ ਕੇ ਟਰੈਕਟਰ ਚਲਾਉਂਦਾ ਹੈ।

ਖੇਤੀ ਦਾ ਸਾਰਾ ਕੰਮ ਦਲੇਰ ਸਿੰਘ ਟਿਚਨ ਰੱਖਦਾ ਸੀ। ਹਰ ਚੀਜ ਨੂੰ ਇਉਂ ਸੰਭਾਲ ਕੇ ਰੱਖਦਾ ਜਿਵੇਂ ਉਹ ਸੋਨੇ ਦੀ ਹੋਵੇ। ਖੁਰਪੇ ਤੋਂ ਲੈ ਕੇ ਵੱਡੀਆਂ ਮਸ਼ੀਨਾਂ ਤੱਕ ਹਰ ਚੀਜ ਦੀ ਕਦਰ ਕਰਦਾ ਸੀ। ਉਹਦੇ ਦੋਹੇ ਮੁੰਡੇ ਪੜ੍ਹ ਕੇ ਬਾਹਰ ਚਲੇ ਗਏ ਸਨ। ਇਸ ਗੱਲ ਦੀ ਉਹਨੂੰ ਖੁਸ਼ੀ ਘੱਟ ਤੇ ਦੁੱਖ ਜ਼ਿਆਦਾ ਸੀ ਤੇ ਆਥਣੇ ਜੇ ਦਾਰੂ ਪੀ ਕੇ ਆਈਲੈਟਸ ਵਾਲਿਆਂ ਨੂੰ ਤੇ ਪੜ੍ਹੇ-ਲਿਖੇ ਰਿਸ਼ਤੇਦਾਰਾਂ ਨੂੰ ਗਾਲਾਂ ਕੱਢੇ ਬਿਨਾ ਸੌਂਦਾ ਨਹੀਂ ਸੀ। ਜਿਹਨਾਂ ਨੇ ਉਹਦੇ ਮੁੰਡਿਆਂ ਨੂੰ ਬਾਹਰ ਜਾਣ ਦੀ ਸਲਾਹ

ਦਿੱਤੀ ਸੀ। ਖ਼ੁਰਾਕ ਤਕੜੀ ਤੇ ਖ਼ੂਨ ਗਾੜ੍ਹਾ ਹੋਣ ਕਰਕੇ ਪਿੱਛੇ ਜਿਹੇ ਉਹਨੂੰ ਦੌਰਾ ਪੈ ਗਿਆ ਤੇ ਇੱਕ ਪਾਸਾ ਲਗਭਗ ਖੜ੍ਹ ਵਰਗਾ ਹੋ ਗਿਆ ਸੀ ਤੇ ਉਹਦੀ ਬਾਂਹ ਤਾਂ ਸੁੰਨ ਹੋ ਗਈ ਤੇ ਲੱਤ ਥੋੜ੍ਹੀ-ਬਹੁਤੀ ਚਲਦੀ ਰਹਿ ਗਈ ਸੀ। ਜਿਸ ਕਰਕੇ ਡਾਕਟਰਾਂ ਨੇ ਉਹਦੀ ਖੇਤੀ ਛੁਡਵਾਉਣ ਦੀ ਸਲਾਹ ਦਿੱਤੀ। ਕਿਸੇ ਵੀ ਚਿੰਤਾ ਵਾਲੀ ਗੱਲ ਜਾਂ ਕੰਮ ਕਰਨ ਤੋਂ ਮਨਾਹੀ ਕੀਤੀ ਸੀ ਪਰ ਦਲੇਰ ਸਿੰਘ ਕਿੱਥੇ ਮੰਨਣ ਵਾਲਾ ਸੀ। ਜਦ ਵੀ ਉਹਨੂੰ ਕੋਈ ਜਮੀਨ ਠੇਕੇ ’ਤੇ ਦੇਣ ਬਾਰੇ ਗੱਲ ਕਰਦਾ ਤਾਂ ਉਹ ਅੱਗੋਂ ਕਹਿੰਦਾ, ‘ਜਮੀਨ ਤਾਂ ਠੇਕੇ ਤੇ ਜਰੂਰ ਚੜੂ ਪਰ ਚੜੂ ਮੇਰੀ ਮੌਤ ਮਗਰੋਂ, ਪਹਿਲਾਂ ਜੱਟ ਦਾ ਸਿਵਾ ਮੱਚੂ, ਫੇਰ ਕਿਸੇ ਦਾ ਟਰੈਕਟਰ ਜਮੀਨ ’ਚ ਚੱਲੂ’। ਉਹਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਉਹਦੀ ਮਾਂ ਤੇ ਘਰਵਾਲੀ ਹੋਰ ਡਰ ਜਾਂਦੇ। ਦਲੇਰ ਸਿੰਘ ਦੇ ਮੁੰਡਿਆਂ ਤੋਂ ਵੀ ਬਥੇਰੇ ਫੋਨ ਕਰਵਾਏ ਪਰ ਕੋਈ ਫਰਕ ਨਾ ਪਿਆ। ਉਲਟਾ ਉਹ ਮੁੰਡਿਆਂ ਨੂੰ ਹੀ ਕਹਿੰਦਾ, ‘ਜੇ ਸਾਲਿਓ ਬੰਦੇ ਦੇ ਪੁੱਤ ਓਂ ਤਾਂ ਆ ਕੇ ਖੇਤੀ ਸਾਂਭੋ, ਗਦਾਰ ਸਲੇ’ ਪਰ ਸਵਰਗ ਤੋਂ ਆ ਕੇ ਨਰਕ ਵਿੱਚ ਫਸਣ ਨੂੰ ਕੀਹਦਾ ਦਿਲ ਕਰਦਾ ਹੈ। ਖੇਤੀ ਬਾਰੇ ਦਲੇਰ ਸਿੰਘ ਦੀ ਇੱਕੋ ਸ਼ਰਤ ਸੀ ਕਿ ਪਿੰਡ ਦੇ ਬੰਦੇ ਨੂੰ ਜ਼ਮੀਨ ਠੇਕੇ ’ਤੇ ਨੀ ਦੇਣੀ ਚਾਹੇ ਸੂਰਜ ਚੜ੍ਹਨੋਂ ਹਟ ਜਾਵੇ। ਕਣਕ ਵੱਢਣ ਤੋਂ ਪਹਿਲਾਂ ਦਲੇਰ ਸਿੰਘ ਦੀ ਘਰਵਾਲੀ ਤੇ ਮਾਂ ਨੇ ਉਹਦੇ ਸ਼ਹਿਰ ਵਿੱਚ ਰਹਿੰਦੇ ਵੱਡੇ ਭਰਾ ਕਿਹਰ ਸਿੰਘ ਨੂੰ ਬੁਲਾਇਆ ਤਾਂ ਜੋ ਮਸਲੇ ਦਾ ਹੱਲ ਕੱਢਿਆ ਜਾਵੇ। ਦਲੇਰ ਸਿੰਘ ਵੱਡੇ ਭਰਾ ਦੀ ਗੱਲ ਮੰਨਦਾ ਸੀ ਪਰ ਜਦੋਂ ਉਹਨੇ ਠੇਕੇ ’ਤੇ ਜਮੀਨ ਦੇਣ ਬਾਰੇ ਕਿਹਾ ਤਾਂ ਦਲੇਰ ਸਿੰਘ ਫੇਰ ਬਾਂਸ ਗੱਡ ਕੇ ਬਹਿ ਗਿਆ। ਉਹੀ ਗੱਲ ਕਿ ਮੈਂ ਨਾ ਮਾਨੂੰ।

‘ਬਾਈ ਦੇਖ ਗੱਲ ਉਹ ਕਰੀਦੀਆ ਜਿਹੜੀ ਚੰਗੀ ਲੱਗੇ, ਜਦ ਤੇਰਾ ਸਰੀਰ ਠੀਕ ਨੀ ਤੂੰ ਕਾਹਨੂੰ ਜਿੱਦ ਕਰਦੈਂ, ਨਾਲੇ ਬਾਈ ਬਥੇਰੀ ਕਰ ਲੀ ਤੈਂ ਖੇਤੀ, ਹੁਣ ਰਾਮ ਕਰ ਬੈਠ ਕੇ? ਕਿਹਰ ਸਿੰਘ ਨੇ ਕਿਹਾ।

‘ਦੇਖ ਬਾਈ ਤੂੰ ਮੈਨੂੰ ਹੋਰ ਜੋ ਮਰਜੀ ਕਹਿ ਲੈ ਪਰ ਜਿਉਂਦੇ-ਜੀਅ ਮੈਂ ਪਿੰਡ ਦਾ ਬੰਦਾ ਜਮੀਨ ’ਚ ਨੀ ਖੜ੍ਹਨ ਦੇਣਾ’। ਦਲੇਰ ਸਿੰਘ ਦਾ ਫੈਸਲਾ ਅਟੱਲ ਸੀ। ਕਿਹਰ ਸਿੰਘ ਨੇ ਬਥੇਰੀਆਂ ਦਲੀਲਾਂ ਦਿੱਤੀਆਂ ਪਰ ਦਲੇਰ ਸਿੰਘ ਨਾ ਮੰਨਿਆ।

ਅਖੀਰ ਜਦੋਂ ਗੱਲ ਕਿਸੇ ਕੰਢੇ ਲੱਗਦੀ ਨਾ ਦਿਖੀ ਤਾਂ ਕਿਹਰ ਸਿੰਘ ਨੇ ਇਸ ਗੱਲ ਦਾ ਤੋੜ ਲੱਭਦਿਆਂ ਕਿਹਾ, ‘ਚੱਲ ਠੀਕ ਆ ਬਾਈ, ਤੂੰ ਪਿੰਡ ਦੇ ਬੰਦੇ ਨੂੰ ਨਾ ਦੇ ਜਮੀਨ, ਆਪਾਂ ਐਂ ਕਰਦੇ ਆਂ ਕਿਸੇ ਦੂਜੇ ਪਿੰਡ ਦੇ ਬੰਦੇ ਨੂੰ ਦੇ ਦਿੰਨੇ ਆਂ, ਮੈਨੂੰ ਬਥੇਰੇ ਜਾਣਦੇ ਨੇ’।

ਇਸ ਬਾਰੀ ਦਲੇਰ ਸਿੰਘ ਨੇ ਕੋਈ ਅਪੀਲ ਨਾ ਕੀਤੀ। ਸ਼ਾਇਦ ਹੁਣ ਉਹਦੀ ਸ਼ਰਤ ਮੰਨੀ ਗਈ ਸੀ ਪਰ ਅੰਦਰਲੇ ਮਨੋਂ ਤਾਂ ਉਹ ਹਾਲੇ ਵੀ ਨਹੀਂ ਸੀ ਚਾਹੁੰਦਾ ਪਰ ਦਲੀਲਾਂ ਤੇ ਅਪੀਲਾਂ ਦੇ ਬੋਝ ਥੱਲੇ ਉਹ ਦੱਬਿਆ ਗਿਆ ਸੀ।

ਕਿਸੇ ਹੋਰ ਬੰਦੇ ਨੂੰ ਜਮੀਨ ਠੇਕੇ ’ਤੇ ਦੇਣ ਬਾਰੇ ਡਿਊਟੀ ਕਿਹਰ ਸਿੰਘ ਦੀ ਲਾਈ ਗਈ।

ਚਾਰ ਦਿਨ ਮਗਰੋਂ ਹੀ ਕਿਹਰ ਸਿੰਘ ਗੁਆਂਢੀ ਪਿੰਡ ਦੇ ਕਹਿੰਦੇ-ਕਹਾਉਂਦੇ ਤਕੜੇ ਸਰਦਾਰ ਨੂੰ ਘਰ ਲੈ ਆਇਆ। ਪਹਿਲਾਂ ਤਾਂ ਦਲੇਰ ਸਿੰਘ ਨੇ ਕੁਝ ਆਨਾ-ਕਾਨੀ ਕੀਤੀ ਪਰ ਹੁਣ ਤਾਂ ਬੰਦਾ ਘਰ ਆਇਆ ਬੈਠਾ ਸੀ। ਜੇ ਮੰਨਣਾ ਦਲੇਰ ਸਿੰਘ ਦੇ ਸੁਭਾਅ ਵਿੱਚ ਨਹੀਂ ਸੀ ਤਾਂ ਮੁਕਰਨਾ ਵੀ ਉਹਨੇ ਕਦੇ ਸਿੱਖਿਆ ਨਹੀਂ ਸੀ। ਠੇਕੇ ਦੀ ਗੱਲ ਖੋਲ੍ਹ ਕੇ ਕੇ ਦੋਵੇਂ ਭਰਾ ਮੋਟਰ ’ਤੇ ਖੇਤ ਦਿਖਾਉਣ ਚਲੇ ਗਏ। ਠੇਕੇ ਤੇ ਜ਼ਮੀਨ ਲੈਣ ਵਾਲਾ ਬੰਦਾ ਵਿਚਾਲੇ, ਦਲੇਰ ਸਿੰਘ ਅੱਗੇ ਤੇ ਕਿਹਰ ਸਿੰਘ ਪਿੱਛੇ-ਪਿੱਛੇ ਤੁਰਿਆ ਜਾਵੇ। ਦਲੇਰ ਸਿੰਘ ਆਪਣੀ ਜ਼ਮੀਨ ਤੇ ਮੋਟਰ ਦੀਆਂ ਸਿਫਤਾਂ ਕਰਨ ਲੱਗਾ।

‘ਆਹ ਦੇਖ ਲੋ ਬਾਈ ਜੀ, ਸਾਰਾ ਪਾਣੀ ਅੰਡਰ-ਗਰੌਂਡ ਆ, ਕੋਈ ਖਾਲ ਪਾਉਣ ਦੀ ਲੋੜ ਨੀ, ਸਾਰਾ ਟੱਕ ਕੱਠਾ, ਜਮ੍ਹਾ ਮੰਜੇ ਵਰਗਾ, ਨਾਲ ਦੇ ਖੇਤਾਂ ਨਾਲੋਂ ਸਾਰੀ ਜਮੀਨ ਉੱਚੀ ਆ, ਕਦੇ ਪਾਣੀ ਨੀ ਖੜ੍ਹਦਾ, ਫਸਲ ਤਾਂ ਤੂੰ ਦੇਖ ਲਾ ਬਾਈ ਬੀ ਜੀਰੀ ਦੀ ਔਸਤ ਪੈਂਤੀ ਕੁਆਂਟਲ ਤੋਂ ਉੱਤੇ ਈ ਪੈਂਦੀ ਆ, ਭਮਾਂ ਆੜਤੀਏ ਦੇ ਪਰਚੇ ਦੇਖ ਲਿਓ ਘਰ ਜਾ ਕੇ। ਬਾਕੀ ਮੇਰਾ ਭਾਈ ਮੋਟਰਾਂ ਬੀਹ ਪਾਬਰ ਦੀਆਂ ਨੇ, ਪਾਣੀ ਚਬੱਚੇ ਤੋਂ ਬਾਹਰ ਮਾਰਦੀ ਆ ਮੋਟਰ। ਕਦੇ ਜਰਨੇਟਰ ਲਾਉਣ ਦੀ ਲੋੜ ਨੀ ਪਈ’। ਦਲੇਰ ਸਿੰਘ ਦੀਆਂ ਸਾਰੀਆਂ ਗੱਲਾਂ ਸੱਚੀਆਂ ਸਨ ਤੇ ਅੱਖੀਂ ਦਿਖਦੀਆਂ ਸਨ। ਚੰਗੀ ਜਮੀਨ ਤੇ ਬਾਕੀ ਸਾਰੇ ਪ੍ਰਬੰਧ ਦੇਖ ਕੇ ਬੰਦੇ ਨੇ ਸਾਈ ਦੇ ਪੈਸੇ ਕੱਢ ਲਏ ਤੇ ਪੈਸੇ ਦੇਖ ਕੇ ਦਲੇਰ ਸਿੰਘ ਨੂੰ ਪਤਾ ਨੀ ਕੀ ਹੋਇਆ, ਧੜੰਮ ਦੇਣੇ ਖਾਲ ਤੋਂ ਥੱਲੇ ਡਿੱਗ ਪਿਆ। ਸਰੀਰ ਜਮ੍ਹਾਂ ਠੰਢਾ ਹੋ ਗਿਆ। ਕਿਹਰ ਨੇ ਸੋਚਿਆ ਬਈ ਗੱਲ ਉਹੀ ਹੋਈ ਜਿਹੜੀ ਉਹ ਕਹਿੰਦਾ ਸੀ ਕਿ ਜਮੀਨ ਠੇਕੇ ’ਤੇ ਚੜੂ ਜਰੂਰ ਪਰ ਮੇਰੀ ਮੌਤ ਤੋਂ ਬਾਅਦ।

ਦੋਹਾਂ ਨੇ ਉਹਨੂੰ ਚੁੱਕ ਕੇ ਮੰਜੇ ’ਤੇ ਪਾਇਆ ਤੇ ਨਬਜ਼ ਟੋਹ ਕੇ ਦੇਖੀ। ਨਬਜ਼ ਤਾਂ ਠੀਕ ਚੱਲ ਰਹੀ ਸੀ ਪਰ ਸਰੀਰ ਜਮਾਂ ਬਰਫ ਵਰਗਾ ਹੋਇਆ ਪਿਆ ਸੀ। ਕਿਹਰ ਸਿੰਘ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਜਾਨ ਤਾਂ ਬਚ ਗਈ। ਠੇਕੇ ਵਾਲੇ ਬੰਦੇ ਤੇ ਕਿਹਰ ਸਿੰਘ ਨੇ ਦਲੇਰ ਨੂੰ ਚੁੱਕ ਕੇ ਕਾਰ ਵਿੱਚ ਬਿਠਾਇਆ ਤੇ ਘਰ ਆਉਣ ਤੱਕ ਹੋਸ਼ ਆ ਗਈ। ਜਦ ਦਲੇਰ ਸਿੰਘ ਦਾ ਨੰਗਾ ਸਿਰ ਉਹਦੇ ਘਰਦਿਆਂ ਨੇ ਦੇਖਿਆ ਤਾਂ ਉਹਨਾਂ ਦੀ ਤਾਂ ਖਾਨਿਓਂ ਗਈ।

‘ਚਾਹ ਕਰੋ ਛੇਤੀ ਕੈੜੀ ਜੀ, ਲਗਦਾ ਬਾਈ ਦਾ ਬੀ.

ਪੀ ਘਟ ਗਿਆ’ ਕਿਹਰ ਸਿੰਘ ਨੇ ਆਉਣ ਸਾਰ ਵਾਜ ਮਾਰੀ। ਬੀ. ਪੀ. ਘਟਣ ਦੀ ਗੱਲ ਦਲੇਰ ਦੀ ਘਰਵਾਲੀ ਦੇ ਸੰਘ ਥੱਲੋਂ ਨਾ ਉਤਰੀ।

‘ਵੀਰ ਜੀ ਇਹਨਾਂ ਦਾ ਬੀ. ਪੀ. ਘਟਦਾ ਨੀ ਸਗੋਂ ਵਧਦੈ’ ਦਲੇਰ ਦੀ ਘਰਵਾਲੀ ਨੇ ਫਟਾਫਟ ਚਾਹ ਧਰਦੀ ਨੇ ਕਿਹਾ।

‘ਨਹੀਂ ਭਾਈ ਸਰੀਰ ਤਾਂ ਜਮਾਂ ਠੰਢਾ ਹੋਇਆ ਪਿਐ, ਘਟਿਐ ਬੀ. ਪੀ, ਵਧਿਆ ਨੀ’। ਕਿਹਰ ਦੀ ਗੱਲ ’ਤੇ ਨਾ ਦਲੇਰ ਸਿੰਘ ਦੀ ਘਰਵਾਲੀ ਨੂੰ ਯਕੀਨ ਆਵੇ ਤੇ ਨਾ ਉਹਦੀ ਮਾਂ ਨੂੰ। ਇੰਨੇ ਵਿੱਚ ਹੀ ਪਿੰਡ ਵਾਲਾ ਡਾਕਟਰ ਵੀ ਆ ਗਿਆ। ਜਦ ਉਹਨੇ ਮਸ਼ੀਨ ਲਾ ਕੇ ਦੇਖੀ ਤਾਂ ਬੀ. ਪੀ ਵਾਕਿਆ ਹੀ ਘਟਿਆ ਹੋਇਆ ਸੀ। ਇਹ ਕੌਤਕ ਦੇਖ ਕੇ ਸਾਰੇ ਹੈਰਾਨ ਸਨ ਕਿ ਅੱਗ ਪਾਣੀ ਕਿਵੇਂ ਹੋ ਸਕਦੀ ਹੈ? ਚਾਹ ਪੀ ਕੇ ਦਲੇਰ ਸਿੰਘ ਦਵਾਈ ਤੇ ਟੀਕੇ ਦੇ ਨਸ਼ੇ ਕਾਰਨ ਕੁਝ ਦੇਰ ਲਈ ਸੌਂ ਗਿਆ ਤੇ ਠੇਕੇ ’ਤੇ ਜ਼ਮੀਨ ਲੈਣ ਵਾਲਾ ਬੰਦਾ ਕਿਹਰ ਸਿੰਘ ਨੂੰ ਸਾਈ ਫੜਾ ਕੇ ਚਲਾ ਗਿਆ।

ਆਥਣ ਵੇਲੇ ਦਲੇਰ ਦਾ ਲੰਗੋਟੀਆ ਨਿੱਕਾ ਉਹਦੀ ਖਬਰ ਲੈਣ ਆਇਆ। ਨਿੱਕੇ ਨੂੰ ਦੇਖ ਕੇ ਦਲੇਰ ਨੇ ਥੋੜ੍ਹੀ ਸ਼ਰਮ ਜਿਹੀ ਮਹਿਸੂਸ ਕੀਤੀ। ‘ਵਾਹ ਉਏ ਤੇਰੇ ਵੱਡੇ ਸੂਰਮੇ ਦੇ, ਸਾਲਿਆ! ਬਲੱਡ ਘਟਾ ਕੇ ਤਾਂ ਤੂੰ ਜਮਾਂ ਈ ਬੇਜਤੀ ਕਰਾਤੀ ਯਾਰ, ਕੱਚੇ ਈ ਲਾਹਤੇ ਸਾਰੇ ਪਿੰਡ ’ਚ ਨਿੱਕੇ ਨੇ ਗੱਲ ਨੂੰ ਹਾਸੇ ਵਿੱਚ ਪਾਉਣ ਲਈ ਗੱਲ ਤੋਰੀ। ‘ਮੈਨੂੰ ਤਾਂ ਆਪ ਨੀ ਸਮਝ ਆਉਂਦੀ ਬਈ ਇਹਦਾ ਬੀ. ਪੀ ਕਿਵੇਂ ਘਟ ਸਕਦੈ’ ਕਿਹਰ ਸਿੰਘ ਨੇ ਗੱਲ ਅੱਗੇ ਤੋਰਨ ਲਈ ਦਲੇਰ ਸਿੰਘ ਦੇ ਮੂੰਹ ਵੱਲ ਦੇਖ ਕੇ ਕਿਹਾ।

‘ਉਹ ਕਾਨੂੰ ਬਾਈ ਗੱਲ ਉਹ ਨੀ, ਬੱਸ ਯਾਰ ਮੇਰੇ ਕੁਸ ਯਾਦ ਆ ਗਿਆ ਤੀ, ਫੇਰ ਪਤਾ ਨੀ ਕੀ ਚੱਕਰ ਜਿਹਾ ਆਇਆ, ਬੀ ਬੱਸ ਫੇਰ ਤਾਂ ਨੇਰ੍ਹਾ ਜਿਹਾ ਆ ਗਿਆ ਅੱਖਾਂ ਮੂਹਰੇ’। ਦਲੇਰ ਸਿੰਘ ਗੱਲ ਇਸ ਢੰਗ ਨਾਲ ਗੱਲ ਕਰ ਰਿਹਾ ਸੀ ਜਿਵੇਂ ਅਖਾੜੇ ਵਿੱਚ ਝੰਡੀ ਦੀ ਕੁਸ਼ਤੀ ਪੱਟਣ ਵਾਲਾ ਬੰਦਾ ਕਿਸੇ ਮਾੜਚੂ ਜਿਹੇ ਭਲਵਾਨ ਤੋਂ ਢਹਿ ਕੇ ਪਿੰਡ ਆਇਆ ਹੋਵੇ।

‘ਕਿਹੜੀ ਗੱਲ ਯਾਦ ਆ ਗੀ ਤੀ ਬਾਈ ਸਾਨੂੰ ਬੀ ਦੱਸਦੇ’ ਨਿੱਕੇ ਤੇ ਕਿਹਰ ਸਿੰਘ ਨੇ ਕੱਠਿਆਂ ਹੀ ਸਵਾਲ ਕੀਤਾ।

‘ਗੱਲ ਤਾਂ ਕੋਈ ਬੜੀ ਨੀ ਹੈਗੀ’ ਦਲੇਰ ਸਿੰਘ ਨੇ ਟਾਲਾ ਮਾਰਨ ਦੀ ਕੋਸ਼ਿਸ਼ ਕੀਤੀ।

‘ਚੱਲ ਜਿਹੜੀ ਬੀ ਹੈ, ਦੱਸ ਤਾਂ ਸਹੀ, ਨਾਲੇ ਬਾਈ ਜਿਹੜੀ ਗੱਲ ਤੇਰਾ ਬੀ.ਪੀ. ਘਟਾਗੀ ਉਹ ਛੋਟੀ ਤਾਂ ਹੋ ਨੀ ਸਕਦੀ’ ਨਿੱਕੇ ਨੇ ਥੋੜ੍ਹਾ ਜੋਰ ਪਾ ਕੇ ਕਿਹਾ।

‘ਉਹ ਯਾਰ ਗੱਲ ਐਂ ਆਂ ਬੀ, ਜਦ ਮੇਰਾ ਨਮਾਂ-ਨਮਾਂ ਹੋਇਆ ਤੀ ਬਿਆਹ ਤੇ ਮੈਂ ਮੜ੍ਹੀ ਕੁੱਟਾਂ ਦੇ ਗੇਜੇ ਨਾਲ ਉਹਦੇ ਟਰੱਕ ’ਤੇ ਕਲਕੱਤੇ ਬਗ ਗਿਆ। ਉਥੇ ਖਾਸਾ ਘੁੰਮੇ ਫਿਰੇ ਤੇ ਇੱਕ ਦਿਨ ਉਥੇ ਗੇਜੇ ਦਾ ਜਾਣੂ ਬੰਦਾ ਕਹਿੰਦਾ ਆਜੋ ਥੋਨੂੰ ਕਲਕੱਤਾ ਘੁੰਮਾਮਾਂ ਅੱਜ। ਉਹ ਬਾਈ ਸਾਨੂੰ ਉਥੇ ਲੈ ਗਿਆ ਜਿੱਥੇ ਤੀ...ਮੀਆਂ ਜੀਆਂ ਦਾ ਅੱਡਾ ਤੀ। ਮੈਂ ਬੀ ਨਾਲੇ ਬਗ ਗਿਆ। ਮੈਂ ਉਹਨਾਂ ਨਾਲ ਬਗ ਤਾਂ ਗਿਆ ਪਰ ਪੈਰ ਮੇਰੇ ਪਿੱਛੇ ਨੂੰ ਜਾਣ ਤੇ ਮੈਂ ਗਾਹਾਂ ਨੂੰ। ਇੱਕ ਬੰਦਾ ਕੋਲ ਖੜ੍ਹੀ ਤੀਮੀਂ ਦੀਆਂ ਸਿਫਤਾਂ ਜੀਆਂ ਕਰਨ ਲੱਗਾ ਤੇ ਪੈਸੇ ਦੱਸੀ ਜਾਵੇ। ਜਦ ਯਾਰ ਗੇਜੇ ਦੇ ਕਲਕੱਤੇ ਵਾਲੇ ਆੜੀ ਨੇ ਦੱਸਿਆ ਕਿ ਇਹ ਤੀਮੀਂ ਤਾਂ ਇਹਦੀ ਆਪਣੀ ਘਰਆਲੀ ਆ ਤਾਂ ਇਹ ਸੁਣ ਕੇ ਬਾਈ ਮੈਂ ਠੰਢਾ ਹੋ ਗਿਆ, ਮੈਨੂੰ ਤਾਂ ਮੇਰੀ ਤੀਮੀਂ ਯਾਦ ਆਗੀ। ਮੈਨੂੰ ਸਾਰਾ ਕੁਸ ਘੁੰਮਦਾ ਜਾ ਲੱਗੇ। ਗੇਜੇ ਨੇ ਮੈਨੂੰ ਫੜ ਕੇ ਮਸਾਂ ਕੁਰਸੀ ’ਤੇ ਬਠਾਇਆ। ਬੱਸ ਮੈਂ ਤਾਂ ਉਨ੍ਹੀਂ ਪੈਰੀਂ ਉਥੋਂ ਭੱਜ ਕੇ ਨਿਕਲ ਗਿਆ’। ਦਲੇਰ ਗੱਲ ਕਰਦਾ-ਕਰਦਾ ਕੰਧ ਦੀ ਓਟ ਲੈ ਕੇ ਮੰਜੇ ’ਤੇ ਬੈਠ ਗਿਆ। ‘ਅੱਜ ਜਦ ਜਮੀਨ ਠੇਕੇ ’ਤੇ ਦੇਣ ਲੱਗੇ ਮੈਂ ਤੇ ਬਾਈ ਨੇ ਜਮੀਨ ਦੀਆਂ ਸਿਫਤਾਂ ਦੱਸੀਆ ਤਾਂ ਸਾਈ ਆਲੇ ਪੈਸੇ ਦੇਖ ਕੇ ਮੈਨੂੰ ਤਾਂ ਐਂ ਲੱਗਿਆ ਜਿਮੇਂ ਮੈਂ ਕਲਕੱਤੇ ਆਲੇ ਬੰਦੇ ਮਾਂਗ ਆਪਣੀ ਤੀਮੀਂ ਦਾ ਹੀ ਸੌਦਾ ਕਰ ਰਿਹਾ ਹੋਮਾਂ’।

ਇਹ ਕਹਿ ਕੇ ਦਲੇਰ ਸਿੰਘ ਦੀਆਂ ਅੱਖਾਂ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਈਆਂ ਤੇ ਕਿਹਰ ਸਿੰਘ ਜੇਬ ’ਚ ਪਾਏ ਸਾਈ ਦੇ ਪੈਸਿਆਂ ਨੂੰ ਟਟੋਲ ਕੇ ਸੋਚ ਰਿਹਾ ਸੀ ਕਿ ਦਲੇਰ ਨੂੰ ਫੜਾਵਾਂ ਜਾਂ ਵਾਪਸ ਕਰ ਦੇਵਾਂ।


**ਸਹਾਇਕ ਪ੍ਰੋਫੈਸਰ**
**(ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ)**

**‘ਪ੍ਰਤਿਮਾਨ’ ਦਾ ਅਗਲਾ ਅੰਕ ਕਿਸਾਨੀ ਸੰਘਰਸ਼ ਕਾਵਿ ਅੰਕ ਹੋਵੇਗਾ ਜਿਸ ਵਿਚ ਕਿਸਾਨੀ ਸੰਘਰਸ਼ ਨਾਲ ਕਵਿਤਾਵਾਂ ਨੂੰ ਸੰਕਲਿਤ ਕੀਤਾ ਜਾਵੇਗਾ।**
**ਇਨ੍ਹਾਂ ਕਵਿਤਾਵਾਂ ਨੂੰ ਬਾਅਦ ਵਿੱਚ ਕਿਤਾਬ ਰੂਪ ਵਿਚ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ...**
**ਇਸ ਪੁਸਤਕ ਵਿਚ ਕਿਸਾਨ ਸੰਘਰਸ਼ ਬਾਰੇ ਪੰਜਾਬੀ ਤੋਂ ਬਿਨਾ ਦੂਜੀਆਂ ਭਾਸ਼ਾਵਾਂ ਦੀਆਂ ਕਵਿਤਾਵਾਂ ਦਾ ਅਨੁਵਾਦ ਵੀ ਸ਼ਾਮਿਲ ਕੀਤਾ ਜਾਵੇਗਾ....**

**ਸੰਪਾਦਕ : ਅਮਰਜੀਤ ਕੌਂਕੇ**
**Email: pratimaan@yahoo.co.in**

## ਦੋ ਕਵਿਤਾਵਾਂ / ਅਮਨ ਖੁਰਮੀ

### ਰੂਹ ਦੀ ਆਵਾਜ਼



ਮਨ ਖਾਲੀ ਹੈ ਵਰ੍ਹਿਆਂ ਦਾ,
ਇੱਥੇ ਕੋਈ
ਆਉਂਦਾ ਜਾਂਦਾ ਨਹੀਂ.....
ਸੁੰਨ ਹੋ ਜਾਂਦੈ ਸਰੀਰ
ਜਦ ਕੋਈ ਅਪਣੱਤ ਦੀਆਂ
ਜੰਜੀਰਾਂ 'ਚ ਜਕੜੇ....
ਜੁਬਾਨ ਹੈ,
ਕਿ ਖਾਮੋਸ਼ ਹੈ!!!!
ਲਫ਼ਜ਼ਾਂ ਦੀ
ਥੋੜ ਤੇ ਨਹੀਂ ਪਰ....
ਦਿਮਾਗ ਨੇ
ਚਾਹਿਆ ਹਰ ਵਕਤ
ਇੱਕਲਤਾ ਦਾ ਸੰਗ।
ਆਪਣੇ ਵਜੂਦ ਤੋਂ ਪਰੇ
ਕਿਸੇ ਬਾਰੇ ਸੋਚਣ ਦੀ
ਵਿਹਲ ਹੀ ਨਾ ਮਿਲੀ।
ਮੇਰੀ ਰੂਹ ਨੇ ਕਵੀ ਹੋਣਾ
ਕੁਝ ਇਸ ਤਰ੍ਹਾਂ
ਸਵੀਕਾਰ ਕੀਤਾ ।

### ਚਾਨਣੀ

ਚਿੱਟੇ ਦਿਨ ਦੀ ਚਾਨਣੀ 'ਚ,
ਤੇਰਾ ਖਿਆਲ ਮੇਰੇ ਚਿਹਰੇ ਤੇ
ਸੱਜਰੀ ਸਵੇਰ ਦੇ ਸੂਰਜ ਦੀ
ਉਹ ਲਾਲੀ ਮਲ ਜਾਂਦੈ...
ਜੋ ਸਾਰਾ ਦਿਨ ਬਰਕਰਾਰ ਰਹਿੰਦੀ ਹੈ।
ਤੇਰੀ ਯਾਦ ਮੁਲਾਕਾਤ ਦੀ ਮੋਹਤਾਜ
ਨਹੀ....
ਮੇਰਾ ਵੀ ਦਿਲ
ਹੁਣ ਤਸਵੀਰਾਂ ਤੇ ਲੱਗ ਗਿਆ।
ਮੈਂ ਰੱਖੀਆਂ ਸੀ ਜੋੜ ਕੇ
ਇੱਕ ਦਿਨ
ਆਪਣੀਆਂ ਕਈ ਤਸਵੀਰਾਂ
ਉਥੋਂ ਕਵਿਤਾ ਉਭਰਨ ਲੱਗੀ।

ਤੇਰੇ ਦਿਲ ਦੀ ਦਹਿਲੀਜ਼ ਤੇ
ਮਹੁੱਬਤ ਮਨਸ ਕੇ
ਵਾਪਸ ਮੁੜ ਆਈ।
ਤੇਰੇ ਮਨ ਮੰਦਰ ਦੀਆਂ
ਪੌੜੀਆਂ ਚੜ੍ਹਨਾ
ਇੰਨਾ ਸੌਖਾ ਤੇ ਨਹੀਂ ਨਾ???
ਸ਼ਾਇਦ ਆਪਣੇ ਹਿੱਸੇ ਏਹੋ
ਆਇਆ....
ਆਪਣੇ ਵਜੂਦ 'ਚ ਹਰ ਕਿਸੇ ਨੂੰ
ਮਹਿਸੂਸ ਕਰਨਾ
ਹੋਰ ਸ਼ਾਇਰਾਂ ਪੱਲੇ
ਹੁੰਦਾ ਵੀ ਕੀ ਹੈ...
ਮਾਮੂਲੀ ਨਹੀਂ ਹੁੰਦੇ
ਸ਼ਾਇਰਾਂ ਦੇ ਸੰਬੰਧ,
ਜਾਇਜ਼ ਨਾਜਾਇਜ਼ ਰਿਸ਼ਤਿਆਂ ਤੇ ਵੀ
ਅਮਰ ਕਹਾਣੀਆਂ ਬਣ ਜਾਂਦੀਆਂ।
ਆ ਹੱਥ ਫੜ ਮੇਰਾ,
ਕਵਿਤਾ ਨੂੰ ਪੋਲੇ ਪੈਰੀਂ ਤੈਰੀਏ ....
ਇਸ ਯੁੱਗ ਦੇ ਅੰਮ੍ਰਿਤਾ ਇਮਰੋਜ਼ ਹੋ
ਜਾਈਏ।

## ਮੈਂ ਕਿਉਂ ਬੋਲਾਂ? ਪ੍ਰਭਜੋਤ ਪ੍ਰਭ

ਚੁੱਪ ਹਾਂ ਮੈਂ ,
ਮੇਰੇ ਕਿਹੜਾ ਢਿੱਡ ਤੇ ਲੱਤ ਵੱਜੀ ਏ,
ਮੈਂ ਸੇਫ ਐਂਡ ਸਾਊਂਡ ਆ,
ਆਪਣੀ ਆਲੀਸ਼ਾਨ ਇਮਾਰਤ ਵਿੱਚ।

ਕਿਸਾਨਾਂ ਦੀ ਬੁਰੀ ਹਾਲਤ,
ਮੈ ਕਿਉਂ ਬੋਲਾਂ?
ਮੈਂ ਕਿਹੜਾ ਕਿਸਾਨ,
ਮੈਂ ਤਾਂ ਸੇਫ ਐਂਡ ਸਾਊਂਡ ,
ਆਪਣੀ ਚਾਰਦੀਵਾਰੀ ਵਿੱਚ

ਆਵਾਰਾ ਪਸ਼ੂ ਨੋਚਦੇ ਨੇ ,
ਕੀਮਤੀ ਜਾਨਾਂ,
ਮੈ ਕਿਉਂ ਬੋਲਾਂ?
ਮੈਂ ਤਾਂ ਸੇਫ ਐਂਡ ਸਾਊਂਡ ਆ,
ਆਪਣੀਆਂ ਏ.ਸੀ. ਕਾਰਾਂ ਵਿੱਚ।

ਬੇਰੋਜ਼ਗਾਰੀ ਅੱਖੋਂ ਓਹਲੇ ਨਈ,
ਨੌਜਵਾਨ ਭਟਕ ਰਿਹੈ,
ਮੈ ਕਿਉਂ ਬੋਲਾਂ?
ਮੈਂ ਤਾਂ ਸੇਫ ਐਂਡ ਸਾਊਂਡ ਆ
ਮਿਲ ਰਹੀਆਂ ਬਹਾਰਾਂ ਵਿੱਚ।

ਧੀਆਂ ਭੈਣਾਂ ਸੇਫ ਨਹੀਂ,
ਆਮ ਜਨਤਾ ਸੇਫ ਨਹੀਂ,
ਰੋਜ਼ਗਾਰ ਕਿਸੇ ਦਾ ਸੇਫ ਨਹੀਂ,
ਹਾਹਾਕਾਰ ਹੈ ਮਚੀ ਹੋਈ,
ਹਫ਼ੜਾ- ਦਫ਼ੜੀ ਮਚੀ ਹੋਈ,

ਕੋਈ ਨਾ ਇੱਥੇ ਸੇਫ,
ਹਰ ਪਾਸੇ ਪਹੁੰਚਿਆ ਸੇਕ।

ਲੋੜ ਹੈ ਬੋਲਣ ਦੀ ਹੁਣ ਬੋਲ,
ਚੱਕ ਸਿਆਹੀ ਅੱਖਰ ਘੋਲ,
ਸਮਾਂ ਹੈ ਬੋਲਣ ਦਾ ਕੁੱਝ ਬੋਲ
ਚੁੱਪੀ ਤੋੜ ਤੇ ਕਰ ਪੜਚੋਲ।



## ਭਾਸ਼ਾ ਦੀ ਤਮੀਜ਼ / ਅਨਿਲ ਕਰਮੇਲੇ

ਉਹ ਇਕ
ਅਜਿਹੀ ਭਾਸ਼ਾ ਦੀ ਵਰਤੋਂ ਕਰਦੇ ਹਨ
ਕਿ ਅਸੀਂ ਅਕਸਰ ਹਾਰ ਜਾਂਦੇ ਹਾਂ
ਉਨ੍ਹਾਂ ਦੀ ਨੀਅਤ ਦਾ
ਪਤਾ ਲਾਉਣ ਵਿਚ

ਅਸੀਂ ਭਰੋਸੇ ਵਿਚ ਰਹਿੰਦੇ ਹਾਂ
ਤੇ ਭਰੋਸਾ ਹੌਲੀ ਹੌਲੀ
ਭਰਮ ਵਿਚ ਬਦਲਦਾ ਰਹਿੰਦਾ ਹੈ

ਜਦੋਂ ਛਟਦੀ ਹੈ ਦਿਮਾਗ ਤੋਂ ਧੁੰਧ
ਤੇ ਨੀਂਦ ਜਾਂਦੀ ਹੈ
ਸੁਪਨਿਆਂ ਦੇ ਆਗੋਸ਼ ਵਿਚ
ਅੱਖਾਂ ਬਲਦੀਆਂ ਨੇ ਸਾਹਮਣੇ
ਤਸਵੀਰਾਂ ਦੇਖ ਕੇ



ਪਰ ਸਾਡੀਆਂ ਮੁੱਠੀਆਂ ਤਣਨ
ਤੇ ਵਰ੍ਹਿਆਂ ਤੋਂ ਜੰਮੇ ਹੋਏ
ਲਹੂ ਵਿਚ ਉਬਾਲ ਆਏ
ਉਸਤੋਂ ਪਹਿਲਾਂ ਹੀ
ਆਉਂਦੇ ਹਨ ਸਾਡੇ ਵਿਚੋਂ ਕੁਝ ਲੋਕ
ਪਾਉਂਦੇ ਨੇ ਖੌਫਨਾਕ
ਤਸਵੀਰਾਂ ਦਾ ਪਰਦਾ

ਤੇ ਕਰਦੇ ਨੇ ਸ਼ਬਦਾਂ ਦੀਆਂ
ਮਨਮੋਹਕ ਵਿਆਖਿਆਵਾਂ
ਇਸ ਤਰਾਂ ਲਾ ਦਿੰਦੇ ਨੇ
ਸਾਡੇ ਗੁੱਸੇ ਵਿਚ ਸੇਂਧ

ਆਪਣੇ ਲਾਭ ਤੇ
ਲਾਲਚ ਵਿਚ ਘੁੰਮਦੇ ਹੋਏ
ਅਸੀਂ ਭਟਕਦੇ ਰਹਿੰਦੇ ਹਾਂ
ਏਧਰ ਤੋਂ ਉਧਰ
ਤੇ ਕਾਇਰਾਂ ਦੇ ਵਾਂਗ
ਆਪਣੀ ਭਾਸ਼ਾ ਦੀ ਤਮੀਜ਼ ਵਿਚ
ਪਰਤ ਆਉਂਦੇ ਹਾਂ....

**ਅਨੁਵਾਦ : ਅ.ਕ.**

## ਕਵਿਤਾਵਾਂ / ਗਗਨਮੀਤ ਕੌਰ

### ਬਿਨਸਣ ਤੋਂ ਪਹਿਲਾਂ

ਮੈਂ ਖ਼ੁਦ ਦੀ
ਪਰਿਕਰਮਾ ਕਰ
ਰੋਜ਼ ਸਫ਼ਰ 'ਤੇ ਨਿਕਲਾਂਗੀ

ਥੋੜਾ-ਥੋੜਾ
ਰਸਤਾ ਤੈਅ ਕਰ
ਪਹੁੰਚ ਜਾਵਾਂਗੀ
ਉਸ ਬਿੰਦੂ 'ਤੇ

ਜਿੱਥੇ
ਅਹਿਸਾਸਾਂ ਦੀ
ਬੰਜਰ ਧਰਤੀ 'ਚੋਂ ਵੀ
ਅੰਕੁਰ ਫੁੱਟਣਗੇ

ਗੁੰਮਸੁੰਮ ਸ਼ਾਮਾਂ 'ਚ
ਫੈਲ ਜਾਏਗੀ
ਚਾਹ 'ਚੋਂ ਨਿਕਲਦੀ ਭਾਫ਼

ਕੁੜਤੇ ਦੀ
ਪਾਟੀ ਜੇਬ 'ਚੋਂ
ਕਿਰ ਜਾਣਗੇ ਸ਼ਬਦ
ਜੋ ਤੂੰ ਨੂੰ 'ਤੂੰ'
ਤੇ ਮੈਂ ਨੂੰ 'ਮੈਂ' ਦੇ
ਬੋਝ ਹੇਠ ਕੁਚਲ ਰਹੇ

ਉੱਥੇ
ਬੁਹਾਰਾਂਗੀ ਫ਼ਰਸ਼
ਵੇਖਾਂਗੀ ਲਿਸ਼ਕੋਰ
ਚਮਕਦੇ ਸੂਰਜ ਦੀ

ਦਿਆਂਗੀ ਅਸੀਸ
ਰੌਸ਼ਨਦਾਨ 'ਚ
ਗੁਟਕਦੇ ਪੰਛੀਆਂ ਨੂੰ

ਬਿਨਸਣ ਤੋਂ ਪਹਿਲਾਂ
ਇੱਦਾਂ
ਜਿਉਣ ਲੱਗ ਪਵਾਂਗੀ
ਮੈਂ !

### ਮੌਨ

ਖਲਾਅ ਵਿਚਲੇ
ਮੌਨ ਅੱਖਰਾਂ ਨੂੰ
ਪੜ੍ਹੀਏ

ਪੱਤੇ-ਪੱਤੇ ਤੇ
ਉੱਕਰਿਆ
ਹਵਾ ਦਾ ਖ਼ਤ
ਵਾਚੀਏ

ਫੁੱਲਾਂ ਤੇ ਸੂਰਜ ਦਾ
ਸੰਵਾਦ ਸੁਣੀਏ

ਮਧੂਮੱਖੀ ਨੂੰ
ਸ਼ਹਿਦ ਬਣਾਉਂਦਿਆਂ
ਤੱਕੀਏ

ਪੰਛੀਆਂ ਦੀ
ਪਰਵਾਜ਼ ਵਿਚਲੀ
ਰਮਜ਼ ਪਛਾਣੀਏ

ਅਸੰਖ ਨਾਦਾਂ ਦੀ
ਗੂੰਜ ਅੰਦਰਲੀ
ਚੁੱਪ ਪਲੋਸੀਏ

ਹਵਾ ਦੇ
ਵਰਕਿਆਂ ਤੇ
ਲਿਖ ਹੋਵੇ
ਅਬੋਲ ਗਾਥਾ....।



ਅਜੋਕੇ ਸਮਾਜ ਵਿੱਚ ਕਈ ਤਰ੍ਹਾਂ ਦੇ ਸੰਕਟ ਉੱਭਰ ਕੇ ਸਾਹਮਣੇ ਆ ਰਹੇ ਹਨ। ਸਮਾਜਿਕ ਅਰਾਜਕਤਾ, ਨਾ-ਬਾਰਬਰੀ, ਭ੍ਰਿਸ਼ਟਾਚਾਰ, ਪਰਵਾਸ ਤੇ ਅਵਸਾਦ ਸਭਿਆਚਾਰਕ ਪਲੀਤਣ ਤੋਂ ਇਲਾਵਾ ਭੌਤਿਕ ਵਾਤਾਵਰਨ ਦਾ ਪ੍ਰਦੂਸ਼ਣ ਦੈਂਤ ਬਣ ਕੇ ਸਮੁੱਚੀ ਹੋਂਦ ਨੂੰ ਨਿਗਲ ਜਾਣ ਲਈ ਉਤਾਰੂਹੋ ਰਿਹਾ ਹੈ। ਵਿਗੜ ਰਹੇ ਵਾਤਾਵਰਨ ਦੀ ਮਾਰ ਹੇਠ ਸਾਰੇ ਜੀਵ, ਬਨਸਪਤੀ ਅਤੇ ਪ੍ਰਕਿਰਤੀ ਦਾ ਹਰ ਅੰਸ਼ ਅਸੰਤੁਲਿਤ ਹੋ ਰਿਹਾ ਹੈ। ਦਮ-ਘੋਟੂ ਪੌਣ-ਪਾਣੀ ਪ੍ਰਕਿਰਤੀ ਦੀ ਦੇਣ ਨਹੀਂ ਸਗੋਂ ਮਨੁੱਖ ਦੀਆਂ ਲਾਲਚੀ ਤੇ ਜ਼ਾਲਮ ਪ੍ਰਵਿਰਤੀਆਂ ਕਰਕੇ ਕੁਦਰਤ ਵਲੋਂ ਦਿਤਾ ਗਿਆ ਪ੍ਰਤੀਕਰਮ ਹੈ। ਵਾਤਾਵਰਨ ਸੰਕਟ ਨੂੰ ਠੱਲ੍ਹ ਪਾਉਣ ਲਈ ਸਮੂਹ ਪਾਠਕਾਂ ਦਾ ਇਸ ਪ੍ਰਤੀ ਚੇਤੰਨ ਹੋਣਾ ਬਹੁਤ ਜ਼ਰੂਰੀ ਹੈ। ਸੁਹਿਰਦ ਮਨੁੱਖ ਹੀ ਪ੍ਰਕਿਰਤੀ ਨੂੰ ਸਤਿਕਾਰ ਸਕਦਾ ਹੈ। ਵਾਤਾਵਰਨ ਦੇ ਦੂਸ਼ਿਤ ਹੋਣ ਦੇ ਗੰਭੀਰ ਸਿੱਟੇ, ਉਹਨਾਂ ਦੇ ਪਿਛੋਕੜ ਕਾਰਨਾਂ ਅਤੇ ਇਸ ਸੰਕਟ ਨੂੰ ਕਾਬੂਕਰਨ ਲਈ ਅਨੁਕੂਲ ਯਤਨਾਂ ਦੀ ਨਿਸ਼ਾਨਦੇਹੀ ਕੇਵਲ ਸੰਵੇਦਨਸ਼ੀਲ ਵਿਅਕਤੀ ਹੀ ਕਰ ਸਕਦਾ ਹੈ। ਸਮਕਾਲ ਦੀ ਸਭ ਤੋਂ ਵੱਡੀ ਸਮੱਸਿਆ 'ਵਾਤਾਵਰਨ-ਪ੍ਰਦੂਸ਼ਣ' ਨੂੰ ਰੋਕਣ ਹਿੱਤ ਸਾਹਿਤ ਤੇ ਸਮਾਜ ਦੇ ਭਰਵੇਂ ਯੋਗਦਾਨ ਦੀ ਲੋੜ ਹੈ। ਸਮਾਜ ਨੂੰ ਸਿਹਤਮੰਦ ਅਤੇ ਸੁਖਾਵਾਂ ਬਣਾਉਣ ਲਈ ਸਾਹਿਤ ਦਾ ਭਰਪੂਰ ਯੋਗਦਾਨ ਹੁੰਦਾ ਹੈ। ਇਸੇ ਮਨੋਰਥ ਨੂੰ ਨੇਪਰੇ ਚੜ੍ਹਾਉਣ ਲਈ ਇੱਕਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਸਿਰਜੇ ਗਏ ਸਾਹਿਤ ਦੇ ਪ੍ਰਮੁੱਖ ਸਰੋਕਾਰਾਂ ਵਿੱਚ 'ਵਾਤਾਵਰਨਿਕ ਚੇਤਨਾ' ਵਿਸ਼ੇਸ਼ ਧਿਆਨ ਦੀ ਲਖਾਇਕ ਹੈ। ਬੇਸ਼ੱਕ ਸਮਕਾਲੀ ਦਹਾਕੇ ਦੇ ਵਾਤਾਵਰਨਿਕ ਸਾਹਿਤ ਬਾਬਤ ਖੂਬ ਕਾਵਿ ਅਤੇ ਨਿਬੰਧ ਰਚਨਾ ਹੋਈ ਹੈ। ਪਰੰਤੂ ਨਾਵਲ ਦੀ ਵਿਧਾ ਅੰਦਰ ਵਿਸ਼ੇ ਅਧੀਨ ਸਰੋਕਾਰ ਦਾ ਆਗਮਨ ਬਿਲਕੁਲ ਨਵਾਂ-ਨਰੋਆ ਹੈ। ਪ੍ਰਸਤੁਤ ਖੋਜ ਪਰਚੇ ਵਿੱਚ ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਨੂੰ ਆਧਾਰ ਬਣਾ ਕੇ ਪੰਜਾਬੀ ਨਾਵਲ ਵਿੱਚ ਪੇਸ਼ ਵਾਤਾਵਰਨਿਕ ਚੇਤਨਾ ਦਾ ਅਧਿਐਨ ਕੀਤਾ ਜਾਣਾ ਹੈ। ਇਹ ਨਾਵਲ ਇੱਕਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਪਾਠਕਾਂ ਦੇ ਰੂ-ਬਰ-ਰੂ ਹੁੰਦਾ ਹੈ। ਇਸ ਪ੍ਰਕਾਰ ਇਹ ਪਾਠਕਾਂ ਨੂੰ ਸਮਕਾਲੀ ਵਾਤਾਵਰਨ-ਸੰਕਟ ਬਾਬਤ ਚੇਤੰਨ ਕਰਨ ਦੀ ਸਮੱਰਥਾ ਸਾਂਭੀ ਬੈਠਾ ਹੈ । ਹੱਥਲੇ ਖੋਜ ਪੱਤਰ ਵਿੱਚ ਨਾਵਲ 'ਕੈਂਸਰ ਟਰੇਨ' ਵਿੱਚ ਮਾਲਵੇ ਦੇ ਕੈਂਸਰ ਪ੍ਰਭਾਵਿਤ ਜ਼ਿਲ੍ਹਿਆਂ ਦੇ ਪਿੰਡਾਂ ਦੀ ਤ੍ਰਾਸਦੀ ਦਾ ਅਧਿਐਨ ਕੀਤਾ ਜਾਵੇਗਾ ਅਤੇ ਮਾਲਵੇ ਖੇਤਰ ਦੇ ਵਾਤਾਵਰਨੀ ਸੰਕਟਾਂ ਤੇ ਉਨ੍ਹਾਂ ਪ੍ਰਤੀ ਸਮਾਧਾਨਾ ਸੰਬੰਧੀ ਅਧਿਐਨ ਕੀਤਾ ਜਾਵੇਗਾ।

ਨਾਵਲ ਦਾ ਮੁੱਖ ਪਾਤਰ ਅਮਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਤੋਂ ਐੱਮ.ਐਸ.ਸੀ. ਕਰ ਰਿਹਾ ਹੈ। ਉਸ ਦੇ ਪ੍ਰੋਜੈਕਟ ਦਾ ਵਿਸ਼ਾ ''ਮਾਲਵੇ ਦੇ ਪਿੰਡਾਂ ਵਿੱਚ ਹੋ ਰਹੀਆਂ ਮੌਤਾਂ ਦਾ ਕਾਰਨਾਂ ਦੀ ਤਫਤੀਸ਼'' ਕੈਂਸਰ ਨਾਲ ਹੋਈਆਂ ਮੌਤਾਂ ਨਾਲ ਸੰਬੰਧੀ ਤੱਥ ਪੇਸ਼ ਕਰਨ ਬਾਰੇ ਹੈ। ਇਸ ਸੰਦਰਭ ਵਿੱਚ ਅਮਨ ਨੂੰ ਪੀ.ਜੀ.ਆਈ., ਫ਼ਰੀਦਕੋਟ, ਗੁਰਦਾਸਪੁਰ, ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਬਹੁਤ ਵਾਰੀ ਜਾਣਾ ਪੈਂਦਾ ਰਿਹਾ ਹੈ। ਉਸ ਨੂੰ ਅਜਨਬੀ ਜਾਣ ਕੇ ਕਿਸੇ ਵੀ ਪਿੰਡ 'ਚ ਸਹਿਯੋਗ ਨਾ ਮਿਲਣ ਕਰਕੇ ਅਮਨ ਦਾ ਹੌਂਸਲਾ ਡਿੱਗਣ ਲੱਗ ਜਾਂਦਾ ਹੈ। ਐਨ ਮੌਕੇ 'ਤੇ ਉਸਨੂੰ ਫਰਿਸ਼ਤੇ ਵਾਂਗ ਜਰਨੈਲ ਸਿੰਘ ਆਣ ਮਿਲਦਾ ਹੈ। ਮਾਲਵੇ ਦਾ ਪੁਸ਼ਤੈਨੀ ਵਸਨੀਕ ਜਰਨੈਲ ਸਮਾਜਿਕ ਤੌਰ 'ਤੇ ਬਹੁਤ ਸਰਗਰਮ ਹੈ। ਜਰਨੈਲ ਹਰ ਪਿੰਡ ਵਿੱਚ ਅਮਨ ਦੇ ਨਾਲ ਜਾ ਕੇ ਉਸਦੀ ਮੱਦਦ ਕਰਦਾ ਹੈ। ਜਦੋਂ ਉਹ ਇੱਕ ਪਿੰਡ ਵਿੱਚ ਜਰਨੈਲ ਨਾਲ ਕਿਸੇ ਬਜ਼ੁਰਗ ਤੋਂ ਪਿੰਡ ਵਿੱਚ ਕੈਂਸਰ ਨਾਲ ਮਰਨ ਵਾਲਿਆਂ ਬਾਰੇ ਪੁੱਛਣਾ ਚਾਹੁੰਦਾ ਹੈ ਤਾਂ ਬਜ਼ੁਰਗ ਉਨ੍ਹਾਂ ਨੂੰ ਇਹ ਕਹਿ ਕੇ ਟਾਲ ਦਿੰਦਾ ਹੈ ਕਿ ਉਹਨਾਂ ਦੇ ਪਿੰਡ ਕੋਈ ਅਜਿਹੀ ਬੀਮਾਰੀ ਨਾਲ ਨਹੀਂ ਮਰਿਆ ਤੇ ਨਾ ਹੀ ਕੋਈ ਪਿੰਡ 'ਚ ਜੇਰੇ ਇਲਾਜ ਹੈ। ਬਜ਼ੁਰਗ ਨੇ ਇਹ ਵੀ ਦੱਸਿਆ ਕਿ ਸਰਪੰਚ ਦੀ ਘਰਵਾਲੀ ਅਤੇ ਜੈਲਦਾਰ ਦੇ ਵੱਡੇ ਭਰਾ ਨੂੰ ਵੀ ਕੈਂਸਰ ਹੋਇਆ ਸੀ, ਪਰੰਤੂ ਪੈਸੇ ਦੀ ਖੁੱਲ੍ਹ ਕਰਕੇ ਕ੍ਰਮਵਾਰ ਚੰਡੀਗੜ੍ਹੋਂ ਤੇ ਦਿੱਲੀਓਂ ਇਲਾਜ ਕਰਵਾ ਕੇ ਦੋਵੇਂ ਮਰੀਜ਼ ਰਾਜੀ ਹੋ ਗਏ ਸਨ। ਬਜ਼ੁਰਗ ਦੁਆਰਾ ਪਿੰਡ ਵਿੱਚ ਕੈਂਸਰ ਰੋਗ ਹੋਣ ਦੀ ਗੱਲ ਤੇ ਪਰਦਾ ਪਾਉਣ ਦਾ ਸਭ ਤੋਂ ਵੱਡਾ ਕਾਰਨ ਸੀ ਕਿ ਇਸ ਤਰ੍ਹਾਂ ਪਿੰਡ ਦੀ ਹਾਲਤ ਦੂਰ-ਦੂਰ ਤੱਕ ਪਤਾ ਲੱਗ ਜਾਵੇਗੀ। ਇਸ ਬਾਰੇ ਦੂਜੇ ਅਧਿਆਇ ਵਿੱਚ ਜਰਨੈਲ ਸਿੰਘ ਅਮਨ ਨੂੰ ਅਸਲੀ ਕਾਰਨ ਦੱਸਦਾ ਹੋਇਆ ਕਹਿੰਦਾ ਹੈ ਕਿ,''ਪਿੰਡਾਂ ਦੇ ਲੋਕ ਏਸ ਲਈ ਵੀ ਸੱਚਾਈ ਨਹੀਂ ਦੱਸ ਰਹੇ ਕਿ ਗੱਲ ਦੂਰ ਤੱਕ ਜਾਏਗੀ ਅਤੇ ਉਨ੍ਹਾਂ ਦੇ ਪਿੰਡ ਦੀ ਬਦਨਾਮੀ ਹੋਏਗੀ ਜਿਸ ਕਾਰਨ ਉਨ੍ਹਾਂ ਦੇ ਮੁੰਡੇ ਕੁੜੀਆਂ ਦੇ ਰਿਸ਼ਤੇ ਲੈਣੋਂ ਲੋਕ ਡਰਨਗੇ ਕਿ ਕਿਤੇ ਏਨ੍ਹਾਂ ਨੂੰ ਵੀ ਕੈਂਸਰ ਨਾ ਹੋਵੇ। ਏਸੇ ਲਈ ਬਜ਼ੁਰਗ ਸਚਾਈ ਨਹੀਂ ਸੀ ਦੱਸ ਰਿਹਾ ਜਦੋਂ ਕਿ ਇਹ ਗੱਲ ਰਿਕਾਰਡ 'ਤੇ ਹੈ ਕਿ ਉਸ ਪਿੰਡ ਵਿੱਚ ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਹੋਈਆਂ ਨੇ।''1

ਇੱਕ ਪਾਸੇ ਤਾਂ ਪਾਣੀ ਦਾ ਪੱਧਰ ਵਧੇਰੇ ਸਿੰਚਾਈ ਜ਼ਰੂਰਤਾਂ ਕਰਕੇ ਹੇਠਾਂ ਡਿੱਗ ਰਿਹਾ ਹੈ ਤੇ ਦੂਜਾ ਕੀਟਨਾਸ਼ਕਾਂ, ਉਦਯੋਗਿਕ ਤੇਜ਼ਾਬੀ ਨਿਕਾਸ ਤੇ ਘਰੇਲੂ ਮਲ ਆਦਿ ਨਾਲ ਪਾਣੀ ਦੇ ਵੱਧ ਘਾਤਕ ਹੋ ਰਿਹਾ ਹੈ। ਇਸ ਪ੍ਰਕਾਰ ਪੰਜਾਬ ਦੇ ਵਾਤਾਵਰਨ ਨੂੰ ਦੋਹਰੀ ਮਾਰ ਪੈ ਰਹੀ ਹੈ। ਪੰਜਾਬ ਦੇ ਮਾਲਵੇ ਵਿਖੇ ਕਪਾਹ ਪੱਟੀ ਨੂੰ ਕੈਂਸਰ-ਬੈਲਟ ਘੋਸ਼ਿਤ ਕਰ ਦਿੱਤਾ

ਗਿਆ ਹੈ। ਉਮਰ ਤੋਂ ਪਹਿਲਾਂ ਹੀ ਵਾਲਾਂ ਦਾ ਸਫੇਦ ਹੋ ਜਾਣਾ, ਚਮੜੀ ਦੇ ਰੋਗ, ਸਾਹ-ਰੋਗ, ਚਿੜਚਿੜਾਪਣ, ਬੇਚੈਨੀ, ਕੈਂਸਰ ਤੇ ਦਿਲ ਦੇ ਰੋਗ ਸਭ ਪ੍ਰਦੂਸ਼ਿਤ ਵਾਤਾਵਰਨ ਦੀ ਵੀ ਦੇਣ ਹਨ। ਜਸਵੀਰ ਕੌਰ ਅਤੇ ਨਾਜਰ ਸਿੰਘ ਦੀ ਇਕਲੌਤੀ ਔਲਾਦ ਨਿਰਮਲ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ। ਉਹ ਵੀ ਕੈਂਸਰ ਦੀ ਜਕੜ੍ਹ ਵਿੱਚ ਆ ਜਾਂਦੀ ਹੈ। ਨਾਜਰ ਆਪਣੀ ਧੀ ਦੀਆਂ ਲਾਜ਼ਮੀ ਦਵਾਈਆਂ ਦਾ ਖ਼ਰਚਾ ਝੱਲਣੋਂ ਅਸਮਰੱਥ ਹੈ ਤੇ ਜ਼ਮੀਨ ਦਾ ਅਖੀਰਲਾ ਬਚਦਾ ਟੱਕ ਵੀ ਗਹਿਣੇ ਰੱਖਣ ਲਈ ਮਜ਼ਬੂਰ ਹੈ। ਧੀ ਸਾਹਮਣੇ ਸ਼ਰਮਿੰਦਾ ਹੋਇਆ ਘਰ ਸਮੇਂ ਸਿਰ ਨਹੀਂ ਪਰਤਦਾ ਕਿ ਨਿਰਮਲ ਨੂੰ ਕੀ ਜਵਾਬ ਦਵੇਗਾ ਕਿ ਅੱਜ ਵੀ ਦਵਾਈ ਕਿਉਂ ਨਹੀਂ ਆਈ......? ''ਨਿਰਮਲ ਦੀ ਦਵਾਈ ਪਿਛਲੇ ਚਾਰ-ਪੰਜ ਦਿਨਾਂ ਤੋਂ ਖ਼ਤਮ ਹੋਈ ਪਈ ਸੀ। ਦਵਾਈ ਲੈਣ ਲਈ ਨਾਜਰ ਹਰ ਰੋਜ਼ ਦਿਨ ਚੜ੍ਹਦਿਆਂ ਹੀ ਘਰੋਂ ਤਾਂ ਨਿਕਲ ਜਾਂਦਾ ਪਰ ਸ਼ਾਮ ਪੈਣ ਤੱਕ ਉਹ ਦਵਾਈ ਨਾ ਮਿਲਣ ਕਾਰਨ ਖ਼ਾਲੀ ਹੱਥ ਹੀ ਵਾਪਸ ਪਰਤ ਆਉਂਦਾ।''2

''ਐਨੇ ਦਿਨਾਂ ਤੋਂ ਦੁਆਈ ਨਾ ਮਿਲਣ ਕਰਕੇ ਉਸਦੀ ਕੀ ਹਾਲਤ ਹੋ ਰਹੀ ਹੋਵੇਗੀ?''3 ''ਕੀਹਦੇ ਕੀਹਦੇ ਕੋਲੋਂ ਉਧਾਰ ਫੜਾਂ?''4

ਜਦੋਂ ਅਮਨ ਤੇ ਜਰਨੈਲ ਹੋਰੀਂ ਉਕਤ ਪਿੰਡਾਂ ਵਿੱਚ ਕੈਂਸਰ ਦੇ ਫੈਲਣ ਬਾਰੇ ਪੜਚੋਲ ਕਰਦੇ ਹਨ ਤਾਂ ਕੁਝ ਤੱਥ ਉੱਭਰ ਕੇ ਸਾਹਮਣੇ ਆਉਂਦੇ ਨੇ। ਉਹਨਾਂ ਵਿੱਚੋਂ ਕੁਝ ਇੱਕ ਅੰਸ਼ ਇਸ ਪ੍ਰਕਾਰ ਹਨ:-

''ਦੂਸਰਿਆਂ ਵਾਂਗ ਨਾਜਰ ਨੇ ਵੀ ਸੁੰਡੀ ਨੂੰ ਮਾਰਨ ਲਈ ਕੀੜੇਮਾਰ ਦਵਾਈਆਂ ਦਾ ਛਿੜਕਾਓ ਕੀਤਾ.......।''5

''ਲਿਆ ਡੈਡੀ ਮੈਂ ਛਿੜਕਾਂ'' ਉਨ੍ਹੀਂ ਦਿਨੀਂ ਜਦ ਕਦੇ ਆਪਣੀ ਮੰਮੀ ਨਾਲ ਨਿਰਮਲ ਖੇਤ ਜਾਂਦੀ ਤਾਂ ਉਹ ਜ਼ਬਰਦਸਤੀ ਦਵਾਈ ਛਿੜਕਣ ਵਾਲੇ ਪੰਪ ਨੂੰ ਹੱਥ ਪਾ ਲੈਂਦੀ।''6

''ਕੁੜੀਏ, ਪਹਿਲਾਂ ਨੱਕ-ਮੂੰਹ ਢੱਕ ਲੈ।'' ਨਾਜਰ ਨੇ ਨਿਰਮਲ ਦੇ ਪਿੱਛੇ ਤੁਰੇ ਫਿਰਦਿਆਂ ਇਹ ਤਾੜਨਾ ਕਰੀ ਜਾਣੀ ਪਰ ਨਿਰਮਲ ਚੌੜ-ਚੌੜ 'ਚ ਕਦੇ ਨਹੀਂ ਸੀ ਸੁਣਦੀ।''7

''ਮੇਰੇ ਵਲੋਂ ਹੁਣ ਤੱਕ ਇੱਕਠੇ ਕੀਤੇ ਗਏ ਤੱਥਾਂ ਨੂੰ ਵੇਖ ਕੇ ਲੱਗਦਾ ਹੈ ਕਿ ਨਰਮੇ ਦੀ ਫਸਲ ਉੱਤੇ ਕੀੜੇਮਾਰ ਦੁਆਈਆਂ ਦਾ ਅੰਨ੍ਹੇਵਾਹ ਛਿੜਕਾਅ ਅਤੇ ਲੋੜੋਂ ਵੱਧ ਖਾਦਾਂ ਦੀ ਵਰਤੋਂ ਵੀ ਮਾਲਵੇ ਦੇ ਪਿੰਡਾਂ ਵਿੱਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਦਾ ਇੱਕ ਕਾਰਨ ਹੋ ਸਕਦਾ ਹੈ।''8

ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦਾ ਤਤਕਾਲੀ ਤੇ ਦੂਰਗਾਮੀ ਸਿਹਤ ਪ੍ਰਭਾਵਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹੋਏ ਇਸ ਪ੍ਰਕਾਰ ਖੁਲਾਸਾ ਕੀਤਾ ਗਿਆ ਹੈ।

ਅਮਨ ਦੇ ਪ੍ਰੋਜੈਕਟ ਅਧੀਨ ਪਿੰਡਾਂ ਵਿੱਚ ਲਗਭਗ ਹਰੇਕ ਘਰ ਦਾ ਘੱਟੋ-ਘੱਟ ਇੱਕ ਜੀਅ ਇਸ ਭਿਆਨਕ ਬਿਮਾਰੀ ਦੀ ਮਾਰ ਝੱਲ ਰਿਹਾ ਹੈ। ਕਰਮੋ, ਬੰਸੋ, ਪਾਲੀ, ਬਲਦੇਵ ਦਾ ਬਾਪੂਮੱਘਰ, ਸੁੱਖੀ ਦਾ ਬਾਪੂਮਾਸਟਰ ਰਣਧੀਰ ਸਿੰਘ ਤੇ ਖ਼ੁਦ ਜਰਨੈਲ ਸਿੰਘ ਵੀ ਵਾਰੋ-ਵਾਰੀ ਨਿਰਮਲ ਵਾਂਗ ਦੁੱਖ ਭੋਗਦੇ ਹੋਏ ਤੁਰਦੇ ਲੱਗੇ। ਸੁੱਖੀ ਭਾਵੇਂ ਕਨੈਡਿਓਂ ਆਉਣ ਕਰਕੇ ਪਿਤਾ ਦਾ ਇਲਾਜ ਕੁਝ ਚੰਗੀ ਤਰ੍ਹਾਂ ਕਰਵਾ ਸਕਿਆ ਪਰ ਅਖੀਰ 'ਚ ਉਸਦੀ ਹਾਲਤ ਵੀ ਉਧਾਰ ਫੜ ਕੇ ਦਵਾਈਆਂ ਮੰਗਵਾਉਣ ਵਾਲੀ ਹੋ ਗਈ ਸੀ। ਸੁੱਖੀ ਦੇ ਪਰਿਵਾਰ ਤੋਂ ਬਿਨਾਂ ਨਾਵਲ ਦੇ ਬਾਕੀ ਕਿਰਦਾਰ ਗਰੀਬ ਪੇਂਡੂਹਨ। ਦਿਹਾੜੀਆਂ ਕਰਕੇ ਰੋਟੀ ਦਾ ਇੰਤਜਾਮ ਕਰਦੇ ਹਨ। 'ਸਾਡੇ ਰੋਜ਼ਾਨਾ ਖਾਧ ਪਦਾਰਥਾਂ ਵਿੱਚ ਕੀੜੇਮਾਰ ਦਵਾਈਆਂ ਦੇ ਅੰਸ਼ ਹੋਣ ਕਾਰਨ ਪੰਜਾਬ ਦੇ ਵੱਖ-ਵੱਖ ਭਾਗਾਂ ਵਿੱਚ ਕੈਂਸਰ ਦੇ ਕੇਸ ਵੱਧ ਰਹੇ ਹਨ। ਪੰਜਾਬ ਦੇ ਮਾਲਵਾ ਕਪਾਹ ਪੱਟੀ ਖੇਤਰ ਵਿੱਚ ਰਾਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਦੇ ਮਨੁੱਖੀ ਸਿਹਤ ਉਪਰ ਪੈਣ ਵਾਲੇ ਪ੍ਰਭਾਵ ਨੂੰ ਦੇਖਣ ਲਈ ਇੱਕ ਸਰਵੇਖਣ ਕੀਤਾ ਗਿਆ ਜੋ ਕਿ ਇਹ ਦਰਸਾਉਂਦਾ ਹੈ ਕਿ ਕੀੜੇਮਾਰ ਦਵਾਈਂ ਦੀ ਸਭ ਤੋਂ ਵੱਧ ਵਰਤੋਂ ਕਪਾਹ ਦੀ ਫਸਲ ਲਈ ਕੀਤੀ ਜਾ ਰਹੀ ਹੈ। ਇਸ ਸਰਵੇਖਣ ਨੇ ਇਹ ਸਿੱਟੇ ਕੱਢੇ ਹਨ ਕਿ ਕਪਾਹ ਦੀ ਖੇਤੀ ਜਿਹੜੀ ਝੋਨੇ ਅਤੇ ਕਣਕ ਦੇ ਮੁਕਾਬਲੇ ਕੀੜੇਮਾਰ ਦਵਾਈਆਂ ਤੇ ਜ਼ਿਆਦਾ ਨਿਰਭਰ ਹੈ, ਕੈਂਸਰ ਦੀ ਖ਼ਤਰਨਾਕ ਬਿਮਾਰੀ ਨੂੰ ਜਨਮ ਦਿੰਦੀ ਹੈ।'9

ਏਸੇ ਤਰ੍ਹਾਂ ਬੰਸੋ ਵੀ ਹੋਰ ਚੋਗਾਵੀਆਂ ਵਾਂਗ ਪਰਿਵਾਰ ਪਾਲਣ ਲਈ ਨਰਮਾ ਚੁਗਣ ਜਾਇਆ ਕਰਦੀ ਸੀ। ਕੀੜੇਮਾਰ ਦਵਾਈਆਂ ਦੇ ਘਾਤਕ ਅਸਰ ਹੋਰਨਾਂ ਵਾਂਗ ਧਰਤੀ ਹੇਠਲੇ ਪਾਣੀ, ਹਵਾ ਅਤੇ ਨਰਮੇ ਦੇ ਸਿੱਧੇ ਸੰਪਰਕ ਵਿੱਚ ਆਉਣ ਕਰਕੇ ਉਸਨੂੰ ਵੀ ਬੱਚੇਦਾਨੀ ਦਾ ਕੈਂਸਰ ਹੋ ਗਿਆ।ਉਕਤ ਪਿੰਡਾਂ ਵਿੱਚ ਨਾ ਸਿਰਫ਼ ਕੈਂਸਰ ਸਗੋਂ ਦਮੇ, ਚਮੜੀ ਰੋਗ ਅਤੇ ਦਿਲ ਦੇ ਰੋਗਾਂ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।

'ਮਾਲਵੇ ਦੇ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ ਤੱਤ ਦੀ ਮਾਤਰਾ 11.4 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ 688 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ ਪਾਈ ਗਈ ਹੈ। ਜੋ ਕਿ ਦੁਆਰਾ ਮਿੱਥੇ ਗਏ ਸੁਰੱਖਿਅਤ ਪੱਧਰ (10 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ) ਤੋਂ ਕਾਫੀ ਵੱਧ ਹੈ। ਆਰਸੈਨਿਕ ਨਾਲ ਲੰਬੇ ਸਮੇਂ ਤੋਂ ਸੰਪਰਕ ਕਰਕੇ ਚਮਰੀ ਦੇ ਕੈਂਸਰ, ਗੁਰਤੇ

ਅਤੇ ਬਲੈਡਰ ਦੀਆਂ ਬੀਮਾਰੀਆਂ ਹੁੰਦੀਆਂ ਹਨ।'10

ਉਕਤ ਪਿੰਡਾਂ ਵਿੱਚ ਨਹਿਰਾਂ ਦੇ ਰਸਾਇਣ ਮਿਸ਼ਰਤ ਪਾਣੀ ਨੂੰ ਪੀਣ ਲਈ ਲੋਕ ਮਜ਼ਬੂਰ ਹਨ। ਸ਼ੁੱਧ ਪੀਣਯੋਗ ਪਾਣੀ ਸਰਕਾਰੀ ਫਾਇਲਾਂ ਵਿੱਚ ਤਾਂ ਅਨੇਕਾਂ ਸਕੀਮਾਂ ਤਹਿਤ ਉਪਲੱਬਧ ਹੈ, ਪਰ ਪਿੰਡਾਂ ਵਿੱਚ ਬੰਦ ਪਏ ਆਰ. ਓ. ਟੈਂਕ ਬਿਨਾਂ ਸਾਫ ਸਫਾਈ ਦੇ ਬਦਹਾਲ ਹੋਏ ਪਏ ਨੇ। ਪ੍ਰਦੂਸ਼ਿਤ ਪਾਣੀ ਪੀਣ ਨਾਲ ਅਨੇਕਾਂ ਬੀਮਾਰੀਆਂ ਨਾਲ ਲੋਕੀਂ ਬੀਮਾਰ ਹੋ ਰਹੇ ਹਨ। ਦਿਹਾੜੀਦਾਰ ਕੋਲ ਸਵੱਛ ਪਾਣੀ ਲੈਣ ਲਈ ਘਰਾਂ 'ਚ ਆਰ.ਓ. ਤੱਕ ਲਵਾਉਣ ਦੀ ਸਮਰੱਥਾ ਨਹੀਂ। ਕੈਂਸਰ ਦੀ ਪਕੜ ਵਿੱਚ ਆ ਚੁੱਕੇ ਮਰੀਜ਼ ਪਰਿਵਾਰਾਂ ਕੋਲ ਦਵਾਈਆਂ ਲੈਣ ਲਈ ਕਰਜ਼ੇ ਚੁੱਕਣੇ ਪੈ ਰਹੇ ਨੇ।ਸਰਕਾਰੀ ਗ੍ਰਾਂਟਾਂ ਗਰੀਬਾਂ ਨੂੰ ਅੰਗੂਠਾ ਦਿਖਾ ਕੇ ਸੇਠਾਂ ਤੇ ਰਸੂਖਵਾਨ ਲੋਕਾਂ ਦੇ ਢਿੱਡ ਭਰ ਰਹੀਆਂ ਪ੍ਰਤੀਤ ਹੁੰਦੀਆਂ ਹਨ। ਕਿਸੇ ਨੂੰ ਮਰ ਰਹੇ ਲੋਕਾਂ ਨਾਲ ਕੋਈ ਦਰਦ ਤੇ ਹਮਦਰਦੀ ਨਹੀਂ। ਢਾਬੇ ਵਾਲੀ ਮੀਤੋ ਦਾ ਘਰਵਾਲਾ ਵੀ ਕੈਂਸਰ ਨਾਲ ਤੜਫਦਾ ਮਰ ਗਿਆ। ਬੱਚਿਆਂ ਨੂੰ ਪਾਲਣ ਲਈ ਮੀਤੋ ਤੇ ਉਸਦੀ ਸੱਸ ਨੇ ਨਿੱਕਾ ਜਿਹਾ ਚਾਹ-ਪਾਣੀ ਵਾਲਾ ਢਾਬਾ ਖੋਲਿਆ। ਇਸ ਬਾਬਤ ਜਰਨੈਲ ਕਹਿੰਦਾ ਹੈ ਕਿ, "ਏਧਰਲੇ ਪਿੰਡਾਂ ਦਾ ਸ਼ਾਇਦ ਹੀ ਕੋਈ ਘਰ ਬਚਿਆਂ ਹੋਵੇ ਜਿੱਥੇ ਕੈਂਸਰ ਨੇ ਝਪੱਟਾ ਮਾਰ ਕੇ ਉਨ੍ਹਾਂ ਦੇ ਕਿਸੇ ਨਾ ਕਿਸੇ ਜੀਅ ਨੂੰ ਨਾ ਨਿਗਲਿਆ ਹੋਵੇ। ਏਸ ਪਰਿਵਾਰ ਨੂੰ ਹੀ ਦੇਖ ਲਓ। ਏਸ ਘਰ ਦੇ ਬੰਦੇ ਦੇ ਚਲੇ ਜਾਣ ਤੇ ਪਿੱਛੇ ਰਹਿ ਗਈਆਂ ਔਰਤਾਂ ਨੂੰ ਆਪਣੇ ਪਰਿਵਾਰ ਦੇ ਰੋਟੀ-ਪਾਣੀ ਲਈ ਕੀ-ਕੀ ਪਾਪੜ ਵੇਲਣੇ ਪੈ ਰਹੇ ਨੇ।"11

ਨਾਵਲ ਦੇ ਅੰਤ ਵਿੱਚ ਅਨੇਕਾਂ ਪਾਤਰਾਂ ਦੀ ਤ੍ਰਾਸਦੀ ਨੂੰ ਮਹਿਸੂਸ ਕਰਦੇ ਹੋਏ ਮੁੱਖ ਪਾਤਰ ਅਮਨ ਨੂੰ ਉਸਦੀ ਰੂਹ ਲਾਹਨਤਾਂ ਪਾਉਂਦੀ ਹੈ ਕਿ ਉਸਨੇ ਮਹਿਜ਼ ਆਪਣੀ ਪ੍ਰੋਜੈਕਟ ਰਿਪੋਰਟ ਨੇਪਰੇ ਚੜ੍ਹਾਉਣ ਲਈ ਦੁੱਖੀਆਂ ਦੇ ਫੱਟ ਕੰਡੇ ਨਾਲ ਫਰੋਲ ਕੇ ਉਹਨਾਂ ਨੂੰ ਛੱਡ ਆਇਆ ਹੈ। ਬਹੁਤ ਹੀ ਮਾਯੂਸ ਹੋ ਚੁੱਕੇ ਅਮਨ ਨੂੰ ਇਹ ਲੱਗਦਾ ਹੈ ਕਿ ਉਹ ਬਹੁਤ ਸਵਾਰਥੀ ਤੇ ਬਦਨੀਤਾ ਮਨੁੱਖ ਬਣ ਗਿਆ ਹੈ। ਉਹ ਸੋਚਦਾ ਕਿ ਜੇਕਰ ਵਾਤਾਵਰਨ ਤੇ ਪੌਣ-ਪਾਣੀ ਇਸੇ ਰਫ਼ਤਾਰ ਨਾਲ ਵਿਗੜਦਾ ਗਿਆ ਤਾਂ ਪਿੰਡ ਤਾਂ ਕੀ ਸ਼ਹਿਰ ਵੀ ਨਹੀਂ ਬਚਣੇ......ਕੋਈ ਵੀ ਨਹੀਂ ਬਚਣਾ.....ਫਿਰ ਕੀ ਹੀਲਾ ਬਣੇਗਾ.....?

ਅਚਾਨਕ ਅਮਨ ਦੇ ਜ਼ਹਿਨ ਵਿੱਚ ਪਸਰੇ ਹਨ੍ਹੇਰੇ ਨੂੰ ਤੇਜ਼ ਰੋਸ਼ਨੀ ਨੇ ਚੀਰਾ ਦਿੱਤਾ, ਉਸਨੂੰ ਯਾਦ ਆਇਆ ਕਿ ਹਨ੍ਹੇਰਾ ਜਿੰਨਾ, ਮਰਜ਼ੀ ਡੂੰਘਾ ਹੋਵੇ, ਜੁਗਨੂੰ ਦੀ ਲੋਅ, ਹਨ੍ਹੇਰੇ ਦਾ ਵਜੂਦ ਖ਼ਤਮ ਕਰ ਦਿੰਦੀ ਹੈ। ਦੀਵੇ ਤੋਂ ਦੀਵੇ ਤੇ ਅਨੇਕਾਂ ਦੀਵੇ ਬਾਲ ਕੇ ਹਰ ਥਾਂ ਹਰ ਕੋਨਾ ਰੁਸ਼ਨਾਇਆ ਜਾ ਸਕਦਾ ਹੈ। ਕਨੇਡਾ ਮੁੜ ਗਏ ਸੁਖੀ ਅਤੇ ਉਸਦੇ ਦੋਸਤਾਂ ਵਲੋਂ ਪਹਿਲੀ ਵਾਰ 'ਭਾਈ ਕੀ ਬਖ਼ਤੌਰ' ਪਿੰਡ ਵਿੱਚ ਕੈਂਸਰ ਚੈੱਕਅਪ ਲਈ ਕੈਂਪ ਲਗਾਇਆ ਗਿਆ ਸੀ। ਐਨ.ਆਰ.ਆਈ. ਵਲੋਂ ਇੱਕ ਸੰਸਥਾ ਗਰੀਬ ਕੈਂਸਰ ਮਰੀਜ਼ਾਂ ਦੇ ਬਿਲਕੁਲ ਮੁਫਤ ਇਲਾਜ ਲਈ ਵੱਡਾ ਹਸਪਤਾਲ ਬਣਾਉਣਾ ਚਾਹੁੰਦੀ ਹੈ। ਇਹਨਾਂ ਪਗ-ਡੰਡੀਆਂ ਤੇ ਤੁਰ ਕੇ ਅਮਨ ਰਾਹੀਂ ਨਾਵਲਕਾਰ ਸਮੂਹ ਪਾਠਕਾਂ ਨੂੰ ਚੇਤਾਉਣਾ ਚਾਹੁੰਦਾ ਹੈ ਕਿ ਸਾਵਧਾਨ ਰਹੋ, ਚੇਤੰਨ ਰਹੋ, ਰਸਾਇਣਾਂ ਦੀ ਵਰਤੋਂ ਤੋਂ ਪਰਹੇਜ਼ ਕਰੋ ਤੇ ਸੁਰੱਖਿਤ ਸਾਧਨਾਂ ਦੀ ਯੋਗ ਵਰਤੋਂ ਕਰੋ। ਦੂਸ਼ਿਤ ਧਰਤੀ, ਪਾਣੀ ਤੇ ਹਵਾ ਕਿਸੇ ਇੱਕ ਖੇਤਰ ਨੂੰ ਨਹੀਂ ਸਗੋਂ ਪੂਰੇ ਪੰਜਾਬ ਨੂੰ ਕਲਾਵੇ ਵਿੱਚ ਲੈ ਸਕਦੇ ਹਨ। ਆਪਣਾ ਆਪ ਬਚਾਉਣਾ ਹੈ ਤਾਂ ਪੰਜਾਬ ਬਚਾਓ ਤੇ ਵਾਤਾਵਰਨ ਬਚਾਓ।" ਦੇ ਕਥਨ ਅਨੁਸਾਰ ਨਾਵਲਕਾਰ ਨੇ ਭਾਵਪੂਰਨ ਸ਼ੈਲੀ ਤੇ ਕਮਾਲ ਦੀ ਕਲਪਨਾ ਸਦਕਾ ਨਿਰਾਸ਼ਾ ਵਿਚੋਂ ਵੀ ਆਸ਼ਾ ਦੀ ਪ੍ਰਗਟਾਵਾ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ


1. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ17
2. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 21
3. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 22
4. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 22
5. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 98
6. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 98
7. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 98
8. ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 99
9. ਪਰਮਜੀਤ ਸਿੰਘ ਤੇ ਸੁਖਦੇਵ ਸਿੰਘ, ਵਾਤਾਵਰਣ ਸਮੱਸਿਆਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਪੰਨਾ 113
10. ਸੁਰਿੰਦਰ ਸਿੰਘ, ਵਾਤਾਵਰਣ ਸਮੱਸਿਆਵਾਂ, 2012, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 127
11.ਨਛੱਤਰ, 'ਕੈਂਸਰ ਟਰੇਨ' ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ 109



**ਖੋਜਾਰਥੀ : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ।**

ਪਰਵਾਸੀ ਪੰਜਾਬੀ ਉਪ ਸਭਿਆਚਾਰ ਹੁਣ ਮੂਲ ਪੰਜਾਬੀ ਸਭਿਆਚਾਰ ਦੀ ਇਕ ਅਹਿਮ ਇਕਾਈ ਵਜੋਂ ਸਥਾਪਿਤ ਹੋ ਚੁੱਕਾ ਹੈ। ਇਸ ਇਕਾਈ ਦਾ ਕੇਂਦਰੀ ਲੱਛਣ ਦਵੰਦ ਹੈ ਜਿਹੜਾ ਪੱਛਮੀ ਸੰਸਕ੍ਰਿਤੀ ਅਤੇ ਪੰਜਾਬੀ ਚੇਤਨਾ ਦੇ ਵਿਰੋਧਾਤਮਿਕ ਅੰਤਰ ਸੰਬੰਧਾਂ ਵਿਚੋਂ ਵਿਗਸਿਆ ਅਤੇ ਪ੍ਰਵਾਨ ਚੜ੍ਹਿਆ ਹੈ। ਡਾ. ਸ. ਪ. ਸਿੰਘ ਅਨੁਸਾਰ "ਪਰਵਾਸੀ ਪੰਜਾਬੀ ਸਾਹਿਤ ਦੀ ਵਰਤੋਂ ਬਦੇਸ਼ਾਂ ਵਿਚ ਰਚੇ ਜਾ ਰਹੇ ਉਸ ਸਾਹਿਤ ਨਾਲ ਕੀਤੀ ਜਾਂਦੀ ਹੈ ਜਿਸ ਵਿਚ ਸਿਧਾਂਤਕ ਪੱਧਰ ਤੇ ਪਰਵਾਸੀ ਚੇਤਨਾ ਦੇ ਅੰਸ਼ ਮੌਜੂਦ ਹੋਣ।"1 ਅਤੇ ਹੋਰ ਸਪੱਸ਼ਟ ਕਰਦਿਆਂ ਲਿਖਦੇ ਹਨ ਕਿ ਝੂਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਓ ਨੂੰ ਪਰਵਾਸੀ ਜੀਵਨ ਦੇ ਅੰਤਰਗਤ ਪੇਸ਼ ਕੀਤਾ ਗਿਆ ਹੋਵੇ।2 ਡਾ. ਜੋਗਿੰਦਰ ਸਿੰਘ ਪੁਆਰ ਲਿਖਦੇ ਹਨ ਕਿ "ਇਹਨਾਂ ਸਾਹਿਤਕ ਕਿਰਤਾਂ ਵਿਚਲੀ ਦੇਸ਼ ਵਾਪਸ ਪਰਤ ਆਉਣ ਦੀ ਤੜਪ, ਬੀਤੇ ਲਈ ਉਦਰੇਵੇਂ ਦੀ ਭਾਵਨਾ ਅਤੇ ਆਪਣੀ ਮਿੱਟੀ ਪ੍ਰਤੀ ਹੇਰਵੇ ਨੂੰ 'ਪਰਵਾਸੀ ਚੇਤਨਾ' ਦਾ ਨਾਂ ਵੀ ਦਿੱਤਾ ਗਿਆ ਹੈ।"3

ਪਰਵਾਸੀ ਪੰਜਾਬੀ ਸਾਹਿਤ ਦੀ ਵਰਤੋਂ ਬਦੇਸ਼ਾਂ ਵਿਚ ਰਚੇ ਜਾ ਰਹੇ ਉਸ ਸਾਹਿਤ ਨਾਲ ਕੀਤੀ ਜਾਂਦੀ ਹੈ ਜਿਸ ਵਿੱਚ ਸਿਧਾਂਤਕ ਪੱਧਰ ਤੇ ਪਰਵਾਸੀ ਚੇਤਨਾ ਦੇ ਅੰਸ਼ ਮੌਜੂਦ ਹੋਣ। ਝੂਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਓ, ਦੇਸ਼ ਵਾਪਸ ਪਰਤ ਆਉਣ ਦੀ ਤੜਪ, ਆਰਥਿਕ ਤੰਗੀ, ਪੀੜੀ-ਪਾੜਾ ਸਾਰਾ ਕੁਝ ਪਰਵਾਸੀ ਪੰਜਾਬੀ ਸਾਹਿਤ ਦਾ ਵਿਸ਼ਾ ਬਣਦੇ ਹਨ। ਪਰਵਾਸੀ ਪੰਜਾਬੀ ਕਹਾਣੀਆਂ ਵਿਚ ਨਸਲੀ ਵਿਤਕਰਾ ਇਕ ਅਜਿਹੀ ਸਮੱਸਿਆ ਹੈ ਜਿਹੜੀ ਲਗਭਗ ਹਰ ਪਰਵਾਸੀ ਨੂੰ ਕਿਸੇ ਨਾ ਕਿਸੇ ਸਮੇਂ ਜ਼ਰੂਰ ਮਹਿਸੂਸ ਹੁੰਦੀ ਹੈ। ਪਰਵਾਸੀ ਪੰਜਾਬੀ ਕਹਾਣੀਆਂ ਦੇ ਵਿਸ਼ੈ ਆਰਥਿਕ, ਸਮਾਜਿਕ, ਮਨੋਵਿਗਿਆਨਕ ਸਮੱਸਿਆਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ ਕਿਉਂ ਕਿ ਉਹਨਾਂ ਨੇ ਜ਼ਿੰਦਗੀ ਨੂੰ ਬੜੇ ਨੇੜਿਉਂ ਤੇ ਬੜੀ ਬਰੀਕੀ ਨਾਲ ਵੇਖਿਆ ਹੁੰਦਾ ਹੈ। ਇਸੇ ਲਈ ਪਰਵਾਸੀ ਕਹਾਣੀਆਂ ਦੇ ਪਾਤਰ ਆਰਥਿਕ ਸਮੱਸਿਆਵਾਂ ਨਾਲ ਜੂਝਦੇ, ਰਿਸ਼ਤਿਆਂ ਵਿਚ ਆਉਂਦੀ ਕਸ਼ੀਦਗੀ, ਇਸ ਤੋਂ ਉਪਜੀ ਉਪਰਾਮਤਾ ਹੰਢਾਉਂਦੇ ਹਨ। ਕੈਲਾਸ਼ਪੁਰੀ ਦੀ ਕਹਾਣੀ 'ਬਚਨੀ' ਇਸੇ ਵਿਸ਼ੈ ਤੇ ਆਧਾਰਿਤ ਹੈ। ਇਸ ਕਹਾਣੀ ਵਿਚ ਇਕ ਫ਼ੈਕਟਰੀ ਵਿਚ ਲੱਗੀਆਂ ਅੰਗਰੇਜ਼ ਔਰਤਾਂ ਤੇ ਹਿੰਦੁਸਤਾਨੀ ਔਰਤਾਂ ਇਕੱਠੀਆਂ ਕੰਮ ਕਰਦੀਆਂ ਹਨ ਪਰ ਤਾਂ ਵੀ ਅੰਗਰੇਜ਼ ਔਰਤਾਂ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਵਧੀਆ ਸਮਝਦੀਆਂ ਹਨ ਤੇ ਉਨ੍ਹਾਂ ਨੂੰ ਇਥੇ ਆ ਕੇ ਬੇਰੁਜ਼ਗਾਰੀ ਫੈਲਾਉਣ ਦਾ ਕਾਰਨ ਵੀ ਸਮਝਦੀਆਂ ਹਨ। ਅੰਗਰੇਜ਼ ਔਰਤਾਂ ਉਹਨਾਂ ਦੇ ਥੌੜਾਂ ਜਿੰਨਾ ਕੰਮ ਕਰਦੀਆਂ ਤੇ ਬੋਲਣ ਤੇ ਉਹਨਾਂ ਨੂੰ ਅੱਖਾਂ ਕੱਢਦੀਆਂ ਹਨ। 'ਬਲੱਡੀ ਬਿਚਿਜ਼' ਤੇ 'ਬਲੱਡੀ ਬਲੈਕੀਜ਼' ਕਹਿ ਕੇ ਸੰਬੋਧਨ ਕਰਦੀਆਂ ਹਨ। ਰਘਵੀਰ ਢੰਡ ਦੀ ਕਹਾਣੀ 'ਉਸਪਾਰ' ਬਰਤਾਨੀਆਂ ਵਿਚ ਨਸਲੀ ਵਿਤਕਰੇ ਦੀ ਯਥਾਰਥਕ ਤਸਵੀਰ ਪੇਸ਼ ਕਰਦਿਆਂ ਹੋਇਆ ਆ ਰਹੇ ਪਰਿਵਰਤਨ ਨੂੰ ਚਿਤਰਿਤ ਕੀਤਾ ਹੈ। ਇਹ ਕਹਾਣੀ ਅੰਗਰੇਜ਼ਾਂ ਤੇ ਪਹਿਲੀ ਅਤੇ ਦੂਜੀ ਪੀੜ੍ਹੀ ਨੂੰ ਏਸ਼ਿਆਈ ਅਤੇ ਅਫ਼ਰੀਕੀਆਂ ਪ੍ਰਤੀ ਨਫ਼ਰਤ ਦੀ ਭਾਵਨਾ ਦਾ ਪ੍ਰਗਟਾਵਾ ਕਰਦੀ ਹੈ ਜਦੋਂ ਕਿ ਤੀਜੀ ਪੀੜ੍ਹੀ ਦੀ ਅੰਗਰੇਜ਼ ਕੁੜੀ ਇਸ ਨਫ਼ਰਤ ਦੀ ਭਾਵਨਾ ਨੂੰ ਅਪ੍ਰਵਾਨ ਕਰਦੀ ਹੋਏ ਗੋਰੇ ਤੇ ਕਾਲੇ ਵਿਚ ਏਕਤਾ ਦੇ ਸੰਘਰਸ਼ ਦੀ ਗਾਥਾ ਛੇੜਦੀ ਹੈ। ਨਸਲੀ ਵਿਤਕਰਾ ਪਰਵਾਸੀ ਸਾਹਿਤ ਦਾ ਆਮ ਵਿਸ਼ਾ ਹੈ। ਪੰਜਾਬ ਰਹਿੰਦੇ ਲੋਕਾਂ ਲਈ ਇਸ ਵਿਤਕਰੇ ਨੂੰ ਸਮਝਣਾ ਮੁਸ਼ਕਿਲ ਹੈ। ਪੰਜਾਬੀ ਪਾਠਕਾਂ ਲਈ ਨਸਲੀ ਵਿਤਕਰਾ ਹੱਡੀ ਹੰਢਾਇਆ ਅਨੁਭਵ ਨਾ ਹੋਣ ਕਰਕੇ ਜ਼ਜ਼ਬੇ ਭਰੀ ਭਾਵਨਾ ਜਗਾਉਣ ਤੋਂ ਅਸਮੱਰਥ ਰਹਿੰਦਾ ਹੈ। ਨਸਲਵਾਦ ਅਸਲ ਵਿਚ ਆਪਣੀ ਨਸਲ ਨੂੰ ਹੋਰਾਂ ਨਾਲੋਂ ਸਰਵੋਤਮ ਸਮਝਣ ਦੀ ਭਾਵਨਾ ਮਾਤਰ ਨਹੀਂ ਹੈ ਸਗੋਂ ਇਸ ਵਿਚ ਦੂਜੀਆਂ ਨਸਲਾਂ ਪ੍ਰਤੀ ਤੀਬਰ ਨਫ਼ਰਤ ਭਾਵ ਅਤੇ ਦੂਜਿਆਂ ਨੂੰ ਮੂਰਖ, ਜਾਹਿਲ, ਬੇਅਕਲ ਸਮਝਣ, ਆਪਣੇ ਤੋਂ ਨੀਵਾ ਦੀ ਭਾਵਨਾ ਨਾਲ ਵੰਡਿਆ ਹੋਇਆ ਹੈ।

ਉਪਰਲੀਆਂ ਸਥਿਤੀਆਂ ਦਾ ਰਲਵਾਂ-ਮਿਲਵਾ ਅਹਿਸਾਸ ਹੀ ਉਥੋਂ ਦੇ ਪੰਜਾਬੀ ਸਾਹਿਤਕਾਰਾਂ ਦਾ ਧਿਆਨ ਮੁੜ-ਮੁੜ ਕੇ ਆਪਣੇ ਪਿੰਡ, ਆਪਣੀ ਧਰਤੀ ਵੱਲ ਮੌਜੂਦ ਹੈ। ਹੇਰਵਾ ਧਰਤੀ ਨਾਲ ਨਹੀਂ ਜੁੜਿਆ ਹੋਇਆ ਇਸ ਵਿਚ ਕੌਮ, ਨਸਲ, ਸਭਿਆਚਾਰ ਆਦਿ ਵੀ ਸ਼ਾਮਿਲ ਹੈ। ਜਦੋਂ ਇਸ ਵਿਅਕਤੀ ਆਪਣੀ ਪਿੱਤਰੀ ਭੂਮੀ ਤੋਂ ਦੂਰ ਹੁੰਦਾ ਹੈ ਤਾਂ ਉਸ ਦੇ ਮਨ ਅੰਦਰ ਜੋ ਉਦਰੇਵਾਂ ਪੈਦਾ ਹੁੰਦਾ ਹੈ ਤੇ ਇਹ ਸਮੱਸਿਆ ਪਹਿਲੀ ਪੀੜ੍ਹੀ ਨਾਲ ਜੁੜੀ ਹੋਈ ਹੈ ਜੋ ਕਿ ਭੂਗੋਲਿਕ, ਸਮਾਜਿਕ, ਰਾਜਨੀਤਿਕ ਤੇ ਆਰਥਿਕ ਦੇ ਲਿਪਤ ਉਸ ਨੂੰ ਹੰਢਾਉਂਦਿਆਂ ਨਾ ਤਾਂ ਉਸ ਨੂੰ ਛੱਡ ਸਕਣ ਦੀ ਸੱਤਾ ਰੱਖਦੇ ਹਨ ਤੇ ਨਾ ਹੀ ਅਨੁਭੂਤੀ ਦੀ ਪੱਧਰ ਤੇ ਆਪਣੀ ਧਰਤੀ ਦੇ ਮੋਹ ਤੋਂ ਬੇਲਾਹਾ ਹੋ ਸਭ ਕੁਝ ਭੁਲਾ ਕੇ ਨਵਾ ਦੇਸ਼, ਨਵੀਂ ਧਰਤੀ ਦੇ ਨਵੇਂ ਲੋਕਾਂ ਨੂੰ ਆਪਣਾ ਕਰਕੇ ਜਾਣਦੇ ਹਨ।

ਪ੍ਰੀਤਮ ਸਿੱਧੂ ਦੀ ਕਹਾਣੀ 'ਦੁੱਖ ਪ੍ਰਦੇਸਾਂ ਦੇ' ਇਸੇ ਵਿਸ਼ੇ ਨਾਲ ਸੰਬੰਧਤ ਕਹਾਣੀ ਹੈ। ਆਪਣੇ ਦੇਸ਼ ਵਾਪਿਸ ਪਰਤਣ ਖਾਤਿਰ ਭਾਨ ਸਿੰਘ ਜੋ ਕਿ ਹੁਣ ਬਜ਼ੁਰਗ ਹੋ ਚੁੱਕਿਆ ਹੈ ਆਪਣੇ ਅੰਤਲੇ ਸਮੇਂ ਵਿਚ ਉਹ ਚੋਰੀ ਕਰਦਾ ਫੜਿਆ ਜਾਂਦਾ ਹੈ। ਹੁਣ ਉਸ ਦਾ ਮਨ ਨਾ ਤਾਂ ਵਲਾਇਤ ਵਿਚ ਲੱਗਦਾ

ਹੈ ਤੇ ਨਾ ਕੰਮ ਵਿਚ। ਹੁਣ ਸਰੀਰ ਵਿਚ ਇੰਨੀ ਤਾਕਤ ਨਹੀਂ ਕਿ ਓਵਰ ਟਾਇਮ ਲਗਾ ਕੇ ਜ਼ਿਆਦਾ ਪੈਸਾ ਕਮਾ ਸਕੇ। ਫਿਰ ਵੀ ਉਹ ਆਪਣੇ ਦੇਸ਼ ਪਰਤਣ ਲਈ ਆਪਣੀ ਪਤਨੀ ਨੂੰ ਮਿਲਣ ਖ਼ਾਤਿਰ ਇਸ ਬਜ਼ੁਰਗੀ ਹਾਲਤ ਵਿਚ ਵੀ ਹੋਟਲਾਂ ਵਿਚ ਭਾਂਡੇ ਧੋਂਦਾ ਫਿਰਦਾ ਹੈ। 'ਗਰੀਨ ਕਾਰਡ' ਦਾ ਨਾਇਕ ਵੀ ਇਸੇ ਉਦਰੇਵੇਂ ਦਾ ਸ਼ਿਕਾਰ ਲੱਗਦਾ ਹੈ। ਉਹ ਅੱਠ ਸਾਲਾਂ ਤੋਂ ਇਥੇ ਵਿਦੇਸ਼ ਵਿਚ ਹੈ ਤੇ ਕੋਈ ਭਾਰਤੀ ਮਿਲ ਜਾਣ ਤੇ ਉਹ ਬਹੁਤ ਖੁਸ਼ ਹੁੰਦਾ ਹੈ ਤੇ ਉਸ ਦੇ ਹੱਥ ਆਪਣੇ ਮਾਪਿਆਂ ਨੂੰ ਸੁੱਖ-ਸਾਂਦ ਦਾ ਸੁਨੇਹਾ ਭੇਜ ਕੇ ਤਸੱਲੀ ਕਰ ਲੈਂਦਾ ਹੈ। ਪਰਵਾਸੀਆਂ ਦਾ ਮਾਨਸਿਕ ਵਿਸ਼ਾਦ, ਦੁੱਖ, ਸੰਤਾਪ ਤੇ ਓਪਰੇ ਤੇ ਬੇਗਾਨੀ ਧਰਤੀ ਦੇ ਉਹਨਾਂ ਦਾ ਉਦਰੇਵਾਂ ਤੇ ਹੇਰਵੇ ਦਾ ਪ੍ਰਗਟਾਵਾ ਇਨ੍ਹਾਂ ਕਹਾਣੀਆਂ ਵਿਚ ਵੇਖਣ ਨੂੰ ਮਿਲਦਾ ਹੈ।

ਛੇਵੇਂ ਦਹਾਕੇ ਵਿਚ ਪੰਜਾਬੀ ਇੰਗਲੈਂਡ ਦੀ ਧਰਤੀ ਤੇ ਗਏ ਉਹ ਆਪਣੇ ਨਾਲ ਪੰਜਾਬੀ ਜਾਗੀਰੀ ਕਦਰਾਂ-ਕੀਮਤਾਂ ਨੂੰ ਵੀ ਲੈ ਕੇ ਆਏ। ਇੰਗਲੈਂਡ ਦੀ ਸਭਿਆਚਾਰਕ ਜ਼ਿੰਦਗੀ ਅਤੇ ਪੰਜਾਬੀ ਸਭਿਆਚਾਰਕ ਦੀਆਂ ਕਦਰਾਂ-ਕੀਮਤਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਸੀ। ਇਥੇ ਗਏ ਪੰਜਾਬੀ ਵਾਸਤੇ ਆਪਣੇ ਆਪ ਨੂੰ ਇਸ ਸਭਿਆਚਾਰਕ ਅਨੁਸਾਰ ਭੁਲਣਾ ਔਖਾ ਸੀ ਪਰ ਓਥੇ ਜਨਮੀ ਨਵੀਂ ਪੀੜ੍ਹੀ ਉਥੋਂ ਦੇ ਸਭਿਆਚਾਰ ਵਿਚ ਜੰਮੀ ਪਲੀ ਤੇ ਉਥੋਂ ਦੀ ਭਾਸ਼ਾ ਤੇ ਸਾਹਿਤ ਨੂੰ ਪੜ੍ਹਦੀ ਹੈ ਤੇ ਭਾਰਤੀ ਸਭਿਆਚਾਰ ਤੋਂ ਸੱਖਣੀ ਹੈ ਜਿਸ ਕਾਰਨ ਔਲਾਦ ਦੀਆਂ ਕਦਰਾਂ - ਕੀਮਤਾਂ ਤੇ ਉਹਨਾਂ ਦੇ ਮਾਪਿਆਂ ਦੀਆਂ ਕਦਰਾਂ - ਕੀਮਤਾਂ ਵਿਚਕਾਰ ਪਾੜਾ ਵੱਧਣ ਲੱਗਾ। ਸਾਡੀ ਪੀੜ੍ਹੀ ਦੇ ਪੰਜਾਬੀ ਹਾਲੇ ਵੀ ਭਾਰਤ ਦੀਆਂ ਜਾਤਾਂ - ਪਾਤਾਂ ਦੇ ਸ਼ਿਕਾਰ ਹਨ ਪਰ ਉਹਨਾਂ ਦੀ ਔਲਾਦ ਇਸ ਗੱਲ ਨੂੰ ਫ਼ਜ਼ੂਲ ਸਮਝਦੀ ਹੈ। ਇੰਝ ਔਲਾਦ ਅਤੇ ਮਾਪਿਆ ਵਿਚਕਾਰ ਪੈਸਾ, ਪਿਆਰ, ਰਿਸ਼ਤੇ ਅਤੇ ਹੋਰ ਅਨੇਕਾਂ ਗੱਲਾਂ ਵਿਚ ਅਸਮਾਨ ਪੈਣਾ ਸ਼ੁਰੂ ਹੋ ਗਿਆ।

ਹਰਚੰਦ ਸਿੰਘ ਬੇਦੀ ਲਿਖਦੇ ਹਨ "ਨਸਲੀ ਵਿਤਕਰਾ ਬਰਤਾਨਵੀਂ ਪੰਜਾਬੀ ਵਸੋਂ (ਲੇਖਕ ਤੇ ਪਾਠਕ ਦੋਵੇਂ) ਦੀ ਚੇਤਨਾ ਦਾ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ। ਗੋਰੇ ਦਾ ਕਾਲੇ ਪ੍ਰਤਿ ਵਿਤਕਰਾ ਜਾਂ ਨਸਲੀ ਭੇਦ-ਭਾਵ ਉਸੇ ਜਗੀਰੂ ਪੰਜਾਬੀ ਚੇਤਨਾ ਦਾ ਸਥਾਨਕ ਪੂੰਜੀਵਾਦੀ ਰੂਪ ਹੈ ਜਿਹੜਾ ਪੰਜਾਬ ਦੀਆਂ ਹਰੀਜਨ ਜਾਤੀਆਂ ਨੂੰ ਦਰਪੇਸ਼ ਹੈ।"4 ਸਵਰਨ ਚੰਦਨ ਦੀ 'ਫ੍ਰੀ ਸੁਸਾਇਟੀ' ਇਸ ਪੀੜ੍ਹੀ - ਪਾੜੇ ਵੱਲ ਸੰਕੇਤ ਕਰਦੀ ਹੈ ਤੇ ਨਾਲ ਹੀ ਭਾਰਤੀ ਸਮਾਜ ਤੇ ਸਭਿਆਚਾਰ ਤੇ ਇੰਗਲੈਂਡ ਦੇ ਸਭਿਆਚਾਰ ਦੇ ਆਪਸੀ ਵਖਰੇਵੇਂ ਬਾਰੇ ਵੀ ਗੱਲ ਕਰਦੀ ਹੈ। ਮਿਸਟਰ ਤੇ ਮਿਸਿਜ਼ ਢਿੱਲੋਂ ਨੇ ਭਾਵੇਂ ਆਪ ਲਵ ਮੈਰਿਜ ਕਰਾਈ ਸੀ ਪਰ ਉਹ ਆਪਣੀ ਕੁੜੀ ਸੀਮਾ ਦੇ ਬੁਆਏ ਫਰੈਂਡ ਦਾ ਹੋਣਾ ਇਸ ਗੱਲ ਨੂੰ ਕਦਾਚਿਤ ਪ੍ਰਵਾਨ ਨਹੀਂ ਕਰਦੇ ਤੇ ਭਾਰਤੀ ਕਦਰਾ - ਕੀਮਤਾਂ ਤੇ ਉਥੋਂ ਦੀਆਂ ਕੁੜੀਆਂ ਦੀਆਂ ਮਰਿਆਦਾਵਾਂ ਬਾਰੇ ਉਸ ਨੂੰ ਦੱਸਦੇ ਹਨ। ਸ਼ਿਵਚਰਨ ਗਿੱਲ ਦੀ 'ਬੇਦਖ਼ਲ' ਕਹਾਣੀ ਵਿਚ ਵੀ ਇਹੀ ਸਮੱਸਿਆ ਉਭਰਦੀ ਹੈ ਕਿ ਦਾਦਾ ਆਪਣੇ ਪੋਤੇ-ਪੋਤੀ ਨੂੰ ਡੈਵਿਡ ਤੋਂ ਦੇਵਿੰਦਰ ਅਤੇ ਕੋਲਿਟ ਤੋਂ ਕੁਲਵਿੰਦਰ ਬਣਾਉਣਾ ਚਾਹੁੰਦਾ ਹੈ ਪਰ ਇਹਨਾਂ ਬੱਚਿਆ ਨੂੰ ਆਪਣੇ ਦਾਦੇ ਦੀਆਂ ਇਹ ਗੱਲਾਂ ਕਦਾਚਿਤ ਪਸੰਦ ਨਹੀਂ ਤੇ ਉਸ ਨੂੰ ਓਲਡ ਈਡੀਅਟ ਕਹਿ ਕੇ ਚੁੱਪ ਕਰਾ ਦਿੰਦੇ ਹਨ ਤੇ ਉਸ ਦੀ ਕਿਸੇ ਗੱਲ ਦੀ ਪ੍ਰਵਾਹ ਨਹੀਂ ਕਰਦੇ ਇਥੋਂ ਤੱਕ ਕਿ ਉਹ ਆਪਣੇ ਪਿਤਾ ਨੂੰ ਵੀ ਕੁਝ ਨਹੀਂ ਸਮਝਦੇ। ਇਸ ਕਹਾਣੀ ਵਿਚ ਜਿੱਥੇ ਪੀੜ੍ਹੀ-ਪਾੜੇ ਦੀ ਸਮੱਸਿਆ ਨਜ਼ਰ ਆਉਂਦੀ ਹੈ ਉਥੇ ਦੋ ਸਮਾਜਾਂ ਦੇ ਅਲੱਗ-ਅਲੱਗ ਸਭਿਆਚਾਰਾਂ ਦੇ ਟਕਰਾਓ ਤੋਂ ਤਨਾਓ ਪੈਦਾ ਹੁੰਦਾ ਹੈ। ਰਵਿੰਦਰ ਰਵੀ ਦੀ 'ਸ਼ਾਦੀ ਵੱਲ ਜਾਂਦੀ ਸੜਕ' ਪਰਵਾਸੀ ਪੰਜਾਬੀ ਪਰਿਵਾਰਾਂ ਦੀ ਪਰਾਈ ਧਰਤੀ ਤੇ ਹੋ ਰਹੀ ਸਮਾਜਿਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਪੇਸ਼ ਕਰਦੀ ਤੇ ਪੱਛਮੀ ਪ੍ਰਭਾਵ ਅਧੀਨ ਪ੍ਰਾਪਤ ਨਵੀਂ ਚੇਤਨਾ ਨੂੰ ਪੁਰਾਣੀ ਪੀੜ੍ਹੀ ਦੀ ਪਰੰਪਰਾ ਦੇ ਸੰਦਰਭ ਵਿਚ ਪੇਸ਼ ਕਰਦੀ ਹੈ।

ਬਰਤਾਨੀਆਂ, ਯੂਰਪੀ ਦੇਸ਼, ਅਮਰੀਕਾ, ਕੈਨੇਡਾ, ਆਸਟਰੇਲੀਆ, ਅਫ਼ਰੀਕਾ, ਮੱਧ ਏਸ਼ੀਆ ਅਤੇ ਪੂਰਬੀ ਏਸ਼ੀਆਂ ਵਿਚ ਗਏ ਪੰਜਾਬੀਆਂ ਦਾ ਸਮੁੱਚਾ ਅਨੁਭਵ ਇਕ ਸਾਰ ਨਹੀਂ ਹੈ। ਇਨ੍ਹਾਂ ਵਿਕਸਿਤ ਦੇਸ਼ਾਂ ਨੇ ਗ਼ਰੀਬ ਮੁਲਕਾਂ ਦੇ ਬੰਦੇ ਮੰਗਵਾਏ ਕਿਉਂਕਿ ਉਹ ਸਾਰੇ ਓਧਰ ਜਾ ਕੇ ਸਸਤੇ ਮੁੱਲ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ। ਉਨ੍ਹਾਂ ਤੋਂ ਉਹ ਕੰਮ ਕਰਵਾਉਂਦੇ ਜਿਹੜੇ ਕਿ ਬਹੁਤ ਮੁਸ਼ੱਕਤ ਭਰੇ ਹੁੰਦੇ ਹਨ ਤੇ ਉਹਨਾਂ ਬਦਲੇ ਉਹਨਾਂ ਨੂੰ ਆਪਣੀ ਮਿਹਨਤ ਦੇ ਵੀ ਪੂਰੇ ਪੈਸੇ ਨਹੀਂ ਮਿਲਦੇ। ਭਾਰਤੀਆਂ ਵਿਚ ਇਹ ਸ਼ੋਸ਼ਣ ਜਾਗੀਰਦਾਰੀ ਸਮਾਜ ਵੱਲੋਂ ਕਿਰਤੀ ਕਿਸਾਨਾਂ ਦਾ ਪੂੰਜੀਵਾਦੀ ਸਮਾਜ ਵਿਚ ਮਾਲਕ ਦਾ ਮਜ਼ਦੂਰ ਵੱਲੋਂ ਹਰ ਪ੍ਰਕਾਰ ਨਾਲ ਸ਼ੋਸ਼ਣ ਕਰਨ ਦੀ ਕੋਸ਼ਿਸ਼ ਹੁੰਦੀ ਹੈ ਇਹੋ ਜਿਹੀ ਪਰਵਾਸੀ ਪੰਜਾਬੀ ਕਹਾਣੀ 'ਖੱਟੀ ਲੱਸੀ ਦਾ ਗਲਾਸ' ਹੈ ਜੋ ਕਿ ਦੇਸ਼ ਵਿਦੇਸ਼ ਵਿਚ ਸ਼ੋਸ਼ਣ ਦੇ ਵਤੀਰੇ ਨੂੰ ਗਲੋਬਲ ਪੱਧਰ ਤੇ ਯਥਾਰਥਕ ਢੰਗ ਰਾਹੀਂ ਪ੍ਰਸਤੁਤ ਕਰਨ ਦੀ ਚੇਸ਼ਟਾ ਕਰਦੀ ਹੈ। ਪੰਜਾਬ ਵਿਚ ਕਿਸਾਨਾਂ ਨੂੰ ਸ਼ਾਹੂਕਾਰ ਆਪਣੀਆਂ ਮਿੱਠੀਆਂ ਗੱਲਾਂ ਦੇ ਭੁਲਾਵਿਆਂ ਵਿਚ ਪਾ ਕੇ ਉਸ ਨੂੰ ਲੁੱਟਦਾ ਹੈ ਤੇ ਰਿਸ਼ਵਤ ਵਜੋਂ ਉਸ ਨੂੰ ਗਰਮੀ ਵਿਚ ਆਏ ਨੂੰ ਖੱਟੀ ਲੱਸੀ ਦਾ ਗਿਲਾਸ ਦਿੰਦਾ ਹੈ ਤਾਂ ਕਿ ਉਹ ਆਪਣਾ ਮੂੰਹ ਬੰਦ ਰੱਖੇ। ਜਦੋਂ ਕਿ ਪੂੰਜੀਵਾਦੀ ਸਮਾਜ ਵਿਚ ਸਰਮਾਏਦਾਰੀ ਰੁਚੀ ਅਧੀਨ ਸਧਾਰਨ ਕਾਮੇ ਦਾ ਸ਼ੋਸ਼ਣ ਕਰਦਾ ਹੈ 'ਤੇ ਸਿਵਾ ਬਲਦਾ ਰਿਹਾ' ਤਾਰਾ ਸਿੰਘ ਹੇਅਰੇ ਦੇ

ਪ੍ਰਸਿੱਧ ਕਹਾਣੀ ਸੰਗ੍ਰਹਿ ਜਿਸ ਵਿਚ ਜਾਗੀਰਦਾਰੀ ਸ਼ਾਸ਼ਤਰ ਦੀ ਬਿਖਰ ਰਹੀ ਸੰਰਚਨਾ ਅਤੇ ਅਕਹਿ ਵਾਲੀ ਸਥਿਤੀ ਨੂੰ ਮੁਜ਼ਾਰਿਆਂ ਦੇ ਰੋਹ ਭਰੇ ਸੰਘਰਸ਼ ਦੇ ਸਨਮੁੱਖ ਪੇਸ਼ ਕਰਦੇ ਹੋਏ ਜਾਗੀਰਦਾਰੀ ਪ੍ਰਬੰਧ ਦੇ ਖੋਖਲੇਪਣ ਅਤੇ ਖੁਰ ਰਹੇ ਪ੍ਰਭਾਵ ਨੂੰ ਪੇਸ਼ ਕੀਤਾ ਹੈ।

ਪਰਵਾਸੀਆਂ ਨੂੰ ਇਹ ਭਲੀ-ਭਾਂਤੀ ਗਿਆਨ ਹੈ ਕਿ ਹੁਣ ਉਹਨਾਂ ਨੇ ਆਪਣੀ ਜ਼ਿੰਦਗੀ ਦੇਸ਼ ਤੋਂ ਬਾਹਰ ਹੀ ਗੁਜ਼ਾਰਨੀ ਹੈ ਪਰ ਉਹ ਅਜੇ ਤੱਕ ਵੀ ਆਪਣੇ ਆਪ ਨੂੰ ਉਸ ਵਿਦੇਸ਼ੀ ਧਰਤੀ ਅਨੁਸਾਰ ਤੇ ਪਰਾਏ ਸਭਿਆਚਾਰ ਵਿਚ ਆਪਣੇ ਆਪ ਨੂੰ ਢਾਲ ਨਹੀਂ ਸਕੇ। ਓਪਰੀ ਧਰਤੀ ਉਤੇ ਰਹਿ ਕੇ ਉਹ ਨਿਰੰਤਰ ਬੇਗਾਨਗੀ ਦਾ ਅਹਿਸਾਸ ਸ਼ਿੱਦਤ ਨਾਲ ਹੰਢਾਉਂਦੇ ਹਨ। ਉਨ੍ਹਾਂ ਦੇ ਅੰਦਰ ਇਹ ਗੱਲ ਪਈ ਹੈ ਕਿ ਅਸੀਂ ਇਕ ਦਿਨ ਆਪਣੇ ਦੇਸ਼ ਜ਼ਰੂਰ ਮੁੜਾਂਗੇ ਤੇ ਇਸੀ ਕਾਰਨ ਉਹ ਆਪਣੇ ਪਿੰਡ ਪੈਸੇ ਭੇਜ ਕੇ ਹੋਰ ਜ਼ਮੀਨ ਲਈ ਜਾਂਦੇ ਹਨ ਭਾਵੇਂ ਵਲਾਇਤ 'ਚ ਮਿਹਨਤ ਜ਼ਿਆਦਾ ਹੈ ਪਰ ਭਾਰਤ ਨਾਲੋਂ ਇੱਧਰ ਸੁੱਖ ਸਹੂਲਤਾਂ ਵੀ ਜ਼ਿਆਦਾ ਹਨ ਇਸੇ ਲਈ 'ਬਚਨੀ' ਕਹਾਣੀ ਵਿਚ ਬਚਨੀ ਵਰਗੀਆ ਹੋਰ ਨਾਇਕਾਵਾਂ ਫ਼ੈਕਟਰੀ ਵਿਚ ਅੰਗਰੇਜ਼ ਔਰਤਾਂ ਦੀਆਂ ਗੱਲਾਂ ਆਪਣੇ ਵਿਰੁੱਧ ਸੁਣਦੀ ਹੈ। ਫੋਰਮੈਨਾਂ ਦੀ ਹਵਸੀ ਨਜ਼ਰ ਦੇ ਤਿੱਖੇ ਵਾਰ ਵੀ ਜਰਦੀਆਂ ਹਨ ਤੇ ਘਰ ਕੇ ਸਾਮੰਤੀ ਚੇਤਨਾ ਵਾਲੇ ਪਤੀ ਦੀਆਂ ਘੂਰਾਂ ਵੀ ਸਹਿੰਦੀਆਂ ਹਨ। ਬੱਚਿਆਂ ਦੇ ਦੇਖਭਾਲ ਵੀ ਕਰਦੀਆਂ ਹਨ ਅਤੇ ਆਪਣੀ ਸੁਤੰਤਰਤਾ ਲਈ ਸੰਘਰਸ਼ ਵੀ ਕਰਦੀਆਂ ਹਨ ਪਰ ਇਸ ਦੇ ਬਾਵਜੂਦ ਕਿਸੇ ਸੁਨਹਿਰੀ ਭਵਿੱਖ ਦੇ ਸੁਪਨੇ ਬੁਣਦੀਆਂ ਹਨ। ਪਰਵਾਸੀ ਜੀਵਨ ਅਤੇ ਪੰਜਾਬੀ ਸਾਹਿਤ ਨੂੰ ਸਮਝਣ ਅਤੇ ਸਮਝਾਉਣ ਲਈ ਪਰਵਾਸੀ ਚੇਤਨਾ ਨਾਲ ਸੰਬੰਧਤ ਵਿਸ਼ੇਸ਼ ਸਾਂਝ ਪਾਉਣੀ ਜ਼ਰੂਰੀ ਜਾਪਦੀ ਹੈ। ਭੂ-ਹੇਰਵਾ, ਉਦਰੇਵਾਂ, ਬੇਗਾਨਗੀ, ਨਸਲੀ ਵਿਤਕਰਾ, ਰੰਗਭੇਦ, ਪੀੜ੍ਹੀ - ਪਾੜਾ, ਸਭਿਆਚਾਰਕ ਤਣਾਓ ਹਰ ਪਰਵਾਸੀ ਪੰਜਾਬੀ ਕਹਾਣੀ ਆਪਣੇ - ਆਪਣੇ ਪਰਿਵੇਸ਼ ਅੰਤਰਗਤ ਵੱਖਰੀ ਪਹਿਚਾਣ ਬਣਾਉਣ ਦੇ ਸਮਰੱਥ ਸਿੱਧ ਹੋ ਸਕਦੀ ਹੈ।

**ਹਵਾਲੇ ਤੇ ਟਿੱਪਣੀਆਂ**


**1. ਸ. ਪ. ਸਿੰਘ, "ਬਦੇਸ਼ੀ ਪੰਜਾਬੀ ਸਾਹਿਤ : ਦਸ਼ਾ ਦਿਸ਼ਾ, ਤੇ ਸੰਭਾਵਨਾ" ਪੰਜਾਬੀ ਭਾਸ਼ਾ ਸਾਹਿਤ ਸਭਿਆਚਾਰ ਕਲਾ ਅਤੇ ਪੰਜਾਬੀ ਅਧਿਆਪਨ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ - 3012. ਓਹੀ।**

**3. ਜੋਗਿੰਦਰ ਸਿੰਘ ਪੁਆਰ "ਬਦੇਸ਼ੀ ਪੰਜਾਬੀ ਸਾਹਿਤ ਵਿਚ ਪਰਵਾਸੀ ਚੇਤਨਾ" ਪਰਵਾਸ, ਪੁਸਤਕ ਲੜੀ : ਇਕ, ਅੰਮ੍ਰਿਤਸਰ, ਅਕਤੂਬਰ, 1990, ਪੰਨਾ 16**

**4. ਹਰਚੰਦ ਸਿੰਘ ਬੇਦੀ, ਸਾ[illegible] ਸਭਿਆਚਾਰ, [illegible]ਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 19[illegible], ਪੰਨਾ 50**



ਅਸਿਸਟੈਂਟ ਪ੍ਰੋਫੈਸਰ (ਪੰਜਾਬੀ)
ਐਸ.ਐਮ.ਐਸ. ਕਾਲਜ, ਰਾਜਪੁਰਾ


## ਆਪਣੇ / ਅੰਸ਼ੂ ਆਂਚਲ ਸਿੰਘ

ਜੋ ਮੇਰੇ ਆਪਣੇ ਨੇ
ਉਹ ਮੇਰੇ ਵਿਚ ਜਿਉਣਾ ਚਾਹੁੰਦੇ ਹਨ
ਉਹ ਚਾਹੁੰਦੇ ਨੇ ਮੈਂ ਸਥਿਰ ਹੋ ਜਾਵਾਂ
ਦਰਖਤ ਦੇ ਵਾਂਗ ਸੱਤਾਂ ਰੁੱਤਾਂ ਨੂੰ ਸਹਿ ਕੇ
ਆਪਣਿਆਂ ਨੂੰ ਦਿੰਦੀ ਰਹਾਂ ਫੁੱਲ ਫਲ ਤੇ ਛਾਂ

ਜੋ ਮੇਰੇ ਆਪਣੇ ਨੇ ਉਹ ਚਾਹੁੰਦੇ ਨੇ
ਮੈਂ ਠਹਿਰ ਜਾਵਾਂ ਝੀਲ ਦੇ ਵਾਂਗ
ਕਿਨਾਰਿਆਂ ਦੇ ਨਾਲ ਬੰਨ੍ਹੀ ਰਹਾਂ
ਉਮਰ ਭਰ ਮਿਠਾਸ ਬਣ ਕੇ
ਠਹਿਰ ਜਾਵਾਂ ਉਨ੍ਹਾਂ ਵਿਚ ਉਮਰ ਭਰ ਲਈ
ਸਿੰਜਦੀ ਰਹਾਂ ਅਤ੍ਰਿਪਤ ਦਿਲ ਤੇ ਮਨ ਨੂੰ

ਜੋ ਮੇਰੇ ਆਪਣੇ ਨੇ
ਉਹ ਮੇਰੇ ਆਪੇ ਨੂੰ ਘੜਨਾ ਚਾਹ ਰਹੇ ਨੇ
ਆਪਣੇ ਹੀ ਮਨਮਰਜੀ ਮੁਤਾਬਿਕ
ਸਜਾਉਣਾ ਚਾਹ ਰਹੇ ਨੇ
ਆਪਣੀ ਆਪਣੀ ਦੇਹ ਤੇ ਕਿਸੇ ਗਹਿਣੇ ਦੇ ਵਾਂਗ

ਜੋ ਮੇਰੇ ਆਪਣੇ ਨੇ
ਉਹ ਚਾਹੁੰਦੇ ਨੇ ਚੁੱਕਦੀ ਰਹਾਂ ਮੈਂ
ਪੁਲ ਬਣਕੇ ਮੈਂ ਆਪਣਿਆਂ ਦਾ ਭਾਰ
ਬਿਨਾ ਵਿਦ੍ਰੋਹ ਕੀਤੇ ਜਦੋਂ ਤੱਕ ਕਿ
ਜਰਜਰ ਨਾ ਹੋ ਜਾਵਾਂ ਆਪਣਿਆਂ ਦੇ ਭਾਰ ਦੇ ਨਾਲ

ਜੋ ਮੇਰੇ ਆਪਣੇ ਨੇ ਉਹ ਚਾਹੁੰਦੇ ਨੇ
ਮੈਂ ਕਰਜ਼ਦਾਰ ਰਹਾਂ ਉਨ੍ਹਾਂ ਦੀਆਂ ਨਜ਼ਰਾਂ ਦਾ
ਕਿਸੇ ਨਵਯੌਵਨਾ ਵਾਂਗ ਸ਼ਿੰਗਾਰ ਕਰਨ
ਅਠਖੇਲੀਆਂ ਕਰਦੀ ਰਹਾਂ
ਲਹਿਰਾਂ ਦੇ ਵਾਂਗ ਆਪਣਿਆਂ ਦੇ ਆਲੇ ਦੁਆਲੇ
ਜੀਵਨ ਭਰ..।



**ਅਨੁਵਾਦ : ਅ.ਕ.**

# ਬਾਗੜੀ ਜਾਤੀ ਦੀਆਂ ਜਨਮ ਨਾਲ ਸੰਬੰਧਿਤ ਰਸਮਾਂ-ਰੀਤਾਂ:ਸਮਾਜ ਸਭਿਆਚਾਰਕ ਅਧਿਐਨ

ਡਾ. ਕਿਰਨਪ੍ਰੀਤ ਕੌਰ

ਦੁਨੀਆਂ ਦੇ ਵਿਭਿੰਨ ਭੂ-ਖੰਡਾਂ ਦੇ ਵਾਤਾਵਰਨ ਵਿਚ ਇਕਸਾਰਤਾ ਨਹੀਂ ਹੈ। ਕਿਸੇ ਖਿੱਤੇ ਦੀ ਹੁੰਦੀ ਪੈਦਾਵਾਰ ਉਥੋਂ ਦੇ ਵਾਤਾਵਰਨ ਅਤੇ ਉਥੋਂ ਦੀ ਜਮੀਨ ਦੀ ਪਕ੍ਰਿਤੀ 'ਤੇ ਨਿਰਭਰ ਕਰਦੀ ਹੈ। ਉਥੋਂ ਦਾ ਜੀਵਨ ਵਿਹਾਰ ਪੈਦਾਵਾਰ ਦੇ ਅਨੁਸਾਰੀ ਹੁੰਦਾ ਹੈ। ਭੂਗੋਲਿਕ ਸਥਿਤੀ ਦੇ ਆਧਾਰ 'ਤੇ ਪੰਜਾਬ ਦੇ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿਚ ਵੰਡਿਆ ਜਾਂਦਾ ਹੈ। ਮਾਲਵਾ ਪੰਜਾਬ ਦੇ ਸਤਲੁਜ ਦਰਿਆ ਦੇ ਦੱਖਣ ਵੱਲ ਦਾ ਵਿਸ਼ਾਲ ਇਲਾਕਾ ਹੈ। ਇਸ ਦੀਆਂ ਹੱਦਾਂ ਰਾਜਸਥਾਨ, ਹਰਿਅਣਾ ਆਦਿ ਸੂਬਿਆਂ ਨਾਲ ਲੱਗਦੀਆਂ ਹਨ। ਇਹਨਾਂ ਸਰਹੱਦੀ ਇਲਾਕਿਆਂ ਵਿਚ ਅਬੋਹਰ, ਫਾਜ਼ਿਲਕਾ, ਡੱਬਵਾਲੀ ਆਦਿ ਪ੍ਰਮੁੱਖ ਸ਼ਹਿਰ ਹਨ। ਮਾਲਵਾ ਖੇਤਰ ਪੰਜਾਬ ਦੇ ਦੂਸਰੇ ਖੇਤਰਾਂ ਦੇ ਮੁਕਾਬਲਤਨ ਵਧੇਰੇ ਖੁਸ਼ਕ ਅਤੇ ਰੇਤਲਾ ਇਲਾਕਾ ਹੈ। ਇਸ ਤੋਂ ਇਲਾਵਾ ਇਹ ਖੇਤਰ ਆਪਣੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਕੁਝ ਹੋਰ ਕਾਰਨਾਂ ਕਰਕੇ ਪੰਜਾਬ ਦੇ ਦੂਸਰੇ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਪਰੰਪਰਕ ਖੇਤਰ ਮੰਨਿਆ ਜਾਂਦਾ ਹੈ।

ਮਾਲਵੇ ਦੇ ਉਪਰੋਕਤ ਸਰਹੱਦੀ ਖੇਤਰਾਂ ਵਿਚ ਵੱਸਦੀਆਂ ਵਿਭਿੰਨ ਜਾਤਾਂ ਗੋਤਾਂ ਜਾਂ ਕਬੀਲਿਆਂ ਵਿਚ ਵਧੇਰਿਆਂ ਦਾ ਪਿਛੋਕੜ ਰਾਜਸਥਾਨ, ਹਰਿਆਣਾ ਆਦਿ ਖੇਤਰਾਂ ਨਾਲ ਸੰਬੰਧਿਤ ਹੈ। ਉਹਨਾਂ ਨੇ ਭਾਵੇਂ ਆਪਣੇ ਆਪ ਨੂੰ ਮਲਵਈ ਰਹਿਤਲ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ ਹੈ ਪਰੰਤੂ ਉਹ ਪੂਰੀ ਤਰ੍ਹਾਂ ਪੰਜਾਬੀ ਸਭਿਆਚਾਰ ਨੂੰ ਆਪਣਾ ਨਹੀ ਸਕੇ। ਜਿਸ ਕਾਰਨ ਇਹਨਾਂ ਦੀ ਭਾਸ਼ਾ, ਰਹਿਣ-ਸਹਿਣ, ਰਸਮਾਂ-ਰੀਤਾਂ ਆਦਿ ਵਿਚ ਉਪਰੋਕਤ ਸੂਬਿਆਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਸਪੱਸ਼ਟ ਹੈ ਕਿ ਹਰ ਜਨ ਸਮੂਹ ਦਾ ਸਭਿਆਚਾਰ ਆਪਣੀ ਪਛਾਣ ਨੂੰ ਹਰ ਸਮੇਂ ਕਾਇਮ ਰੱਖਦਾ ਹੈ ਭਾਵੇਂ ਉਹ ਭੂਗੋਲਿਕ ਤੌਰ 'ਤੇ ਵੱਸਦੇ ਕਿਸੇ ਵੀ ਜਨ ਸਮੂਹ ਦੇ ਸਭਿਆਚਾਰ ਦਾ ਹਿੱਸਾ ਬਣ ਜਾਵੇ। ਇਹ ਤੱਥ ਮਾਲਵੇ ਦੇ ਉਪਰੋਕਤ ਸਰਹੱਦੀ ਖੇਤਰਾਂ ਵਿਚ ਵਸਦੀ ਬਾਗੜੀ ਬਰਾਦਰੀ ਦੇ ਜੀਵਨ ਵਿਸ਼ੇਸ਼ ਤੌਰ 'ਤੇ ਰਸਮਾਂ-ਰੀਤਾਂ ਰਾਹੀਂ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਹਨਾਂ ਦਾ ਪਿਛੋਕੜ ਰਾਜਸਥਾਨ, ਬੀਕਾਨੇਰ, ਜੈਸਲਮੇਰ ਆਦਿ ਖੇਤਰਾਂ ਨਾਲ ਸੰਬੰਧਿਤ ਹੋਣ ਕਾਰਨ ਇਹਨਾਂ ਨੇ ਅੱਜ ਵੀ ਆਪਣੀਆਂ ਪਰੰਪਰਾਵਾਂ ਨੂੰ ਬਰਕਰਾਰ ਰੱਖਿਆ ਹੋਇਆ ਹੈ।

ਬਾਗੜੀਏ ਸ਼ਬਦ ਉਹਨਾਂ ਲੋਕਾਂ (ਚਾਹੇ ਉਹ ਰਾਜਪੂਤ ਜਾਂ ਜਾਟ) ਲਈ ਵਰਤਿਆਂ ਜਾਂਦਾ ਹੈ ਜੋ ਸਿਰਸਾਂ ਅਤੇ ਹਿਸਾਰ ਦੇ ਦੱਖਣ ਪੱਛਮੀ ਖੇਤਰ ਜਿਸ ਨੂੰ ਬਾਗੜ ਕਿਹਾ ਜਾਂਦਾ ਹੈ ਵਿਚ ਰਹਿੰਦੇ ਹਨ। ਇਹ ਲੋਕ ਪਟਿਆਲੇ ਅਤੇ ਸਿਆਲਕੋਟ ਵਿਚ ਵੀ ਮਿਲਦੇ ਹਨ। ਗੁਰਦਾਸਪੁਰ ਦੇ ਬਾਗੜੀ ਸਲਾਰੀਆ ਹਨ ਜਿਹੜੇ ਆਪਣੇ ਆਪ ਨੂੰ 'ਬਾਗਰ' ਅਤੇ 'ਭਾਗਰ' ਕਹਿੰਦੇ ਹਨ, ਪਰ ਇਹਨਾਂ ਦਾ ਬਾਗੜ ਖੇਤਰ ਵਿਚ ਰਹਿਣ ਵਾਲਿਆਂ ਲੋਕਾਂ ਨਾਲ ਕੋਈ ਸੰਬੰਧ ਨਹੀਂ। ਇਹ ਜੱਟ ਹਨ ਰਾਜਪੂਤ ਨਹੀਂ। ਬਾਗੜੀ ਰਾਜਪੂਤ ਸ਼ਾਇਦ ਰਾਠੌਰ ਹਨ ਜਾਂ ਭੱਟੀ। ਬਾਗੜ ਖੇਤਰ ਵਿਚ ਰਹਿੰਦੇ ਪੂੰਨੀਏ ਤੇ ਗੋਦਾਰੇ ਜੱਟ ਹਨ, ਰਾਜਪੂਤ ਨਹੀਂ। ਬਾਗੜੀ ਰਾਜਪੂਤਾਂ ਦੀ ਸੰਖਿਆਂ (1881) 13049 ਅਤੇ ਜੱਟਾਂ ਦੀ 5770 ਸੀ।1

ਸਪੱਸ਼ਟ ਹੈ ਕਿ ਬਾਗੜੀਏ ਰਾਜਸਥਾਨ, ਹਰਿਆਣੇ ਤੋਂ ਪੰਜਾਬ ਵਿਚ ਆ ਕੇ ਵੱਸਣ ਵਾਲੀ ਬਰਾਦਰੀ ਹੈ। ਇਹਨਾਂ ਆਪਣਾ ਵਸੇਬਾ ਰਾਜਸਥਾਨ ਅਤੇ ਹਰਿਆਣਾ ਦੇ ਨਾਲ ਲੱਗਦੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹੀ ਕੀਤਾ ਹੈ। ਇਹਨਾਂ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਭਾਵੇਂ ਉਹ ਇਸ ਜਗ੍ਹਾ 'ਤੇ ਲੰਮੇ ਅਰਸੇ ਤੋਂ ਰਹਿ ਰਹੇ ਹਨ ਪਰੰਤੂ ਇਹਨਾਂ ਖੇਤਰਾਂ ਵਿਚ ਵੱਸਣ ਦਾ ਵਿਸ਼ੇਸ਼ ਕਾਰਨ ਉਹਨਾਂ ਦਾ ਪਿਛੋਕੜ ਨਾਲ ਲੱਗਦੇ ਸੂਬਿਆਂ ਤੋਂ ਹੈ ਕਿਉਂਕਿ ਵਿਸ਼ੇਸ਼ ਦਿਨ ਤਿਉਹਾਰ ਸਮੇਂ ਉਹ ਆਪਣੇ ਪੂਰਵਜਾਂ ਦੀ ਪੂਜਾ ਕਰਨ ਜਾਂਦੇ ਹਨ। ਜ਼ਿਆਦਾਤਰ ਉਹਨਾਂ ਦੇ ਰਿਸ਼ਤੇਦਾਰ ਰਾਜਸਥਾਨ, ਹਰਿਆਣਾ ਵਿਚ ਹੀ ਰਹਿੰਦੇ ਹਨ। ਨਾਤਾ ਬਣੇ ਰਹਿਣ ਦਾ ਵੱਡਾ ਕਾਰਨ ਹੀ ਸਰਹੱਦ ਦੇ ਨੇੜੇ ਵਸੇਬਾ ਕਰਨਾ ਹੈ। ਆਪਣੀਆਂ ਰਸਮਾਂ-ਰੀਤਾਂ ਅਤੇ ਜੀਵਨ ਵਿਹਾਰ ਉਹ ਆਪਣੇ ਪਿਛੋਕੜ ਦੇ ਆਧਾਰ 'ਤੇ ਹੀ ਨਿਰਧਾਰਤ ਕਰਦੇ ਹਨ। ਮਿਸਾਲ ਵਜੋਂ ਇਸ ਜਾਤੀ ਦੀ ਔਰਤ ਦਾ ਪਹਿਰਾਵਾ ਵਿਸ਼ੇਸ਼ ਤੌਰ 'ਤੇ ਬਜ਼ੁਰਗ ਔਰਤ ਦਾ ਪਹਿਰਾਵਾ ਪਰੰਪਰਾਗਤ ਮੁੱਲਾਂ ਦਾ ਧਾਰਨੀ ਹੈ। ਜਿਸ ਵਿਚ ਘੱਗਰਾ/ਲਹਿੰਗਾ, ਚੋਲੀ/ਕੁੜਤੀ, ਚੁੰਨੜੀ/ਓੜਨੀ ਆਦਿ ਪ੍ਰਮੁੱਖ ਹਨ। ਬਜ਼ੁਰਗ ਪੀੜ੍ਹੀ ਨਾਲ ਮੁਲਾਕਾਤ ਦੌਰਾਨ ਸਪੱਸ਼ਟ ਹੋਇਆ ਕਿ ਇਹ ਖੁਦ ਵੀ ਅਜਿਹੀਆਂ ਪਰੰਪਰਾਵਾਂ ਨੂੰ ਤਿਆਗਣ ਦੀ ਇੱਛਾ ਨਹੀਂ ਰੱਖਦੀਆਂ ਅਤੇ ਜੇਕਰ ਕੋਈ ਬਜ਼ੁਰਗ ਔਰਤ ਸਰੀਰਕ ਸੌਖ ਹਿੱਤ ਪਹਿਰਾਵੇ ਨੂੰ ਬਦਲਣਾ ਚਾਹੁੰਦੀ ਹੈ ਤਾਂ ਉਸ ਦਾ ਪਤੀ ਜਾਂ ਉਸਦੇ ਵਡੇਰੇ ਉਸ ਨੂੰ ਅਜਿਹਾ ਕਰਨ ਦੀ ਬਿਲਕੁਲ ਆਗਿਆ ਨਹੀਂ ਦਿੰਦੇ। ਸਪੱਸ਼ਟ ਹੈ ਸਮਾਜਿਕ ਰਿਸ਼ਤਿਆਂ ਦੇ ਬੰਧਨ (ਜੋ ਕਿ ਪਰੰਪਰਕ ਜੀਵਨ ਮੁਲਾਂ ਦੇ ਧਾਰਨੀ ਹਨ) ਉਸ ਨੂੰ ਅਜਿਹਾ ਕਰਨ ਤੋਂ ਰੋਕਦੇ ਹਨ। ਇਸ ਪ੍ਰਕਾਰ ਪ੍ਰਮੁੱਖ ਸਭਿਆਚਾਰ ਨਾਲੋਂ ਇਹਨਾਂ ਦਾ ਜੀਵਨ ਵਿਹਾਰ ਵਿਲੱਖਣ ਹੋਣਾ ਅਨਿਵਾਰੀ ਹੈ। ਇਹ ਵਿਲੱਖਣਤਾ ਬਾਗੜੀ ਜਾਤੀ ਦੀਆਂ ਜਨਮ ਨਾਲ ਸੰਬੰਧਿਤ ਰਸਮਾਂ ਰੀਤਾਂ ਰਾਹੀਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਕਿਸੇ ਜਨ ਸਮੂਹ ਦੁਆਰਾ ਕੀਤੀਆਂ ਜਾਂਦੀਆਂ ਇਹ

ਰਸਮਾਂ ਰੀਤਾਂ ਸੰਬੰਧਿਤ ਸਭਿਆਚਾਰ ਦੇ ਮੂਲ ਆਧਾਰ ਵਜੋਂ ਕਾਰਜਸ਼ੀਲ ਹੁੰਦੀਆਂ ਹਨ ਅਤੇ ਉਥੋਂ ਦੀ ਰਹਿਤਲ ਦੇ ਅਨੁਸਾਰੀ ਹੁੰਦੀਆਂ ਹਨ। ਇਹਨਾਂ ਰਸਮਾਂ ਰੀਤਾਂ ਨੂੰ ਨਿਭਾਉਣ ਪਿੱਛੇ ਕੋਈ ਨਾ ਕੋਈ ਧਾਰਨਾ ਜੁੜੀ ਹੁੰਦੀ ਹੈ। ਜਿਸ ਨੂੰ ਵਿਸ਼ੇਸ਼ ਨਿਯਮਾਂ ਅਧੀਨ ਪੂਰਾ ਕੀਤਾ ਜਾਂਦਾ ਹੈ। ਭੂਗੋਲਿਕ ਵਖਰੇਵਿਆਂ ਸਦਕਾ ਇਹਨਾਂ ਦੀ ਕਾਰਜ ਵਿਧੀ ਵਿਚ ਪਰਿਵਰਤਨ ਆਉਂਦੇ ਰਹਿੰਦੇ ਹਨ ਪਰੰਤੂ ਇਹਨਾਂ ਦਾ ਪਰੰਪਰਕ ਰੂਪ ਵੀ ਕਾਇਮ ਰਹਿੰਦਾ ਹੈ। ਬਾਗੜੀ ਜਾਤੀ ਦੀਆਂ ਜਨਮ ਨਾਲ ਸੰਬੰਧਿਤ ਰਸਮਾਂ ਰੀਤਾਂ ਦੇ ਸਮਾਜ ਸਭਿਆਚਾਰਕ ਅਧਿਐਨ ਦੁਆਰਾ ਇਹਨਾਂ ਦੇ ਜੀਵਨ ਵਿਹਾਰ ਨੂੰ ਸਮਝਿਆ ਜਾ ਸਕਦਾ ਹੈ।

ਬਾਗੜੀ ਜਾਤੀ ਵਿਚ ਜਨਮ ਨਾਲ ਸੰਬੰਧਿਤ ਰਸਮਾਂ ਰੀਤਾਂ ਔਰਤ ਦੇ ਗਰਭਵਤੀ ਹੋਣ ਨਾਲ ਹੀ ਆਰੰਭ ਹੋ ਜਾਂਦੀਆਂ ਹਨ। ਜਿਸ ਅਨੁਸਾਰ ਪੰਜਵੇਂ ਜਾਂ ਸੱਤਵੇ ਮਹੀਨੇ ਔਰਤ ਦੀ ਗੋਦਭਰਾਈ ਦੀ ਰਸਮ ਕੀਤੀ ਜਾਂਦੀ ਹੈ ਜੋ ਆਉਣ ਵਾਲੇ ਬੱਚੇ ਦੀ ਤੰਦਰੁਸਤੀ ਅਤੇ ਵਿਸ਼ੇਸ਼ ਤੌਰ 'ਤੇ ਮੁੰਡਾ ਹੋਣ ਦੀ ਇੱਛਾ ਵਜੋਂ ਨਿਭਾਈ ਜਾਂਦੀ ਹੈ। ਇਥੇ ਜ਼ਿਕਰਯੋਗ ਹੈ ਕਿ ਇਹ ਰਸਮ ਬੱਚਾ ਹੋਣ ਤੋਂ ਪਹਿਲਾਂ ਕੀਤੀ ਜਾਂਦੀ ਹੈ ਜਿਸ ਵਿਚ ਮੁੰਡਾ ਜਾਂ ਕੁੜੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਪਰੰਤੂ ਫਿਰ ਵੀ ਮਾਨਸਿਕਤਾ ਤਹਿਤ ਮੁੰਡਾ ਹੋਣ ਦੀ ਇੱਛਾ ਵਜੋਂ ਵਿਸ਼ੇਸ਼ ਵਿਧੀ ਦਾ ਧਿਆਨ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਬੱਚਾ ਹੋਣ ਤਕ ਗਰਭਵਤੀ ਔਰਤ ਆਪਣਾ ਸ਼ਿੰਗਾਰ ਕਰਨਾ ਅਤੇ ਨਵੇਂ ਕੱਪੜੇ ਪਹਿਨਣੇ ਛੱਡ ਦਿੰਦੀ ਹੈ। ਬੱਚਾ ਹੋਣ ਜੱਚਾ ਦੇ ਮੰਜੇ ਕੋਲ ਬਦਰੂਹਾਂ ਤੋਂ ਰੱਖਿਆ ਕਰਨ ਲਈ ਪਾਣੀ ਆਤੇ ਲੋਹੇ ਦੀ ਕੋਈ ਵਸਤੂ ਰੱਖੀ ਜਾਂਦੀ ਹੈ। ਵਿਸ਼ਵਾਸ ਹੈ ਕਿ ਲੋਹੇ ਕੋਲ ਬਦਰੂਹਾਂ ਦਾ ਵਾਸਾ ਨਹੀ ਹੁੰਦਾ ਅਤੇ ਬੱਚਾ ਤੰਦਰੁਸਤ ਰਹਿੰਦਾ ਹੈ। ਜਦੋਂ ਨਾਨਕਿਆਂ ਵੱਲੋਂ ਦਾਦਕਿਆਂ ਨੂੰ ਵਧਾਈ ਦੇਣ ਦੀ ਰਸਮ ਕੀਤੀ ਜਾਂਦੀ ਹੈ ਤਾਂ ਉਸ ਦਿਨ ਭੂਆ ਵੱਲੋਂ ਥਾਲ ਵਜਾਉਣ ਦੀ ਰਸਮ ਕੀਤੀ ਜਾਂਦੀ ਹੈ। ਮੁੰਡਾ ਹੋਣ 'ਤੇ ਵਿਸ਼ੇਸ਼ ਤੌਰ 'ਤੇ ਥਾਲ ਵਜਾਉਣਾ ਇਕ ਪਾਸੇ ਖ਼ੁਸ਼ੀ ਨੂੰ ਸਾਂਝਾ ਕਰਨ ਦਾ ਵਿਲੱਖਣ ਢੰਗ ਹੈ ਉਥੇ ਕਿਤੇ ਨਾ ਕਿਤੇ ਮੁੰਡੇ ਨਾਲ ਘਰ ਦੀ ਪੀੜ੍ਹੀ ਅੱਗੇ ਵੱਧਣ ਦੀ ਵਿਸ਼ੇਸ਼ ਖ਼ੁਸ਼ੀ ਦਾ ਕਾਰਨ ਹੁੰਦਾ ਹੈ ਕਿਉਂਕਿ ਭੂਆ ਖ਼ਾਸ ਕਰਕੇ ਭਾਈਚਾਰੇ ਵਿਚ ਜ਼ਾਹਿਰ ਕਰਦੀ ਹੈ ਕਿ ਉਸ ਦੇ ਭਰਾ ਦੀ ਪੀੜ੍ਹੀ ਅੱਗੇ ਵੱਧ ਗਈ ਹੈ ਜਿਸ ਦਾ ਸਹਾਰਾ ਉਸ ਨੂੰ ਵੀ ਭਵਿੱਖ ਵਿਚ ਮਿਲੇਗਾ। ਮੁੰਡਾ ਹੋਣ ਤੇ ਘਰ ਦੇ ਦਰਵਾਜੇ 'ਤੇ ਨਿੰਮ ਬੰਨ੍ਹਿਆ ਜਾਂਦਾ ਹੈ। ਇਹਨਾਂ ਰਸਮਾਂ ਦਾ ਮੁੰਡੇ ਦੇ ਜਨਮ ਨਾਲ ਸੰਬੰਧ ਹੋਣਾ ਸਮਾਜ ਵਿਚ ਔਰਤ ਦੀ ਦੁਜੈਲੀ ਸਥਿਤੀ ਦਾ ਵੀ ਸੂਚਕ ਬਣਦਾ ਹੈ।

ਬੱਚੇ ਦੇ ਨਾਮਕਰਨ ਦੀ ਰਸਮ ਪੰਡਿਤ ਨੂੰ ਬੁਲਾ ਕੇ ਨਾਨਕਿਆਂ ਅਤੇ ਦਾਦਕਿਆ ਦੋਹਾਂ ਵੱਲੋਂ ਵੱਖ-ਵੱਖ ਕੀਤੀ ਜਾਂਦੀ ਹੈ ਅਤੇ ਇਹ ਰਸਮ ਕੁੜੀ ਹੋਣ 'ਤੇ ਪੰਜਵੇਂ ਦਿਨ ਅਤੇ ਮੁੰਡਾ ਹੋਣ ਤੇ ਨੌਵੇਂ ਜਾਂ ਗਿਆਰਵੇਂ ਦਿਨ ਨਿਭਾਈ ਜਾਂਦੀ ਹੈ। ਦਾਦਕੇ ਘਰ ਵਿਚ ਆਉਣ 'ਤੇ ਕਿਸੇ ਨਿਸਚਿਤ ਦਿਨ 'ਤੇ ਬੱਚੇ ਅਤੇ ਮਾਂ ਨੂੰ ਦਾਈ ਵੱਲੋਂ ਬਾਹਰ ਵਧਾਉਣ ਦੀ ਰਸਮ ਕੀਤੀ ਜਾਂਦੀ ਹੈ ਅਤੇ ਇਸ ਸਮੇਂ 'ਦੇਨੜੀਏ' (ਖ਼ੁਸ਼ੀ ਦੇ ਗੀਤ) ਗਾਏ ਜਾਂਦੇ ਹਨ।

ਉਠ ਸਖੀ ਬਾਹਰ ਆ ਸਖੀ
ਸੂਰਜ ਦਾ ਮੂੰਹ ਵੇਖ ਸਖੀ
ਉਠ ਸਖੀ ਬਾਹਰ ਆ ਸਖੀ
ਦਾਈ ਮਾਈ ਦਾ ਮੂੰਹ ਵੇਖ ਸਖੀ2............

ਨਾਮਕਰਨ ਦੀ ਰਸਮ ਕਰਨ ਉਪਰੰਤ ਬੱਚੇ ਦੀ ਮਾਂ ਵੱਲੋਂ ਜਲਵਾ ਪੂਜਨ ਦੀ ਰਸਮ ਕੀਤੀ ਜਾਂਦੀ ਹੈ । ਜਲਵਾ ਅਰਥਾਤ ਜਲ ਦੀ ਪੂਜਾ ਕਰਨਾ। ਜਲ/ਪਾਣੀ ਜੋ ਜੀਵਨ ਦੀ ਸਤੁੰਲਤਾ ਦਾ ਪ੍ਰਤੀਕ ਹੈ। ਇਸ ਰਸਮ ਸਮੇਂ ਪਹਿਲਾਂ ਭੂਆ ਵੱਲੋਂ ਪਰਾਂਤ ਵਿਚ ਕਣਕ, ਤਿਲ, ਗੁੜ ਆਦਿ ਨੂੰ ਮਿਲਾ ਕੇ ਬੱਕਲੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਸ ਉੱਪਰ ਸੂਟ ਰੱਖਿਆ ਜਾਂਦਾ ਹੈ। ਭੂਆ ਵੱਲੋਂ ਭਾਈਚਾਰੇ ਵਿਚ ਇਹ ਸਮੱਗਰੀ ਵੰਡੀ ਜਾਂਦੀ ਹੈ ਅਤੇ ਬੱਚੇ ਦੀ ਮਾਂ ਭੂਆ ਨੂੰ ਲਾਗ ਵਜੋਂ ਸੂਟ ਦਿੰਦੀ ਹੈ। ਘਰ ਦੇ ਦਰਵਾਜੇ 'ਤੇ ਗੋਹੇ ਨਾਲ ਚੰਦ ਅਤੇ ਸੂਰਜ ਦੀ ਤਸਵੀਰ ਬਣਾਈ ਜਾਂਦੀ ਹੈ। ਜੋ ਚੰਦ ਜਿਹੇ ਸੁਰਤ ਦੇ ਬੱਚੇ ਅਤੇ ਸੂਰਜ ਦੇ ਪ੍ਰਤਾਪ ਵਾਂਗ ਭਵਿੱਖ ਵਿਚ ਬੱਚੇ ਦਾ ਨਾਮ ਰੌਸ਼ਨ ਹੋਣ ਦਾ ਪ੍ਰਤੀਕ ਹੁੰਦੇ ਹਨ। ਇਸ ਉਪਰੰਤ ਜਲਵਾ ਪੂਜਨ ਲਈ ਪਿੰਡ ਦੀ ਸਾਂਝੀ ਜਗ੍ਹਾ ਤੋਂ ਸਾਰੇ ਪਰਿਵਾਰਕ ਮੈਂਬਰ ਤੇ ਸ਼ਰੀਕਾ ਭਾਈਚਾਰਾ ਪਾਣੀ ਦੀ ਘੜੋਲੀ ਭਰ ਕੇ ਲਿਆਉਂਦੇ ਹਨ। ਇਹ ਘੜੋਲੀ ਬੱਚੇ ਦੀ ਮਾਂ ਦੇ ਸਿਰ 'ਤੇ ਰੱਖੀ ਜਾਂਦੀ ਹੈ। ਇਹ ਕਾਰਜ ਦਿਓਰ ਵੱਲੋਂ ਕੀਤਾ ਜਾਂਦਾ ਹੈ ਅਤੇ ਭਾਬੀ ਦਿਉਰ ਨੂੰ ਇਸ ਸਮੇਂ ਲਾਗ ਦਿੰਦੀ ਹੈ। ਮਾਂ ਆਪਣੇ ਦੁੱਧ ਦੀਆਂ ਬੂੰਦਾ ਪਾਣੀ ਨੂੰ ਅਰਪਤਿ ਕਰਦੀ ਹੈ। ਮਾਂ ਵੱਲੋਂ ਪਾਣੀ ਦੀ ਘੜੋਲੀ ਭਰ ਸਿਰ 'ਤੇ ਚੁੱਕ ਕੇ ਲਿਆਉਣਾ ਮਾਂ ਦਾ ਘਰ ਦੇ ਕੰਮਾਂ ਵਿਚ ਦੁਬਾਰਾ ਸ਼ਾਮਲ ਹੋਣ ਦਾ ਚਿੰਨ੍ਹ ਹੁੰਦਾ ਹੈ। ਛਿਲੇ ਦੇ ਦਿਨਾਂ ਵਿਚ ਬੱਚੇ ਦੀ ਮਾਂ ਤੋਂ ਕੋਈ ਕਾਰਜ ਨਹੀਂ ਕਰਾਇਆ ਜਾਂਦਾ। ਇਸ ਲਈ ਛਿਲੇ ਦੇ ਸਮਾਪਤ ਹੋਣ ਤੇ ਮਾਂ ਦਾ ਘਰ ਦੇ ਕੰਮਾਂ ਵਿਚ ਸ਼ਾਮਿਲ ਹੋਣ ਲਈ ਇਸ ਰਸਮ ਨੂੰ ਆਧਾਰ ਬਣਾਇਆ ਜਾਂਦਾ ਹੈ ਕਿ ਅੱਜ ਤੋਂ ਉਹ ਘਰ ਦੇ ਕਿਸੇ ਵੀ ਕੰਮ ਵਿਚ ਹਿੱਸਾ ਲੈ ਸਕਦੀ ਹੈ। ਪਾਣੀ ਦੀ ਭਰੀ ਘੜੋਲੀ ਭਾਰੀ ਹੁੰਦੀ ਹੈ ਦਿਓਰ ਵੱਲੋਂ ਉਸ ਨੂੰ ਚੁਕਾਉਣ ਦਾ ਅਰਥ ਇਹ ਵੀ ਮੰਨਿਆਂ ਜਾ ਸਕਦਾ ਹੈ ਕਿ ਦਿਓਰ ਭਾਬੀ ਦੇ ਹਰ ਔਖੇ-ਸੌਖੇ ਸਮੇਂ ਉਸ ਦਾ ਸਾਥ ਦੇਣ ਦਾ ਸੰਕੇਤ ਦਿੰਦਾ ਹੈ। ਦਿਓਰ ਭਾਬੀ ਦਾ ਰਿਸ਼ਤਾ ਰੁਮਾਂਟਿਕ ਕਿਸਮ ਦਾ ਹੁੰਦਾ ਹੈ। ਦਿਓਰ ਦੂਜੇ ਵਰ ਦਾ ਵੀ ਪ੍ਰਤੀਕ ਮੰਨਿਆਂ ਜਾਂਦਾ ਹੈ। ਇਸ ਰਸਮ ਸਮੇਂ ਬੱਚੇ ਦੀ ਮਾਂ ਦੁਆਰਾ ਨਵਾਂ ਸੂਟ ਜਾਂ ਲਹਿੰਗਾ ਚੋਲੀ ਪਹਿਨਿਆ ਜਾਂਦਾ ਹੈ।3 ਪਹਿਰਾਵੇ ਦੇ ਸਮੁੱਚੇ ਰੰਗ ਦੀ ਭਾਵੇਂ ਕੋਈ ਪਾਬੰਦੀ ਨਹੀਂ ਹੁੰਦੀ ਪਰੰਤੂ ਸਿਰ 'ਤੇ ਓਡਨੀ ਪਹਿਨਣੀ ਲਾਜ਼ਮੀ ਹੁੰਦੀ ਹੈ। ਇਸ ਨੂੰ 'ਪੀਲੀਆ' ਕਿਹਾ ਜਾਂਦਾ ਹੈ ਅਤੇ ਇਹ ਮਾਂ ਦੇ ਪੇਕਿਆਂ ਵੱਲੋਂ ਦਿੱਤਾ ਜਾਂਦਾ ਹੈ। ਇਸ ਨੂੰ ਉਹ ਸਾਰੀ ਉਮਰ ਪਹਿਨਦੀ ਹੈ। ਇਥੇ ਜ਼ਿਕਰਯੋਗ

ਹੈ ਕਿ ਮਾਲਵੇ ਦੇ ਇਹਨਾਂ ਖੇਤਰਾਂ ਵਿਚ ਰਹਿਣ ਵਾਲੀ ਬਾਗੜੀ ਜਾਤੀ ਤੋਂ ਇਲਾਵਾ ਭਾਟ, ਬਿਸ਼ਨੋਈ ਬਰਾਦਰੀ (ਜਿਹਨਾਂ ਦਾ ਪਿਛੋਕੜ ਹਰਿਆਣਾ ਜਾਂ ਰਾਜਸਥਾਨ ਸੂਬਿਆਂ ਨਾਲ ਹੈ) ਦੀਆਂ ਔਰਤਾਂ ਦਾ ਵੀ ਇਸ ਰਸਮ ਸਮੇਂ ਅਜਿਹਾ ਪਹਿਰਾਵਾ ਪਹਿਨਣਾ ਲਾਜ਼ਮੀ ਹੈ। ਇਸ ਰਸਮ ਅਨੁਸਾਰ ਜਿਨ੍ਹਾ ਸਮਾਂ ਕੋਈ ਇਸਤਰੀ ਮੁੰਡੇ ਨੂੰ ਜਨਮ ਨਹੀ ਦਿੰਦੀ ਉਹ ਉਪਰ 'ਪੀਲੀਆ' ਨਹੀ ਲੈ ਸਕਦੀ ਬਲਕਿ ਇਸ ਦੀ ਜਗ੍ਹਾ ਉਹ 'ਪੋਮਚਾ' ਹੀ ਲੈਦੀ ਹੈ।4 'ਪੋਮਚਾ' ਅਤੇ 'ਪੀਲੀਆ' ਇਕ ਅਜਿਹੀ ਓਡਨੀ/ਚੁੰਨੜੀ ਹੈ ਜਿਸ ਦੀ ਚੌੜਾਈ ਆਮ ਚੁੰਨੀਆ ਦੇ ਮੁਕਾਬਲਤਨ ਕਾਫ਼ੀ ਜ਼ਿਆਦਾ ਹੁੰਦੀ ਹੈ। ਜਦਕਿ ਲੰਬਾਈ ਲਗਭਗ ਦੋ ਮੀਟਰ ਹੁੰਦੀ ਹੈ। ਇਹ ਪੂਰੀ ਓਡਨੀ ਛਾਪੇਦਾਰ ਲਾਲਾ ਰੰਗ ਦੀ ਹੁੰਦੀ ਹੈ ਜਿਸ ਦੇ ਵਿਚਕਾਰ ਇਕ ਗੋਲ ਚੱਕਰ ਬਣਿਆ ਹੁੰਦਾ ਹੈ। ਇਸ ਚੱਕਰ ਦੇ ਰੰਗ ਦੇ ਆਧਾਰ ਉਤੇ ਹੀ ਚੁੰਨੀ ਨੂੰ ਨਾਮ ਦਿਤਾ ਜਾਂਦਾ ਹੈ। ਇਕ ਪਾਸੇ ਜਿੱਥੇ ਇਹ ਰਸਮ ਸਮਾਜ ਵਿਚ ਮੁੰਡੇ ਦੀ ਵਿਸ਼ੇਸ਼ ਅਹਿਮੀਅਤ ਅਤੇ ਕੁੜੀ ਦੀ ਦੂਜੈਲੀ ਸਥਿਤੀ ਨੂੰ ਪੇਸ਼ ਕਰਦੀ ਹੈ ਉਥੇ ਪਰਿਵਾਰ ਵੱਲੋਂ ਮੁੰਡਾ ਹੋਣ ਦੀ ਖੁਸ਼ੀ ਨੂੰ ਭਾਈਚਾਰੇ ਨਾਲ ਸਾਂਝੀ ਕਰਨ ਦਾ ਵੀ ਸੂਚਕ ਬਣਦਾ ਹੈ।

ਪਰਿਵਰਤਨ ਸਭਿਆਚਾਰ ਦਾ ਜ਼ਰੂਰੀ ਲੱਚਣ ਹੈ ਅਤੇ ਸੰਸਾਰ ਦਾ ਕੋਈ ਵੀ ਸਮਾਜ ਭਾਵੇਂ ਕਿਸੇ ਵੀ ਪੜਾਅ 'ਤੇ ਹੋਵੇ ਕਦੇ ਖੜੋਤ ਦੀ ਸਥਿਤੀ ਵਿਚ ਨਹੀਂ ਹੋ ਸਕਦਾ। ਮਾਲਵੇ ਦੇ ਸਰਹੱਦੀ ਖੇਤਰ ਵਿਚ ਵੱਸਦੀ ਇਸ ਬਰਾਦਰੀ ਨੇ ਮੂਲ ਰੂਪ ਵਿਚ ਭਾਵੇਂ ਆਪਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਨਾਲ ਮੋਹ ਨਹੀਂ ਤੋੜਿਆ ਪਰ ਹੌਲੀ ਹੌਲੀ ਇਹਨਾਂ ਨੇ ਵੀ ਪਰਿਵਰਤਨ ਦਾ ਪ੍ਰਭਾਵ ਕਬੂਲਣਾ ਆਰੰਭ ਕਰ ਦਿੱਤਾ ਹੈ। ਇਸ ਬਰਾਦਰੀ ਨੇ ਵੀ ਰਸਮਾਂ ਰੀਤਾਂ ਦੇ ਨਿਭਾਅ ਸਮੇਂ ਆਧੁਨਿਕ ਅਤੇ ਪੰਜਾਬੀ ਸਭਿਆਚਾਰ ਦੇ ਕੁਝ ਕੁ ਅੰਸ਼ਾਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਪਰੰਤੂ ਬਜ਼ੁਰਗ ਪੀੜ੍ਹੀ ਅਜੇ ਵੀ ਪਰੰਪਰਗਤ ਰੀਤਾਂ ਵਿਚ ਜਿਊਣਾ ਹੀ ਮਾਣ ਮਹਿਸੂਸ ਕਰਦੀ ਹੈ ਜੋ ਉਹਨਾਂ ਦੇ ਸਭਿਆਚਾਰਕ ਮੁਲਾਂ ਦੀ ਤਰਜਮਾਨੀ ਕਰਦੀ ਹੈ। ਬਾਗੜੀ ਜਾਤੀ ਦੀਆਂ ਜਨਮ ਨਾਲ ਸੰਬੰਧਿਤ ਰਸਮਾਂ ਰੀਤਾਂ ਦੇ ਸਭਿਆਚਾਰਕ ਅਧਿਐਨ ਦੁਆਰਾ ਉਹਨਾਂ ਦੇ ਜੀਵਨ ਵਿਹਾਰ ਨੂੰ ਸਮਝਿਆ ਜਾ ਸਕਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਕਿਰਪਾਲ ਸਿੰਘ ਦਰਦੀ, ਪੰਜਾਬ ਦੀਆਂ ਜਾਤਾਂ ਤੇ ਗੋਤ (ਜੱਟ ਤੇ ਹੋਰ ਜਾਤਾਂ), ਨਿਊ ਬੁੱਕ ਕੰਪਨੀ, ਜਲੰਧਰ, ਪੰਨਾ 152.
2. ਗੁੱਡੀ ਦੇਵੀ, ਪਿੰਡ ਧਰਾਂਗਵਾਲਾ, ਜਿਲ੍ਹਾ ਫਾਜ਼ਿਲਕਾ ਨਾਲ ਮੁਲਾਕਾਤ।
3. ਉਹੀ
4. ਉਹੀ



**(ਅਸਿਟੈਂਟ ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ
ਭਗਤਾ ਭਾਈ ਕਾ ਬਠਿੰਡਾ)**


## ਘੋੜਾ ਅਤੇ ਮਰਦ / ਅਨੰਤ ਆਲੋਕ



ਮਾਂ ਨਹੀਂ ਜਾਣਦੀ ਸੀ ਕਰਵਾ ਚੌਥ ਦਾ 'ਕ'
ਇਸ ਲਈ ਉਸਨੇ ਕਦੇ ਪਿਤਾ ਲਈ
ਵਰਤ ਨਹੀਂ ਰਖਿਆ

ਇਉਂ ਨਹੀਂ ਕਿ ਵਰਤ ਨਹੀਂ ਰਖਦੀ ਸੀ ਮਾਂ
ਪਰ ਉਸਨੂੰ ਲੱਗਿਆ ਹੀ ਨਹੀਂ ਕਦੇ
ਦੇਵਤਾ ਦੇ ਵਰਗਾ ਪਤੀ
ਪਿਤਾ ਨੂੰ ਵਫ਼ਾ ਦਾ 'ਵ' ਵੀ ਨਹੀਂ ਸੀ ਪਤਾ
ਉਨ੍ਹਾਂ ਦੇ ਪਿਤਾ ਤੇ ਪਿਤਾ ਦੇ ਪਿਤਾ ਨੇ
ਕਦੇ ਸਿਖਾਇਆ ਹੀ ਨਹੀਂ
ਪਿਤਾ ਭਜਦਾ ਰਿਹਾ ਦੂਜੀਆਂ ਦੇਹਾਂ ਦੇ ਪਿਛੇ
ਮਾਂ ਦੇ ਵਿਰੋਧ, ਸਮਝਾਉਣ, ਰੌਲਾ ਪਾਉਣ
ਅਤੇ ਸਾਰੇ ਟੋਟਕਿਆਂ ਜੰਤਰਾਂ ਮੰਤਰਾਂ ਦੇ ਬਾਵਜੂਦ
ਤੇ ਭੱਜ ਰਿਹਾ ਹੈ

ਹੁਣ ਸਾਨੂੰ ਸਮਝ ਆ ਰਿਹਾ ਹੈ
ਘੋੜਾ ਤੇ ਮਰਦ ਕਦੇ ਬੁੱਢੇ ਨਹੀਂ ਹੁੰਦੇ
ਹਾਂ ਉਸਦਾ ਵਰਤ ਰਿਹਾ
ਜਦੋਂ ਪਿਤਾ ਘਰ ਨਹੀਂ
ਪਰਤਿਆ ਦੇਰ ਤੱਕ
ਤੇ ਪਰਤਿਆ ਤਾਂ ਖਾ ਪੀ ਕੇ ਕੀਤੇ ਹੋਰ
ਤਾਂ ਮਾਂ ਨੇ ਕਰ ਲਿਆ
ਵਰਤ ਉਸ ਰਾਤ
ਪਿਤਾ ਦੇ ਲਈ ਨਹੀਂ ਪਿਤਾ ਦੇ ਕਾਰਨ
ਫਿਰ ਵੀ ਪਿਤਾ ਜਿਉਂ ਰਿਹਾ ਹੈ
ਸੌ ਦੇ ਹੋ ਕੇ ਮਾਂ ਦੇ ਜਾਣ ਤੋਂ ਬਾਅਦ ਵੀ
ਮਾਂ ਨੇ ਨਿਭਾਈ ਪੂਰੀ ਇਮਾਨਦਾਰੀ
ਸ਼ਾਇਦ ਉਸਦਾ ਵੀ ਛਲਕਿਆ ਸੀ
ਕਦੇ ਤਨ ਕਦੇ ਮਨ ਕਿਸੇ ਤੇ
ਭਾਵੇਂ ਬਦਲਾ ਲੈਣ ਲਈ ਹੀ
ਤਾਂ ਫਿਰ ਕਿਉਂ ਕਰੇ ਅਡੰਬਰ
ਪਤੀਵਰਤਾ ਹੋਣ ਦਾ......

**ਪੁਸਤਕ ਰਿਵੀਊ** **ਇੱਕ ਸਫ਼ਾ ਮੇਰਾ ਵੀ (ਸੁਰਿੰਦਰ ਗਿੱਲ ਜੈਪਾਲ) / ਡਾ. ਪੁਸ਼ਵਿੰਦਰ ਕੌਰ**

ਪ੍ਰੋ. ਸੁਰਿੰਦਰ ਗਿੱਲ ਜੈਪਾਲ, ਸਾਹਿਤ ਤੇ ਸਮਾਜਿਕ ਸਰੋਕਾਰਾਂ ਨਾਲ ਪ੍ਰਣਾਈ ਸ਼ਖਸੀਅਤ ਹੈ, ਜਿਸ ਨੇ ਅਣਗਿਣਤ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਸਾਹਿਤ ਅਧਿਆਪਨ ਨਾਲ ਰੁਸ਼ਨਾਇਆ ਹੈ। ਸਮਾਜ ਵਿੱਚ ਫੈਲੇ ਅੰਧਕਾਰ ਨੂੰ ਗਿਆਨ, ਵਿਗਿਆਨ ਦੀ ਲੋਅ ਨਾਲ ਦੂਰ ਭਜਾਉਣ ਲਈ ਉਹ ਲਗਾਤਾਰ ਯਤਨ ਕਰ ਰਹੀ ਹੈ।ਇਸ ਸ਼ਖਸੀਅਤ ਦੀ ਕਲਮ ਤੋਂ ਰਚੀ ਪੁਸਤਕ, 'ਇਕ ਸਫ਼ਾ ਮੇਰਾ ਵੀ' ਦੀ ਸਿਰਜਣਾ ਗੰਭੀਰ ਅਧਿਐਨ ਦੀ ਮੰਗ ਕਰਦੀ ਹੈ। ਰਵਾਇਤੀ ਕਵਿਤਰੀਆਂ ਵਾਂਗ ਉਹ ਨਿੱਜੀ ਰੁਦਨ ਨਹੀਂ ਪਰੋਸਦੀ ਸਗੋਂ ਵਡੇਰੇ ਸਮਾਜਿਕ ਸਰੋਕਾਰਾਂ ਤੇ ਬੌਧਿਕ ਸੰਵਾਦ ਰਚਾਉਂਦੀ ਹੈ।

ਮਨੁੱਖ ਸਮਾਜਿਕ ਜੀਵ ਹੋਣ ਦੇ ਨਾਤੇ, ਰਿਸ਼ਤੇ ਨਾਤਿਆਂ ਵਿੱਚ ਉਮਰ ਲੰਘਾ ਦਿੰਦਾ ਹੈ। ਇਹ ਰਿਸ਼ਤੇ ਸਾਡੀ ਮਨੋਦਸ਼ਾ ਤੇ ਆਰਥਿਕਤਾ ਨਾਲ ਰੂਪਾਂਤਰਿਤ ਹੁੰਦੇ ਹਨ। ਤਿੰਨ ਪੀੜੀਆਂ ਦੀ ਸੋਚ ਤੇ ਬਦਲਦੇ ਰਿਸ਼ਤਿਆਂ ਨੂੰ ਸੁਰਿੰਦਰ ਗਿੱਲ ਜੈਪਾਲ ਬਹੁਤ ਸੋਹਣੇ ਰੂਪਕ ਭਾਂਡਿਆਂ ਨਾਲ ਤੁਲਨਾ ਕੇ ਰਿਸ਼ਤਿਆਂ ਦਾ ਯਥਾਰਥ ਦਰਸਾ ਜਾਂਦੀ ਹੈ। ਦਾਦੀ ਲਈ ਰਿਸ਼ਤੇ ਪਿੱਤਲ ਦੇ ਬਰਤਨ ਸਨ ਜੋ ਲਿਸ਼ਕ ਪੁਸ਼ਕ ਨਾਲ ਨਵਿਆ ਜਾਂਦੇ ਸਨ, ਮਾਂ ਲਈ ਰਿਸ਼ਤੇ ਕੱਚ ਦੇ ਬਰਤਨ ਸੀ ਜਿਨ੍ਹਾਂ ਨੂੰ ਟੁੱਟ ਭੱਜ ਤੋਂ ਬਚਾਉਣ ਲਈ ਧਿਆਨ ਨਾਲ ਰੱਖਣਾ ਜਾਂ ਸਾਂਭਣਾ ਪੈਂਦਾ ਸੀ । ਅੱਜ ਦੀ ਤੇਜ਼ ਰਫ਼ਤਾਰ ਤੇ ਪਦਾਰਥਕ ਹੋੜ ਕਾਰਨ ਇਹਨਾਂ ਰਿਸ਼ਤਿਆਂ ਲਈ ਵਕਤ ਨਹੀਂ, ਇਹ ਪਿੱਤਲ ਦੇ ਬਰਤਨਾਂ ਵਾਂਗ ਸਦੀਵੀ ਨਹੀਂ, ਵਰਤੋਂ ਦੀ ਤੇ ਸੁੱਟੋ ਦੀ ਰੁਚੀ ਕਾਰਨ :

> 'ਰਿਸ਼ਤੇ ਵੀ ਹਨ –
> ਡਿਸਪੋਜ਼ੇਬਲ ਬਰਤਨ'

ਰਿਸ਼ਤਿਆਂ ਦੇ ਚਿੱਟੇਪਣ ਨੂੰ 'ਕਬਾੜ ਕਵਿਤਾ' ਵਿੱਚ ਵਧੀਆ ਢੰਗ ਨਾਲ ਬਿਆਨਿਆਂ ਹੈ, ਜਿੱਥੇ ਘਰ ਨੂੰ ਨਵਿਆਉਣ ਤੇ ਪੁਰਾਣੀਆਂ ਵਸਤਾਂ ਦੀ ਤਰਾਂ ਮਾਪੇ ਵੀ ਬਿਰਧ ਆਸ਼ਰਮ ਦੀ ਵਸਤਾਂ ਬਣਦੇ ਹਨ। ਇਹ ਇਸ ਯੁਗ ਦੀ ਇੰਤਹਾ ਤੇ ਰਿਸ਼ਤਿਆਂ ਦਾ ਸੱਚ ਹੈ। ਕੋਈ ਰਿਸ਼ਤਾ ਸਦੀਵੀ ਨਹੀਂ, ਲੋੜਾਂ, ਗਰਜਾਂ ਤੇ ਸੁਆਰਥ ਦੀ ਰੁਚੀ ਹੈ।

ਮੀਡੀਆ ਜਿਸਨੇ ਅਵਾਮ ਨੂੰ ਚੇਤਨਾ ਤੇ ਸੇਧ ਦੇਣੀ ਹੁੰਦੀ ਹੈ ਅੱਜ ਆਪਣੇ ਫਰਜਾਂ ਤੋਂ ਮੁਨਕਰ ਸੱਤਾ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ। ਕਵਿੱਤਰੀ ਦੀ ਚਿੰਤਾ ਵਾਜਬ ਹੈ ਕਿ ਜੋ ਕੁਝ ਮੀਡੀਆ ਸਮਾਜ ਨੂੰ ਪਰੋਸ ਰਿਹਾ ਹੈ, ਘਰ ਬਾਜਾਰ ਬਣ ਰਹੇ ਹਨ ਤੇ ਲੋਕਾਂ ਨੂੰ ਅਸਲੀ ਮਸਲਿਆਂ ਤੋਂ ਲਾਂਭੇ ਕਰ ਕੇ ਜੰਗ ਦੀ ਸਿਆਸਤ ਪ੍ਰਚਾਰੀ ਜਾ ਰਹੀ ਹੈ। ਪਰ ਜਨਤਾ ਸਭ ਸਮਝ ਰਹੀ ਹੈ ਤੇ ਲੋਕ ਚੇਤਨਾ ਨੂੰ ਦਬਾਉਣ ਲਈ ਜਿੰਨੇ ਮਰਜ਼ੀ ਹੱਥ ਕੰਡੇ ਅਪਨਾ ਲਏ ਜਾਣ ਚੇਤਨਾ ਤਾਂ ਘਾਹ ਵਾਂਗ ਹੈ ਸਮਾਂ ਪਾਕੇ ਫਿਰ ਸਿਰੀ ਚੁੱਕ ਲੈਂਦੀ ਹੈ: "ਅਣਹੋਇਆਂ ਨੇ ਹੁਣ ਅਣਿਆਈ ਮੌਤ ਨਹੀਂ ਮਰਨਾ

> ਹਨੇਰੀਆਂ ਤੇ ਸੁਆਰ ਤਖ਼ਤਾ ਨੂੰ
> ਪੈਗ਼ਾਮ ਆਇਆ ਹੈ।"

ਤੇ ਅਜਿਹੀ ਸਥਿਤੀ ਵਿੱਚ :

> "ਮਰਨ ਤੋਂ ਪਹਿਲਾ ਮਰਨਾ ਕਿ ਨਹੀਂ ?
> ਧੁਖਦੇ ਹੋਏ ਫ਼ਾਨੂਸ ਦੇ ਕੋਲੋਂ ਲੱਕੜ ਦੀ
> ਇਕ ਕੁਰਸੀ ਕੰਬੇ।"

ਮੰਗਤੇ ਸਿਰਫ ਸੜਕਾਂ ਤੇ ਫਿਰਨ ਵਾਲੇ ਮੰਗਤੇ ਨਹੀਂ ਅਸਲੀ ਮੰਗਤਿਆਂ ਦਾ ਕਿਰਦਾਰ ਵੀ ਨੰਗਾ ਕੀਤਾ ਹੈ ਜੋ ਦੌਲਤ, ਸ਼ੁਹਰਤ ਤੇ ਸਨਮਾਨਾਂ ਲਈ ਮੰਗਤੇ ਬਣੇ ਹੋਏ ਹਨ। ਸਿਆਸਤ ਕਲੰਦਰ ਦਾ ਬਾਂਦਰ ਬਣ ਕੇ ਰਹਿ ਗਈ ਹੈ। ਸੁਰਿੰਦਰ ਗਿੱਲ ਜੈਪਾਲ ਦਾ ਇਹ ਕਾਵਿ ਸੰਗ੍ਰਹਿ ਸਮਕਾਲੀ ਸਮਾਜਿਕ ਸਰੋਕਾਰਾਂ ਨੂੰ ਆਪਣੀ ਕਲੇਵਰ ਵਿੱਚ ਲੈਂਦਾ, ਹਰ ਵਰਤਾਰੇ ਦੀ ਪੜਚੋਲ ਕਰਦਾ ਤੇ ਵਿਵਸਥਾ ਨਾਲ ਤਕੜੇ ਹੋ ਕੇ ਜੂਝਣ ਲਈ ਪ੍ਰੇਰਦਾ ਹੈ । ਉਸ ਦੀ ਕਵਿਤਾ ਦੀ ਨਾਇਕਾ 'ਗੇਟ ਬੰਦ ਕਲੋਨੀ' ਦੀ ਨਾਇਕਾ ਸੋਨਚਿੜੀ ਨਹੀਂ ਸਗੋਂ ਕਿਤਾਬਾਂ ਪੜ੍ਹਦੀਆਂ ਸਧਾਰਨ ਘਰਾਣਿਆਂ ਦੀਆਂ ਕੁੜੀਆਂ ਹਨ ਜੋ ਸਮਾਜਿਕ ਕ੍ਰਾਂਤੀ ਲਿਆਉਣ ਲਈ ਮਿਸ਼ਾਲ ਫੜ ਤੁਰ ਰਹੀਆਂ ਹਨ। ਮਾਂ ਨੂੰ ਉਹ ਰਿਜ਼ਕ ਨਾਲ ਜੋੜਨ ਦੀ ਸੁਪਨਾ ਲੈਂਦੀ ਹੈ ਤਾਂ ਕਿ ਕੋਈ ਮਾਂ ਆਖਰੀ ਰਸਮਾਂ ਲਈ ਪਰਦੇਸੀ ਪੁੱਤ ਅੱਗੇ ਤਰਲੇ ਨਾ ਕਰੇ, ਭੁੱਖੇ ਬਾਲ ਨਾ ਵਿਲਕਣ। ਅਸਲੀ ਨਿਰਵਾਨ ਦਾ ਸਬਕ ਰੁੱਖਾਂ ਤੋਂ ਸਿੱਖਣ ਦੀ ਲੋੜ ਹੈ। ਵਿਸ਼ੇ ਪੱਖੋਂ ਜਿੱਥੇ ਕਵਿਤਾ ਅਮੀਰ ਹੈ ਉੱਥੇ ਰੂਪ ਪੱਖੋਂ ਵੀ ਸਾਡੇ ਅਤੀਤ ਦੇ ਸਮੇਂ ਦੇ ਬਿੰਬ, ਰੂਪਕ, ਪੁਰਾਣੇ ਪੰਜਾਬੀ ਭਾਈਚਾਰੇ ਤੇ ਸਮਾਜ ਨੂੰ ਚਿਤਰਿਤ ਕਰਦੇ ਹਨ। ਪੇਂਡੂ ਸੁਆਣੀਆਂ ਦਾ ਸੁਹਜ, ਹਰਫ਼ਾਂ ਦੀਆਂ ਲਾਲਟੈਣਾਂ ਦੀ ਲੋਅ , ਚਰਖਿਆਂ ਦੀ ਘੂਕਰ, ਅੱਡੇ, ਪਨਖਾ, ਪੰਜੇ, ਗਜ਼, ਆਦਿ ਨੇ ਨਾਲ ਨਾਲ ਅਲੋਪ ਹੋ ਰਹੀ ਪੰਜਾਬੀ ਸ਼ਬਦਾਵਲੀ ਨੂੰ ਵੀ ਚਿਤਰਿਤ ਕੀਤਾ ਹੈ। ਅੱਗ ਚਾਹੇ ਚਿੱਲੇ ਦੀ ਹੋਵੇ ਜਾ ਕ੍ਰਾਂਤੀ ਦੀ ਸਾਡੀਆਂ ਸੁਆਣੀਆਂ ਨੇ ਹੀ ਸਾਂਭਣੀ ਤੇ ਸੀਨਿਆਂ ਵਿੱਚ ਮਘਾਉਣੀ ਹੁੰਦੀ ਹੈ।

ਸਮੁੱਚੇ ਕਾਵਿ ਸੰਗ੍ਰਹਿ ਦਾ ਪਾਠ ਕਰਦਿਆਂ ਇਹ ਗੱਲ ਸਪਸ਼ਟ ਹੈ ਕਿ ਇਹ ਕਾਵਿ ਸੰਗ੍ਰਹਿ ਕਲਾ ਕਲਾ ਲਈ ਨਹੀਂ ਸਗੋਂ ਕਲਾ ਸਮਾਜ ਲਈ ਦੇ ਆਸ਼ੇ ਨੂੰ ਲੈ ਕੇ ਲਿਖਿਆ ਗਿਆ ਹੈ। ਨਿੱਜ ਨਾਲੋਂ ਪਰ ਤੇ ਕੇਂਦਰਿਤ ਹੈ। ਹਰ ਸਮਾਜਿਕ ਵਰਤਾਰੇ ਤੇ ਘੋਖਦੀ ਨਜ਼ਰ ਪਾਉਂਦਾ, ਸਮਾਜਿਕ ਵਿਵਸਥਾ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਆਸ਼ਾਵਾਦੀ ਸੁਨੇਹਾ ਦਿੰਦਾ ਹੈ ਜੋ ਕਿ ਪ੍ਰਚਾਰਿਆ ਜਾਣਾ ਬਣਦਾ ਹੈ। ਸੋਚ ਨੂੰ ਸਲਾਮ ਤੇ ਨਤਮਸਤਕ ਹੁੰਦੀ ਮੈਂ ਇਸ ਦਾ ਸੁਆਗਤ ਕਰਦੀ ਹਾਂ ਤੇ ਆਸ ਕਰਦੀ ਹਾਂ ਕਿ ਹਰ ਸੰਵੇਦਨਸੀਲ ਲੇਖਕ ਤੇ ਪਾਠਕ ਇਸ ਨਾਲ ਸੰਵਾਦ ਜ਼ਰੂਰ ਰਚਾਵੇਗਾ।



## ਨਵਾਂ ਇਤਿਹਾਸ

ਭਾਰਤ ਦੇ
ਪਿੰਡਾਂ ਸ਼ਹਿਰਾਂ ਚੋਂ ਉੱਠ
ਟਰੈਕਟਰ ਟਰਾਲੀਆਂ ਸਜਾ
ਕਾਫ਼ਲੇ ਬਣਾ
ਆਪਣੇ ਪਿੰਡਿਆਂ ਤੇ
ਪੁਲੀਸ ਦੀਆਂ
ਡਾਂਗਾ ਖਾਂਦੇ
ਗੰਦੇ ਪਾਣੀ ਦੀਆਂ
ਬੁਛਾੜਾਂ ਝੱਲਦੇ
ਸਰਕਾਰੀ ਮਸ਼ੀਨਾਂ
ਨਾਲ ਢੋਏ
ਤੇ ਰਾਹਾਂ'ਚ ਟਿਕਾਏ
ਕਈ ਕਈ
ਟਨ ਭਾਰੇ ਪੱਥਰ
ਹੱਥਾਂ ਨਾਲ ਹਟਾਉਂਦੇ

ਹਕੂਮਤਾਂ ਦੇ
ਪੰਦਰ੍ਹਾਂ ਪੰਦਰ੍ਹਾਂ ਫੁੱਟ
ਡੂੰਘੇ ਪੁੱਟੇ ਟੋਏ
ਮਿੰਟਾਂ ਸਕਿੰਟਾਂ
ਵਿੱਚ ਪੂਰਦੇ
ਅੱਥਰੂ ਗੈਸ ਦੇ
ਗੋਲਿਆਂ ਦਾ
ਧੂੰਆਂ ਚੀਰਦੇ
ਸਹਿਣਸ਼ੀਲਤਾ ਤੇ
ਮੁਸਕਰਾਹਟ ਵੰਡਦੇ
ਦਿੱਲੀ ਵੱਲ ਵੱਧਦੇ ਜਾਂਦੇ
ਦਿੱਲੀ ਘੇਰ
ਹੱਕ ਤੇ ਸੱਚ ਦੇ ਨਾਹਰੇ ਲਗਾ
ਸਮੇਂ ਦੀ ਹਕੂਮਤ ਦਾ ਤਖਤ
ਕੰਬਾ ਰਹੇ ਲੋਕਾਂ ਦਾ ਹਜੂਮ
ਕੀ ਹੈ ?

ਇਹ ਕੇਵਲ
ਹੱਡ, ਲਹੂ ਮਾਸ ਦੇ
ਪੁੱਤਲੇ ਹੀ ਨਹੀਂ
ਸਗੋਂ
ਕਿਸਾਨ, ਕਿਰਤੀ ਕਾਮਿਆਂ ਦੇ
ਹੱਕਾਂ ਦੀ ਲੁੱਟ ਵਿਰੁਧ
ਭਾਰਤ ਦੀ ਮਿੱਟੀ
ਚੋਂ ਉੱਗਿਆ ਰੋਹ
ਭਾਰਤ ਦੀ ਧਰਮੀ ਧਰਤੀ ਦੇ
ਦਿਲ ਵਿੱਚ ਪਲਦਾ
ਮਨੁੱਖਤਾ ਲਈ ਮੋਹ
ਗੁਰੂਆਂ ਪੀਰਾਂ ਫ਼ਕੀਰਾਂ ਦੇ
ਥਾਪੜੇ ਦੀ ਛੋਹ
ਤੇ ਜੁਝਾਰੂ ਵਿਰਸੇ ਦੀ
ਲਟ ਲਟ ਬਲਦੀ
ਲੋਅ ਹੈ

ਇਹ ਜੋਸ਼ ਤੇ ਹੋਸ਼ ਦਾ
ਸੁਮੇਲ
ਸੀਸ ਤਲੀ ਤੇ ਧਰ
ਖੇਡਣ ਵਾਲਾ ਖੇਲ
ਤੇ
ਹਿੰਦੂ ਸਿੱਖ
ਮੁਸਲਮਾਨਾਂ ਵਿਚਲਾ ਪਿਆਰ
ਵੱਡੇ ਛੋਟੇ ਵੀਰ ਵਾਲਾ ਸਤਿਕਾਰ
ਇਕ ਦੂਸਰੇ ਦੀਆਂ ਬਾਹਾਂ ਬਣ
ਸਿਰਜਿਆ ਨਵਾਂ ਇਤਿਹਾਸ ਵੀ ਹੈ ।

### ਸੁਰਿੰਦਰ ਗੀਤ ਦੀਆਂ ਨਵੀਆਂ ਪੁਸਤਕਾਂ

